# ਵਿਗਿਆਨ ਜੋਤ

**ਸਾਲ 12, ਅੰਕ 1**

ਜਨਵਰੀ-ਫਰਵਰੀ, 2017

**PUNPUN/2006/17457**



ਮੁੱਖ ਸੰਪਾਦਕ:
ਮੇਘ ਰਾਜ ਮਿੱਤਰ

ਸੰਪਾਦਕ:
ਅਜਮੇਰ ਸਿੱਧੂ
ਸੁਰਜੀਤ ਗੱਗ

ਮੁੱਖ ਪ੍ਰਬੰਧਕ:
ਅਮਿੱਤ ਮਿੱਤਰ

**ਸੰਪਾਦਕੀ ਬੋਰਡ**
* ਰਾਜਾ ਰਾਮ ਹੰਢਿਆਇਆ
* ਮੇਘ ਰਾਜ ਰੱਲਾ
* ਸਰਜੀਤ ਤਲਵਾਰ
* ਗੁਰਪ੍ਰੀਤ ਮੱਲੋਕੇ
* ਮਨਜਿੰਦਰ ਰੰਧਾਵਾ
* ਨਗਿੰਦਰ ਮਾਨਾਂ

**ਸਲਾਹਕਾਰੀ ਬੋਰਡ**
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਅਵਤਾਰ ਨਿਊਜ਼ੀਲੈਂਡ
* ਡਾ. ਵਿਸ਼ਾਲ ਭਾਰਤੀ (ਐਮ.ਡੀ.)



**ਦਰ ਚੰਦਾ**

| | |
|---|---|
| ਸਲਾਨਾ ਚੰਦਾ | 100/- |
| ਦੋ ਸਾਲਾਂ ਦਾ ਚੰਦਾ | 150/- |
| ਪੰਜ ਸਾਲ ਲਈ | 350/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਵਿਦੇਸ਼ਾਂ 'ਚ ਪੰਜ ਸਾਲ ਲਈ | 2000/- |



ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ:
ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਗਲੀ ਨੰਬਰ 8, ਬਰਨਾਲਾ-148101
ਫ਼ੋਨ 01679-241744
Email : tarksheel@gmail.com



**ਨੋਟ ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ**
ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰਬਰ 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।



ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਵੇਗਾ।


ਸੰਪਾਦਕੀ

# ਨੋਟਬੰਦੀ ਦਾ ਫ਼ਰਮਾਨ



ਮੈਗਜ਼ੀਨ 'ਵਿਗਿਆਨ ਜੋਤ' ਦੀ ਤਿਆਰੀ ਲਈ ਮੈਂ ਬਰਨਾਲੇ ਆਇਆ ਸੀ। ਕੁਝ ਫੁਰਸ਼ਤ ਮਿਲੀ ਤਾਂ ਦਰਜ਼ੀ ਤੋਂ ਸਿਲਾਏ ਆਪਣੇ ਕੱਪੜੇ ਲਿਆਉਣ ਲਈ ਚੱਲ ਪਿਆ, ਰਸਤੇ ਵਿੱਚ ਸੜਕ ਜਾਮ ਸੀ। ਸੜਕ ਦੇ ਦੋਹੇ ਪਾਸੀਂ ਬੈਂਕਾਂ ਦੇ ਏ. ਟੀ. ਐਮ. ਦੀਆਂ ਕਤਾਰਾਂ ਵਿੱਚ ਖੜ੍ਹੇ ਵਿਅਕਤੀਆਂ ਕਾਰਨ ਰਸਤੇ ਲਗਭੱਗ ਬੰਦ ਸਨ। ਆਸੇ ਪਾਸੇ ਖੜ੍ਹੇ ਵਿਅਕਤੀਆਂ ਨੂੰ ਮਿੰਨਤ ਤਰਲੇ ਕਰਦੇ ਹੋਏ ਮੈਂ ਦਰਜੀ ਦੀ ਦੁਕਾਨ ਤੇ ਪੁੱਜ ਗਿਆ। ਕੱਪੜੇ ਫੜੇ ਤੇ ਸੋਚਿਆ ਹੁਣ ਘਰ ਮੁੜਨ ਲਈ ਕੋਈ ਦੂਸਰਾ ਰਸਤਾ ਚੁਣਦੇ ਹਾਂ। ਉਸ ਰਸਤੇ ਤੇ ਵੀ ਅਜਿਹਾ ਹੀ ਹਾਲ ਸੀ। ਭੀੜ ਵਿੱਚ ਖੜ੍ਹੇ ਨੂੰ ਮੈਨੂੰ ਮਹੁੰਮਦ ਤੁਗਲਕ ਦੀ ਯਾਦ ਆ ਗਈ। ਇਤਿਹਾਸ ਦੀਆਂ ਪੁਸਤਕਾਂ ਵਿੱਚ ਉਸਨੂੰ "ਮੂਰਖ ਰਾਜੇ" ਦੇ ਤੌਰ ਤੇ ਯਾਦ ਕੀਤਾ ਜਾਂਦਾ ਹੈ। ਚਮੜੇ ਦੇ ਸਿੱਕੇ ਚਲਾਉਣ ਦੇ ਨਾਲ-ਨਾਲ ਉਸਨੇ ਭਾਰਤ ਦੀ ਰਾਜਧਾਨੀ ਦਿੱਲੀ ਨੂੰ ਬਦਲ ਕੇ ਤੁਗਲਕਾਵਾਦ ਲੈ ਜਾਣ ਦਾ ਫੈਸਲਾ ਕਰ ਲਿਆ। ਕੁਝ ਲੋਕਾਂ ਨੂੰ ਉਸਦਾ ਫੈਸਲਾ ਸਹੀ ਵੀ ਲੱਗਿਆ ਕਿਉਂਕਿ ਦਿੱਲੀ ਭਾਰਤ ਦੇ ਉੱਤਰ ਵਿੱਚ ਹੈ ਤੇ ਤੁਗਲਕਾਵਾਦ ਭਾਰਤ ਦੇ ਕੇਂਦਰ ਵਿੱਚ ਸੀ। ਪਰ ਉਸਨੇ ਦਿੱਲੀ ਦੀ ਸਾਰੀ ਜਨਤਾ ਨੂੰ ਵੀ ਹੁਕਮ ਦੇ ਦਿੱਤਾ ਕਿ "ਸਾਰੀ ਜਨਤਾ ਤੁਗਲਕਾਬਾਦ ਪੁੱਜ ਜਾਵੇ।" ਜਨਤਾ ਤੁਰ ਪਈ। ਉਹਨਾਂ ਸਮਿਆਂ ਵਿੱਚ ਸੈਂਕੜੇ ਮੀਲਾਂ ਦੀ ਯਾਤਰਾ ਪੈਦਲ ਹੀ ਕਰਨੀ ਕਿਹੜਾ ਸੁਖਾਲੀ ਗੱਲ ਸੀ। ਕੁਝ ਤਾਂ ਰਸਤੇ ਵਿੱਚ ਹੀ ਦਮ ਤੋੜ ਗਏ ਤੇ ਕੁਝ ਪਾਣੀ ਦੇ ਪ੍ਰਬੰਧ ਤੇ ਰਹਿਣ ਦੀ ਸਮੱਸਿਆ ਕਾਰਨ ਘੋਰ ਬਿਪਤਾ ਵਿੱਚ ਫਸ ਗਏ। ਘੱਟੋ ਘੱਟ ਅੱਧੀ ਆਬਾਦੀ ਇਸ ਤਰ੍ਹਾਂ ਹੀ ਦਮ ਤੋੜ ਗਈ। ਪਰ ਰਾਜੇ ਦਾ ਨਾਂ 'ਮੂਰਖ ਬਾਦਸ਼ਾਹ' ਦੇ ਤੌਰ ਤੇ ਇਤਿਹਾਸ ਦੇ ਸਫ਼ਿਆ ਵਿੱਚ ਦਰਜ਼ ਹੋ ਗਿਆ।

ਮੋਦੀ ਜੀ ਨੇ ਨੋਟਬੰਦੀ ਕੀਤੀ ਬਹੁਤ ਸਾਰੇ ਲੋਕਾਂ ਨੇ ਇਸਨੂੰ ਸਲਾਹਿਆ ਵੀ, ਪਰ ਉਸਨੇ ਇਸਦੇ ਜੋ ਫਾਇਦੇ ਉਸ ਸਮੇਂ ਦਰਸਾਏ ਉਹਨਾਂ ਵਿੱਚ ਇੱਕ ਵੀ ਮੈਨੂੰ ਨੇਪਰੇ ਚੜ੍ਹਦਾ ਨਜ਼ਰ ਨਹੀਂ ਆ ਰਿਹਾ। ਉਹਨਾਂ ਨੇ ਕਿਹਾ ਸੀ ਕਿ ਬਲੈਕ ਮਨੀ ਅਤੇ ਰਿਸਵਤ ਖੋਰੀ ਇਸ ਨਾਲ ਖ਼ਤਮ ਹੋ ਜਾਣਗੇ। ਪਰ ਦੋ ਹਜ਼ਾਰ ਦੇ ਨੋਟ ਜਾਰੀ ਕਰਨ ਨਾਲ ਬਲੈਕ ਮਨੀ ਜਮ੍ਹਾਂ ਕਰਨੀ ਤੇ ਰਿਸਵਤ ਦੇਣੀ ਸੁਖਾਲੀ ਹੋ ਜਾਵੇਗੀ। ਪਰ ਮੋਦੀ ਜੀ ਅਤੇ ਉਸਦੇ ਸਲਾਹਕਾਰਾਂ ਨੇ ਇਹ ਨਾ ਸੋਚਿਆ ਕਿ 1000-1000 ਤੇ 500-500 ਦੇ ਨੋਟ ਖ਼ਤਮ ਕਰਨ ਨਾਲ 86% ਕਰੰਸੀ ਖ਼ਤਮ ਹੋ ਜਾਵੇਗੀ। ਇਸਨੂੰ ਪੂਰਾ ਕਰਨ ਲਈ ਘੱਟੋ ਘੱਟ 7 ਮਹੀਨੇ ਲੱਗ ਜਾਣਗੇ। ਇਸ ਲਈ ਪੈਸੇ ਦੀ ਸਪਲਾਈ ਦੀ ਘਾਟ ਨੇ ਬਹੁਤ ਸਾਰੀਆਂ ਫੈਕਟਰੀਆਂ ਤੇ ਵਪਾਰਕ ਅਦਾਰਿਆਂ ਦਾ ਕੰਮ ਘਟਾ ਦਿੱਤਾ ਹੈ। ਸਿੱਟੇ ਵਜੋਂ-ਬਹੁਤ ਸਾਰੇ ਵਿਅਕਤੀ ਬੇਰੁਜ਼ਗਾਰ ਹੋ ਗਏ ਹਨ।

ਅਸਲ ਵਿੱਚ ਮੋਦੀ ਆਪਣੀ ਸਾਰੀ ਜ਼ਿੰਦਗੀ ਆਰ. ਐਸ. ਐਸ. ਵਿੱਚ ਕੁਲਵਕਤੀ ਦੇ ਤੌਰ ਤੇ ਕੰਮ ਕਰਦਾ ਰਿਹਾ ਹੈ। ਆਰ. ਐਸ. ਐਸ. ਦਾ ਆਪਣਾ ਇਤਿਹਾਸ ਦੂਹਰੇ ਮਿਆਰ ਤੇ ਸਾਜਿਸਾਂ ਨਾਲ ਨੱਕੋ ਨੱਕ ਭਰਿਆ ਹੋਇਆ ਹੈ ਫਿਰ ਮੋਦੀ ਇਸਤੋਂ ਸੱਖਣਾ ਕਿਵੇਂ ਹੋ ਸਕਦਾ ਹੈ। ਦਲਿਤਾਂ, ਮੁਸਲਮਾਨਾਂ, ਈਸਾਈਆਂ ਅਤੇ ਹੋਰ ਘੱਟ ਗਿਣਤੀਆਂ ਨਾਲ ਵਿਤਕਰੇਬਾਜੀ ਆਮ ਵਰਤਾਰਾ ਬਣ ਗਈ। ਪਿਛਲੀਆਂ ਰੰਜਿਸਾਂ ਕੱਢਣ ਲਈ ਅਤੇ ਆਪਣੇ ਰਿਸਵਤਖੋਰ ਮੈਂਬਰਾਂ ਨੂੰ ਚੰਗੇ ਆਹੁਦਿਆਂ ਤੇ ਸੈੱਟ ਕਰਨ ਲਈ ਲੱਖਾਂ ਵਿਅਕਤੀਆਂ ਨਾਲ ਬੇਇਨਸਾਫੀ ਕਰਨਾ ਆਮ ਵਰਤਾਰਾ ਬਣ ਚੁੱਕਿਆ ਹੈ। 13860 ਕਰੋੜ ਦੇ ਬਲੈਕ ਮਨੀ ਦੇ ਦਾਅਵੇਦਾਰ ਮਹੇਸ਼ਸਾਹ ਨੂੰ ਟੈਲੀਵੀਜਨ ਚੈਨਲ ਤੋਂ ਚੁਕਵਾ ਕੇ ਇਨਕਮ ਟੈਕਸ ਅਧਿਕਾਰੀਆਂ ਰਾਹੀਂ ਆਪਣੇ ਖਾਸਮ ਖਾਸਾਂ ਨੂੰ ਬਚਾਇਆ ਜਾ ਰਿਹਾ ਹੈ। ਆਮ ਜਨਤਾ ਨੂੰ ਭੁੱਖੇ ਮਾਰਨ ਦੀ ਇਸ ਸਾਜ਼ਸ ਦਾ ਜ਼ਰੂਰ ਬਰ ਜ਼ਰੂਰ ਵਿਰੋਧ ਹੋਣਾ ਹੀ ਚਾਹੀਦਾ ਹੈ।

– ਮੇਘ ਰਾਜ ਮਿੱਤਰ



# ਯਾਦਾਂ ਦੇ ਝਰੋਖੇ 'ਚੋਂ...

## ✪ ਦੀਵਾਲੀ

ਸਾਡੇ ਘਰ ਵਿੱਚ ਦੀਵਾਲੀ ਮੇਰੇ ਬਚਪਨ ਸਮੇਂ ਤੋਂ ਮਨਾਈ ਜਾ ਰਹੀ ਹੈ। ਨਿੱਕੇ ਹੁੰਦਿਆਂ ਮੇਰੀ ਮਾਂ ਹੱਟੜੀ ਪੂਜਾ ਕਰਿਆ ਕਰਦੀ ਸੀ। ਉਸ ਵਿੱਚ ਖਿਲਾਂ, ਮਿੱਠੇ ਖਲੋਣੇ ਪੂਜਾ ਲਈ ਰੱਖੇ ਜਾਂਦੇ ਸਨ। ਹੱਟੜੀ ਦੇ ਚਾਰੇ ਖੂੰਜਿਆਂ ਤੇ ਮੋਮਬੱਤੀਆਂ ਜਗਾਈਆਂ ਜਾਂਦੀਆਂ ਤੇ ਸਾਨੂੰ ਸਾਰੇ ਭੈਣਾਂ ਭਰਾਵਾਂ ਨੂੰ ਇਸਦੇ ਆਲੇ ਦੁਆਲੇ ਬਿਠਾਇਆ ਜਾਂਦਾ। ਜਦੋਂ ਅਸੀਂ ਤਰਕਸ਼ੀਲ ਸੁਸਾਇਟੀ ਬਣਾਈ ਤਾਂ ਅਸੀਂ ਇਹ ਸਮਝ ਲਿਆ ਕਿ ਇਹ ਤਿਉਹਾਰ ਹਿੰਦੂਆਂ ਦੇ ਕੁਝ ਮਿਥਿਹਾਸਕ ਪਾਤਰਾਂ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਹਰੇਕ ਘਰ ਵਿੱਚ ਬੱਚੇ ਇਸ ਤਿਉਹਾਰ ਨੂੰ ਬੜੀ ਧੂਮ ਧਾਮ ਨਾਲ ਮਨਾਉਂਦੇ ਹਨ। ਉਹਨਾਂ ਨੂੰ ਇਸ ਤਿਉਹਾਰ ਵਾਲੇ ਦਿਨ ਖਾਣ ਲਈ ਕਾਫੀ ਮਿਠਿਆਈ ਮਿਲਦੀ ਸੀ ਅਤੇ ਚਲਾਉਣ ਲਈ ਪਟਾਕੇ ਵੀ ਉਹਨਾਂ ਨੂੰ ਖੁਸ਼ੀ ਪ੍ਰਦਾਨ ਕਰਦੇ ਸਨ। ਮੇਰੇ ਪ੍ਰੀਵਾਰ ਵੱਲੋਂ ਪੂਜਾ ਤਾਂ ਬੰਦ ਕਰ ਦਿੱਤੀ ਗਈ ਪਰ ਪਟਾਕੇ ਚਲਾਉਣਾ ਤੇ ਮਿਠਿਆਈ ਦੀ ਵਰਤੋਂ ਮੈਂ ਬੰਦ ਨਹੀਂ ਕਰ ਸਕਿਆ। ਭਾਵੇਂ ਮੈਂ ਆਪਣੇ ਬੱਚਿਆਂ ਨੂੰ ਇਹ ਤਾਂ ਦੱਸਦਾ ਰਿਹਾ ਹਾਂ ਕਿ ਪਟਾਕੇ ਚਲਾਉਣ ਨਾਲ ਧੂੰਆਂ ਪੈਦਾ ਹੁੰਦਾ ਹੈ ਜੋ ਅੱਖਾਂ ਤੇ ਫੇਫੜਿਆਂ ਨੂੰ ਖਰਾਬ ਕਰਦਾ ਹੈ। ਪਰ ਜਦੋਂ ਤੁਹਾਡੇ ਆਲੇ ਦੁਆਲੇ ਦੇ ਬੱਚੇ ਪਟਾਕੇ ਚਲਾ ਰਹੇ ਹੋਣ ਤਾਂ ਤੁਸੀਂ ਆਪਣੇ ਬੱਚਿਆਂ ਨੂੰ ਇਸਤਰ੍ਹਾਂ ਕਰਨੋਂ ਨਹੀਂ ਰੋਕ ਸਕਦੇ। ਭਾਵੇਂ ਮੈਂ ਉਹਨਾਂ ਨੂੰ ਦੱਸਦਾ ਰਿਹਾ ਹਾਂ ਕਿ ਇੱਕ ਗੋਲੀ ਜਿਸਨੂੰ ਅੱਗ ਲਾਉਣ ਨਾਲ ਨਿਕਲਣ ਵਾਲੇ ਧੂੰਏ ਦਾ ਸੱਪ ਬਣਦਾ ਹੈ। ਐਨੀ ਜ਼ਹਿਰੀਲੀ ਹੈ ਕਿ ਇਸ ਇੱਕ ਗੋਲੀ ਦਾ ਧੂੰਆਂ 464 ਸਿਗਰਟਾਂ ਦੇ ਧੂੰਏ ਦੇ ਬਰਾਬਰ ਹੁੰਦਾ ਹੈ। ਇਸ ਤਰ੍ਹਾਂ ਫੁੱਲਝੜੀ, ਅਨਾਰ ਬਹੁਤ ਜ਼ਿਆਦਾ ਧੂੰਆ ਫੈਲਾਉਂਦੇ ਹਨ। ਇਸੇ ਤਰ੍ਹਾਂ ਦੀਵਾਲੀ ਦੇ ਆਵਾਜ਼ ਪ੍ਰਦੂਸ਼ਣ ਨਾਲ ਸੈਂਕੜੇ ਜਾਨਵਰ ਮਰ ਜਾਂਦੇ ਹਨ। ਬਹੁਤ ਸਾਰੇ ਛੋਟੇ ਬੱਚਿਆਂ ਨੂੰ ਦੀਵਾਲੀ ਵਾਲੇ ਦਿਨ ਦਮੇ ਦੇ ਅਟੈਕ ਵੀ ਹੋ ਜਾਂਦੇ ਹਨ।




**ਮੇਘ ਰਾਜ ਮਿੱਤਰ**

ਫੋਨ ਨੰ: 98887-87440


## ✪ ਬਰਮੂਦਾ ਟ੍ਰਾਂਇੰਗਲ ਦਾ ਰਹੱਸ

ਸੁਸਾਇਟੀ ਦੀ ਸ਼ੁਰੂਆਤ ਦੇ ਸਮੇਂ ਤੋਂ ਹੀ ਬਰਮੂਦਾ ਟ੍ਰਾਇਗਲ ਦੇ ਬਾਰੇ ਬਹੁਤ ਸਾਰੇ ਲੋਕ ਜਾਨਣ ਦੇ ਇਛੁੱਕ ਰਹੇ ਹਨ। ਅਸੀਂ ਆਪਣੀ ਸਮਝ ਅਨੁਸਾਰ ਉਪਲੱਬਧ ਜਾਣਕਾਰੀ ਨੂੰ ਕਿਤਾਬਾਂ ਮੈਗਜ਼ੀਨਾਂ ਰਾਹੀਂ ਲੋਕਾਂ ਨਾਲ ਸਮੇਂ ਸਮੇਂ ਸਾਂਝੀ ਕਰਦੇ ਰਹੇ ਹਾਂ। ਸੰਸਥਾ ਵਿਚ ਆਉਣ ਵਾਲਾ ਹਰੇਕ ਵਿਅਕਤੀ ਇਹਨਾਂ ਰਹੱਸਾਂ ਬਾਰੇ ਸਾਥੋਂ ਜਾਣਕਾਰੀ ਮੰਗਦਾ ਹੈ। ਅਮਰੀਕਾ ਦੇ ਨਾਲ ਲੱਗਦੇ ਅੰਧ ਮਹਾਸਾਗਰ ਵਿੱਚ ਅਜਿਹਾ ਇਲਾਕਾ ਹੈ ਜਿਹੜਾ ਫਲੋਰਿਡਾ, ਪਾਰਟੋਰਿਕਾ ਅਤੇ ਬਰਮੂਦਾ ਦੇ ਤਿੰਨੇ ਇਲਾਕਿਆਂ ਦੇ ਵਿਚਕਾਰ ਪੈਂਦਾ ਹੈ। ਇਸਦੀ ਲੰਬਾਈ 240 ਕਿਲੋਮੀਟਰ ਤੱਕ ਹੈ। ਹੁਣ ਵਿਗਿਆਨਕਾਂ ਨੇ ਉਪਗ੍ਰਹਿਾਂ ਦੀ ਸਹਾਇਤਾ ਨਾਲ ਇਸਦਾ ਕਾਰਨ ਲੱਭਣ ਦਾ ਯਤਨ ਕੀਤਾ ਹੈ। ਉਹਨਾਂ ਅਨੁਸਾਰ ਇਸ ਇਲਾਕੇ ਵਿੱਚ ਬਦੱਲਾਂ ਦਾ ਹੈਕਸਾਗੋਨਲ ਯਾਨੀ ਕੇ ਛੇ ਭੁਜੀ ਆਕਾਰ ਹੁੰਦਾ ਹੈ। ਇਹ ਬਦੱਲਾਂ ਦੀ ਇੱਕ ਵਿਸੇਸ਼ ਕਿਸਮ ਹੈ ਜਿਸ ਕਰਕੇ ਇਸ ਇਲਾਕੇ ਵਿੱਚ ਚੱਲਣ ਵਾਲੀਆਂ ਹਵਾਵਾਂ ਦੀ ਰਫ਼ਤਾਰ 106 ਕਿਲੋਮੀਟਰ ਪ੍ਰਤੀ ਘੰਟਾ ਹੁੰਦੀ ਹੈ। ਇਹ ਤੇਜ਼ ਸਪੀਡ ਸਮੁੰਦਰ ਵਿੱਚ 45 ਫੁੱਟ ਉੱਚੀਆਂ ਲਹਿਰਾਂ ਪੈਦਾ ਕਰਦੀ ਹੈ। ਇਹਨਾਂ ਲਹਿਰਾਂ ਦੀ ਸਪੀਡ ਕਰਕੇ ਕੁਝ ਸਮੁੰਦਰੀ ਜਹਾਜ ਤੇ ਹਵਾਵਾਂ ਦੀ ਤੇਜ਼ ਸਪੀਡ ਕਰਕੇ ਕੁਝ ਹਵਾਈ ਜਹਾਜ਼ ਆਮ ਇਲਾਕਿਆਂ ਨਾਲੋਂ ਜ਼ਿਆਦਾ ਦੁਰਘਟਨਾਵਾਂ ਦਾ ਸ਼ਿਕਾਰ ਹੋਏ ਹਨ ਪਰ ਇੱਕ ਪੱਤਰਕਾਰ ਜਿਸਦਾ ਨਾਂ 'ਐਡਵਰਟ ਵਾਨ ਵਿੰਕਲ ਜਾਨ' ਸੀ ਨੇ ਇਸ ਸਬੰਧੀ ਇਕ ਰਿਪੋਰਟ ਅਖ਼ਬਾਰ ਵਿੱਚ ਪ੍ਰਕਾਸ਼ਤ ਕਰ ਦਿੱਤੀ ਅਤੇ ਇਸਨੂੰ ਅਧਾਰ ਬਣਾ ਕੇ 1970 ਵਿੱਚ 'ਚਾਰਲਸ ਬਲਿਟਜ' ਨੇ ਇੱਕ ਕਿਤਾਬ 'ਬਰਮੂਦਾ ਟ੍ਰਾਇਗਲ' ਲਿਖ ਦਿੱਤੀ ਜੋ ਦੁਨੀਆਂ ਭਰ ਵਿੱਚ ਧੜਾ ਧੜ ਵਿਕਣ ਲੱਗ ਪਈ। ਇਸ ਕਿਤਾਬ ਨੇ ਇਸ ਘਟਨਾ ਬਾਰੇ ਵੱਡੇ ਭਰਮ ਫੈਲਾ ਦਿੱਤੇ।






## ਸ਼ਹਿਰਾਂ ਦਾ ਵਿਕਾਸ ਤੇ ਵਿਨਾਸ਼:

ਮੇਰੇ ਹੱਥ ਇੱਕ ਪੁਰਾਣੀ ਕਿਤਾਬ ਲੱਗੀ ਹੈ ਜੋ ਮੇਰੇ ਬੇਟੇ ਨੇ ਲਾਹੌਰ ਤੋਂ ਖਰੀਦੀ ਸੀ। ਇਹ ਕਿਤਾਬ ਭਾਰਤ ਦੀ ਮਰਦਮ ਸੁਮਾਰੀ ਬਾਰੇ ਹੈ। ਇਹ ਮਰਦਮ ਸੁਮਾਰੀ 1901 ਵਿੱਚ ਦਿੱਤੀ ਗਈ ਇਸ ਕਿਤਾਬ ਵਿੱਚ ਮੇਰੇ ਆਪਣੇ ਸ਼ਹਿਰ ਬਰਨਾਲੇ ਅਤੇ ਕਸਬੇ ਹੰਡਿਆਏ ਅਤੇ ਭਦੌੜ ਦਾ ਜ਼ਿਕਰ ਹੈ। ਬਰਨਾਲੇ 1901 ਵਿੱਚ ਵਸਨੀਕਾਂ ਦੀ ਗਿਣਤੀ 6905 ਸੀ। ਅਤੇ ਇਸਦੇ ਨਜ਼ਦੀਕੀ ਕਸਬੇ ਭਦੌੜ ਦੀ ਆਬਾਦੀ 7710 ਸੀ, ਹੰਡਿਆਏ ਦੀ ਆਬਾਦੀ 5414 ਸੀ। ਦਿਲਚਸਪ ਗੱਲ ਇਹ ਸੀ ਹੰਡਿਆਏ 1881 ਵਿੱਚ 6834 ਲੋਕ ਰਹਿੰਦੇ ਹਨ। ਇਸਤਰ੍ਹਾਂ ਅੱਜ ਬਰਨਾਲੇ ਦੀ ਆਬਾਦੀ ਡੇਢ ਲੱਖ ਦੇ ਕਰੀਬ ਤੇ ਹੰਡਿਆਏ ਦੀ ਆਬਾਦੀ ਵੀਹ ਹਜ਼ਾਰ ਦੇ ਕਰੀਬ ਹੈ ਜੋ ਇਹ ਸਿੱਧ ਕਰਦਾ ਹੈ ਕਿ ਕਿਵੇਂ ਕੁਝ ਸ਼ਹਿਰ ਜ਼ਿਆਦਾ ਵਿਕਾਸ ਕਰ ਜਾਂਦੇ ਹਨ ਤੇ ਕੁਝ ਦੀ ਤਰੱਕੀ ਰੁਕ ਜਾਂਦੀ ਹੈ। ਸ਼ਹਿਰਾਂ ਦੇ ਵਿਕਾਸ ਤੇ ਵਿਨਾਸ ਨਾਲ ਵਸਨੀਕਾਂ ਦਾ ਵਿਕਾਸ ਤੇ ਵਿਨਾਸ਼ ਹੁੰਦਾ ਹੈ।

## ✪ ਵਿਗਿਆਨਕ ਚਮਤਕਾਰ ਨੇ ਜੋਤਸ਼ਿਆਂ ਨੂੰ ਲਾਜੁਆਬ ਕੀਤਾ

ਜਨਮ ਕੁੰਡਲੀਆਂ ਤਿਆਰ ਕਰਨ ਲਈ ਜੋਤਿਸ਼ੀਆਂ ਨੂੰ ਜਨਮ ਸਮੇਂ, ਸਥਾਨ ਅਤੇ ਰਾਸ਼ੀ ਚੱਕਰ ਦੀ ਜ਼ਰੂਰਤ ਹੁੰਦੀ ਹੈ। ਹੁਣ ਵਿਗਿਆਨ ਨੇ ਉਹਨਾਂ ਨੂੰ ਅਜਿਹੀ ਘੁੰਮਣ ਘੇਰੀ ਵਿੱਚ ਫਸਾ ਦਿੱਤਾ ਹੈ

ਕਿ ਉਹਨਾਂ ਕੋਲ ਇਸ ਗੱਲ ਦਾ ਕੋਈ ਜੁਆਬ ਹੀ ਨਹੀਂ ਹੈ। ਅਮਰੀਕਾ ਦੇ ਸ਼ਹਿਰ ਟੈਕਸਾਸ ਦੀ ਘਟਨਾ ਹੈ ਇਕ ਹੋਣ ਵਾਲੀ ਮਾਂ ਮਾਰਗੇਟ ਨੇ ਜਦੋਂ 16ਵੇਂ ਹਫ਼ਤੇ ਆਪਣੇ ਪੇਟ ਦਾ ਅਲਟਰਾਸਾਉਂਡ ਕਰਵਾਇਆ ਤਾਂ ਪਤਾ ਚੱਲਿਆ ਕਿ ਜਨਮ ਲੈਣ ਵਾਲੇ ਬੱਚੇ ਲੀਨਲੀ ਬੂਮਰ ਵਿੱਚ ਇੱਕ ਟਿਊਮਰ ਦਿਖਾਈ ਦਿੱਤਾ। 23ਵੇਂ ਹਫ਼ਤੇ ਜਦੋਂ ਮੁੜ ਅਲਟਰਾਸਾਉਂਡ ਕਰਵਾਇਆ ਤਾਂ ਪਤਾ ਲੱਗਿਆ ਕਿ ਇਹ ਟਿਊਮਰ ਬਹੁਤ ਤੇਜ਼ੀ ਨਾਲ ਵੱਡਾ ਹੋ ਰਿਹਾ ਹੈ। ਡਾਕਟਰਾਂ ਦਾ ਖਿਆਲ ਸੀ ਕਿ ਜੇ ਬੱਚੇ ਦੇ ਟਿਊਮਰ ਨੂੰ ਨਾ ਹਟਾਇਆ ਗਿਆ ਤਾਂ ਇਹ ਬੱਚੇ ਦੇ ਦਿਲ ਨੂੰ ਵਿਕਾਸ ਨਹੀਂ ਕਰਨ ਦੇਵੇਗਾ ਜਿਸ ਨਾਲ ਛੇਤੀ ਹੀ ਬੱਚੇ ਦੀ ਮੌਤ ਹੋ ਸਕਦੀ ਹੈ। ਸੋ 24ਵੇਂ ਹਫਤੇ ਮਾਂ ਦੇ ਪੇਟ ਦਾ ਉਪਰੇਸ਼ਨ ਕੀਤਾ ਗਿਆ। ਡਾਕਟਰਾਂ ਨੇ ਪੇਟ ਨੂੰ ਖੋਲ ਕੇ ਵੇਖਿਆ ਕਿ ਬੱਚੇ ਦੇ ਉਪਰੇਸ਼ਨ ਲਈ ਬੱਚੇ ਨੂੰ ਪੇਟ ਵਿੱਚੋਂ ਬਾਹਰ ਕੱਢਣ ਦੀ ਜ਼ਰੂਰਤ ਹੈ। ਇਸ ਲਈ ਉਹਨਾਂ ਨੇ ਬੱਚੇ ਨੂੰ ਚੁੱਕਿਆ। 24 ਮਿੰਟ ਵਿਚ ਉਪਰੇਸ਼ਨ ਰਾਹੀਂ ਟਿਊਮਰ ਕੱਢ ਕੇ ਮਾਂ ਦੇ ਪੇਟ ਵਿੱਚ ਮੁੜ ਰੱਖ ਦਿੱਤਾ ਅਤੇ ਖੂਨ ਤੇ ਖੁਰਾਕ ਦੀ ਸਪਲਾਈ ਬਹਾਲ ਕਰ ਦਿੱਤੀ ਗਈ। ਇਸ ਤਰ੍ਹਾਂ 36ਵੇਂ ਹਫਤੇ ਬੱਚੇ ਦਾ ਮੁੜ ਜਨਮ ਹੋ ਗਿਆ। ਇਸ ਤਰ੍ਹਾਂ ਬੱਚੇ ਦੇ ਇਸ ਮੁੜ ਜਨਮ ਨੇ ਜੋਤਿਸ਼ ਦੇ ਧੰਦੇ ਦਾ ਬੇੜਾ ਗਰਕ ਕਰ ਦਿੱਤਾ ਹੈ।

## ✪ ਉਲੂਆਂ ਦੀ ਬਲੀ

ਮੋਗੇ ਤੋਂ ਇੱਕ ਲੜਕੀ ਦਾ ਫੋਨ ਆਇਆ। ਕਹਿਣ ਲੱਗੀ "ਮੈਂ ਐਮ. ਏ. ਪਾਸ ਹਾਂ ਅਤੇ ਕਹਿੰਦੇ ਕਹਾਉਂਦੇ ਜਿੰਮੀਦਾਰਾਂ ਦੀ ਧੀ



ਹਾਂ। ਮੈਂ ਇੱਕ ਲੜਕੇ ਨੂੰ ਪਿਆਰ ਕਰਦੀ ਹਾਂ ਮੈਨੂੰ ਮੇਰਾ ਪਹਿਲਾ ਪਿਆਰ ਹੱਥੋਂ ਖਿਸਕਦਾ ਨਜ਼ਰ ਆਉਂਦਾ ਸੀ ਇਸ ਲਈ ਮੈਂ ਲੁਧਿਆਣੇ ਦੇ ਇੱਕ ਤਾਂਤਰਿਕ ਦਾ ਸਹਾਰਾ ਲੈਣਾ ਚਾਹਿਆ। ਉਹ ਜਿਵੇਂ ਕਹਿੰਦਾ ਰਿਹਾ ਮੈਂ ਕਰਦੀ ਰਹੀ। ਉਸਨੇ ਮੈਨੂੰ ਹਰਿਦੁਆਰ ਜਾਕੇ ਉਲੂਆਂ ਦੀ ਬਲੀ ਦੇਣ ਲਈ ਨਾਲ ਚੱਲਣ ਲਈ ਕਿਹਾ। ਮੈਨੂੰ ਲੱਗਣ ਲੱਗ ਪਿਆ ਸੀ ਕਿ ਉਹ ਮੇਰਾ ਸਰੀਰਕ ਸੋਸ਼ਣ ਕਰੇਗਾ। ਇਸ ਲਈ ਮੈਂ ਉਸ ਨਾਲ ਜਾਣ ਤੋਂ ਤਾਂ ਇਨਕਾਰ ਕਰ ਦਿੱਤਾ" ਫਿਰ ਉਹ ਕਹਿਣ ਲੱਗਿਆ ਕਿ ਉਲੂਆਂ ਦੀ ਕੀਮਤ ਬਹੁਤ ਜ਼ਿਆਦਾ ਹੈ ਇਸ ਲਈ ਮੈਥੋਂ ਚਾਰ ਤੋਲੇ ਸੋਨਾ ਅਤੇ ਚਾਲੀ ਹਜ਼ਾਰ ਰੁਪਏ ਲੈ ਲਏ, ਪਰ ਮੇਰਾ ਕੰਮ ਬਣਨ ਦੀ ਬਜਾਏ ਵਿਗੜ ਗਿਆ। ਮੇਰੇ ਪੈਸੇ ਤੇ ਟੂੰਮਾਂ ਵਾਪਸ ਦਿਵਾਈਆਂ ਜਾਣ।" ਮੈਂ ਉਸਨੂੰ ਕਿਹਾ ਕਿ ਇਸ ਕੰਮ ਲਈ ਤੈਨੂੰ ਥਾਣੇ ਵਿੱਚ ਲਿਖਤੀ ਸ਼ਕਾਇਤ ਦੇਣੀ ਪੈਣੀ ਹੈ। ਪਰ ਆਪਣੇ ਮਾਪਿਆਂ ਦੀ ਇੱਜ਼ਤ ਮਿੱਟੀ ਵਿੱਚ ਮਿਲਦੀ ਹੋਣ ਦੇ ਡਰੋਂ ਉਹ ਇਹ ਨਹੀਂ ਕਰ ਸਕੀ। ਉੱਲੂਆਂ ਬਾਰੇ ਲੋਕਾਂ ਨੂੰ ਬਹੁਤ ਹੀ ਡਰਾਇਆ ਜਾਂਦਾ ਰਿਹਾ ਹੈ। ਕੋਈ ਕਹਿੰਦਾ ਸੀ ਕਿ ਉੱਲੂਆਂ ਨੂੰ ਜਲਾ ਕੇ ਉਹਨਾਂ ਦੀ ਰਾਖ ਅੱਖਾਂ ਵਿੱਚ ਪਾਈ ਜਾਏ ਤਾਂ ਨਿਗਾਹ ਵੱਧ ਜਾਂਦੀ ਹੈ। ਅਸਲ ਵਿੱਚ ਸਮਸਿਆਵਾਂ ਦੇ ਤੁਰੰਤ ਛੁਟਕਾਰੇ ਦੇ ਦਰਜ਼ਨਾਂ ਇਸਤਿਹਾਰ ਰੋਜ਼ਾਨਾ ਅਖ਼ਬਾਰਾਂ ਵਿੱਚ ਛਾਪੇ ਜਾਂਦੇ ਹਨ ਜਿਹਨਾਂ ਵਿੱਚ ਮਨਚਾਹਿਆਂ ਪ੍ਰੇਮੀ ਪ੍ਰਾਪਤ ਕਰਨ, ਸ਼ੌਂਕਣ ਤੋਂ ਛੁਟਕਾਰਾ ਪਾਉਣ ਲਈ, ਵਿਦੇਸ਼ ਯਾਤਰਾ, ਗ੍ਰਹਿ ਕਲੇਸ਼, ਮੁੱਠੀ ਕਰਣ, ਵਸ਼ੀਕਰਣ ਆਦਿ ਦੀਆਂ ਬਹੁਤ ਸਾਰੀਆਂ ਸੱਮਿਸਿਆਵਾਂ ਦੇ ਹੱਲ ਦੇ ਤੁਰੰਤ ਉਪਾਅ ਦੱਸੇ ਜਾਂਦੇ ਹਨ। ਇਹ ਸਭ ਠੱਗੀ ਦੇ ਭਰਮ ਜਾਲ ਹਨ। ਇਹ ਤਾਂਤਰਿਕ ਇਹਨਾਂ ਕੋਲ ਆਉਣ ਵਾਲੇ ਵਿਅੱਕਤੀ ਨੂੰ ਤੌੜੀ ਘੁੰਮਾ ਕੇ ਜਾਂ ਅੱਗ ਵਾਲ ਕੇ ਲੋਕਾਂ ਨੂੰ ਆਪਣੇ ਜਾਲ ਵਿੱਚ ਪੂਰੀ ਤਰ੍ਹਾਂ ਫਸਾ ਲੈਂਦੇ ਹਨ। ਫਿਰ ਉਹ ਉਹਨਾਂ ਨੂੰ ਮੌਤ ਦਾ ਡਰਾਵਾ ਦਿੰਦੇ ਹਨ। ਇਹ ਮੌਤ ਤੁਹਾਡੇ ਕਿਸੇ ਪਿਆਰੇ ਵਿਅੱਕਤੀ ਜਾਂ ਤੁਹਾਡੀ ਖ਼ੁਦ ਦੀ ਦਾ ਹੁੰਦਾ ਹੈ। ਡਰੇ ਹੋਏ ਵਿਅੱਕਤੀ ਨੂੰ ਲੁੱਟਣਾ ਸੁਖਾਲਾ ਹੁੰਦਾ ਹੈ।

## ✪ ਅੰਧਵਿਸ਼ਵਾਸੀ ਸਿਆਸਤਦਾਨਾਂ ਦੇ ਕਿੱਸੇ

ਜਿਸ ਦੇਸ ਦੇ ਹੁਕਮਹਾਨ ਅੰਧਵਿਸ਼ਵਾਸੀ ਹੋਣ ਕੀ ਉਹ ਦੇਸ ਤਰੱਕੀ ਕਰ ਸਕਦਾ ਹੈ? ਜੀ ਇਸਦਾ ਜੁਆਬ ਹੋਵੇਗਾ ਕਿ ਕਦੀ ਵੀ ਨਹੀਂ। ਸਾਡੇ ਦੇਸ ਦੀ ਨੀਂਹ ਹੀ ਅੰਧ ਵਿਸ਼ਵਾਸ ਤੇ ਟਿਕੀ ਹੋਈ ਹੈ। ਗੱਲ 16 ਨਬੰਵਰ 1952 ਦੀ ਹੈ ਸਾਡੇ ਦੇਸ ਦੇ ਪਹਿਲੇ ਰਾਸ਼ਟਰਪਤੀ ਸ੍ਰੀ ਰਾਜੇਂਦਰ ਪ੍ਰਸਾਦ ਨੇ ਕਾਸੀ ਵਿਖੇ 200 ਬ੍ਰਾਹਮਣਾਂ ਦੇ ਪੈਰ ਧੋਏ ਤੇ ਤੌਲੀਏ ਨਾਲ ਸੁਖਾਕੇ ਤੇ ਹਰੇਕ ਨੂੰ 11-11 ਰੁਪਏ ਤੇ ਲੱਡੂ ਦਿੱਤੇ ਗਏ। ਅੱਜ ਵੀ ਬੀ. ਜੇ. ਪੀ. ਅਤੇ ਕਾਂਗਰਸ ਦੇ ਆਗੂ ਅਜਿਹਾ ਕਰਦੇ ਨਜ਼ਰ ਆ ਜਾਣਗੇ। ਅਖਿਲੇਸ ਯਾਦਵ ਉੱਤਰ ਪ੍ਰਦੇਸ ਦੇ ਮੁੱਖ ਮੰਤਰੀ ਹਨ ਤੇ ਉਹਨਾਂ ਨੂੰ ਸ਼ੱਕ ਹੋਇਆ ਕਿ ਉਹਨਾਂ ਦਾ ਚਾਚਾ ਉਸਦੇ ਉਪਰ ਕੋਈ ਟੂਣਾ ਕਰ ਰਿਹਾ ਹੈ। ਇਸ ਲਈ ਉਸਨੇ ਆਪਣੇ ਚਾਚੇ ਨੂੰ ਮੰਤਰੀ ਮੰਡਲ ਵਿੱਚੋਂ ਕੱਢ ਦਿੱਤਾ। ਇਸਦੀ ਅਸਲੀਅਤ ਇਹ ਸੀ ਕਿ ਅਖਿਲੇਸ ਨੇ ਇਸ ਟੂਣੇ ਵਿੱਚ ਸ਼ਾਮਿਲ ਦੋ ਅਜਿਹੇ ਤਾਂਤਰਿਕਾਂ ਨੂੰ ਗ੍ਰਿਫਤਾਰ ਕੀਤਾ ਜਿਹਨਾਂ ਨੇ ਦੱਸਿਆ ਕਿ ਕਿਵੇਂ ਰਾਜਸਥਾਨ ਦੇ ਕਿਸੇ ਮੰਦਰ ਵਿੱਚ ਤਿੰਨ ਟਰਾਲੀਆਂ ਨਾਰੀਅਲ ਮੰਗਵਾ ਕੇ ਅਜਿਹੀ ਕਾਰਵਾਈ ਅਮਰ ਸਿੰਘ ਦੇ ਕਹਿਣ ਤੇ ਕੀਤੀ ਗਈ। ਤਾਮਿਲਨਾਡੂ ਦੀ ਮੁੱਖ ਮੰਤਰੀ ਜੈ ਲਲਿਤਾ ਕਹਿੰਦੇ ਹਰੇ ਰੰਗ ਨੂੰ ਹੀ ਬਹੁਤ ਪਿਆਰ ਕਰਦੀ ਸੀ। ਉਸਦੀ ਮੌਤ ਤੇ 280 ਵਿਅਕਤੀਆਂ ਵੱਲੋਂ ਖੁਦਕਸ਼ੀ ਕਰ ਜਾਣਾ ਉਹਨਾਂ ਲੋਕਾਂ ਦਾ ਜੈ ਲਲਿਤਾ ਲਈ ਪਿਆਰ ਨਹੀਂ ਦਰਸਾਉਂਦਾ ਸਗੋਂ ਇਸ ਦੇਸ ਦੇ ਲੋਕਾਂ ਦੀ ਅਗਿਆਨਤਾ, ਅਨਪੜ੍ਹਤਾ ਅਤੇ ਲਾਈਲੱਗਤਾ ਹੀ ਦਰਸਾਉਂਦਾ ਹੈ ਜਿਸਦੇ ਜਿੰਮੇਵਾਰ ਸਾਡੇ ਰਹਿ ਚੁੱਕੇ ਅਤੇ ਮੌਜੂਦਾ ਹੁਕਮਰਾਨ ਹੀ ਹਨ।

## ✪ ਕਿਸਮਤਾਂ ਦੇ ਰਚਨਹਾਰੇ ਕੌਣ?

ਇਹ ਗੱਲ ਸਾਨੂੰ ਭਲੀ ਭਾਂਤ ਯਾਦ ਰੱਖਣੀ ਚਾਹੀਦੀ ਹੈ ਕਿ ਸਾਡੀ ਕਿਸਮਤ ਦਾ ਰਚਨਹਾਰਾ ਕੌਣ ਹੈ। ਕੀ ਅਸੀਂ ਖ਼ੁਦ ਹਾਂ? ਜਾਂ ਸਾਡੀ ਸਰਕਾਰ ਹੈ? ਜਾ ਸਾਡੀ ਕਿਸਮਤ ਗ੍ਰਹਿਾਂ ਵਿੱਚ ਲਿਖੀ ਹੁੰਦੀ ਹੈ? ਅਸਲ ਵਿੱਚ ਮਨੁੱਖ ਦੀ ਕਿਸਮਤ ਦਾ ਰਚਨਹਾਰਾ ਉਹ ਖ਼ੁਦ ਤੇ ਉਸਦੀ ਸਰਕਾਰ ਹੈ। ਅੱਜ ਅੱਧਾ ਦੇਸ਼ ਬੈਂਕਾਂ ਦੀਆਂ ਲਾਈਨਾਂ ਵਿੱਚ ਕਿਸਨੇ ਖੜ੍ਹਾਇਆ ਹੈ। ਲੋਕਾਂ ਦੀਆਂ ਸੱਮਿਸਿਆਵਾਂ ਦਾ ਰਾਖ ਦੀ ਚੁਟਕੀ ਨਾਲ ਹੱਲ ਕਰਨ ਵਾਲੇ ਬੰਗਾਲੀ ਬਾਬੇ ਆਪਣੇ ਦੋ ਹਜ਼ਾਰ ਰੁਪਏ ਲੈਣ ਵਾਸਤੇ ਚਾਰ ਚਾਰ ਘੰਟੇ ਲਾਈਨਾਂ ਵਿੱਚ ਖੜੇ ਰਹਿੰਦੇ ਹਨ, ਤੇ ਉਹਨਾਂ ਦੇ ਨੇੜੇ ਪੁੱਜਣ ਤੇ ਹੀ ਏ. ਟੀ. ਐਮ. ਵਿੱਚ ਪੈਸੇ ਮੁੱਕ ਜਾਂਦੇ ਹਨ। ਸਰਹੱਦਾਂ ਦੇ ਨੇੜੇ ਵਸੇ ਪਿੰਡਾਂ ਨੂੰ ਹਰ ਵੇਲੇ ਜੰਗ ਦੇ ਆਸਾਰ ਨਜ਼ਰ ਆ ਰਹੇ ਹਨ ਕਿਸੇ ਵੇਲੇ ਵੀ ਉੱਠਣਾ ਪੈ ਸਕਦਾ ਹੈ। ਇਹ ਕਿਸ ਨੇ

ਕੀਤਾ ਹੈ ਤਾਂ ਜੁਆਬ ਹੋਵੇਗਾ, ਨਰਿੰਦਰ ਮੋਦੀ ਨੇ। ਦੇਸ ਦੇ ਹੁਕਮਰਾਨ ਨੇ ਬਗੈਰ ਕਿਸੇ ਯੋਜਨਾ ਬਣਾਉਣ ਤੋਂ ਸਾਰੇ ਦੇਸ਼ ਦੇ ਲੋਕਾਂ ਦਾ ਜਿਉਣਾ ਦੁੱਭਰ ਕਰ ਦਿੱਤਾ ਹੈ। ਅਜਿਹੇ ਦੋ ਚਾਰ ਫੈਸਲੇ ਹੀ ਇਸ ਦੇਸ਼ ਦੀ ਅੱਧੀ ਆਬਾਦੀ ਨੂੰ ਤੁਰੰਤ ਮਰਵਾ ਸਕਦੇ ਹਨ। ਤੁਹਾਡੇ ਖ਼ੁਦ ਦੇ ਰੱਖੇ ਹੋਏ ਪਾਠ, ਪੂਜਾ ਅਤੇ ਵਰਤ ਤੁਹਾਨੂੰ ਇਸਤੋਂ ਬਚਾ ਨਹੀਂ ਸਕਦੇ? ਜਿਸ ਦੇਸ਼ ਦੀਆਂ ਸਰਕਾਰਾਂ ਧਰਮ ਤੇ ਜਾਤਾਂ ਵੇਖ ਕੇ ਵਿਦਿਆਰਥੀਆਂ ਦੇ ਨੰਬਰ ਲਾਉਣ ਵਾਲੇ ਵਿਅਕਤੀਆਂ ਨੂੰ ਉਤਸਾਹਿਤ ਕਰਦੀਆਂ ਹੋਣ ਕੀ ਉਸ ਦੇਸ਼ ਦੇ ਲੋਕਾਂ ਦੀ ਕਿਸਮਤ ਉਹ ਬਣਾ ਸਕਦੇ ਹਨ। ਮੇਰਾ ਜੁਆਬ ਹੈ ਨਹੀਂ। ਦੂਸਰੇ ਪਾਸੇ ਸਾਡੇ ਗੁਆਂਢੀ ਮੁਲਕ ਨਿਪਾਲ ਨੂੰ ਹੀ ਲੈ ਲਈਏ, ਉਸ ਦੇਸ਼ ਦੀ ਸਰਕਾਰ ਨੇ ਟੈਲੀਵੀਜਨ ਚੈਨਲਾਂ ਤੇ ਅੰਧਵਿਸ਼ਵਾਸੀ ਇਸਤਿਹਾਰ ਬਾਜ਼ੀ ਬੰਦ ਕਰ ਦਿੱਤੀ ਹੈ। ਚੀਨ ਸਰਕਾਰ ਨੇ ਲੋਕਾਂ ਦੇ ਵਰਤ ਰੱਖਣ ਤੇ ਪਾਬੰਦੀ ਲਾ ਦਿੱਤੀ ਹੈ। ਹੁਣ ਤੁਸੀਂ ਹੀ ਦਸੋ ਕਿ ਕਿਸਮਤਾਂ ਕਿਸਦੇ ਹੱਥ ਹੁੰਦੀਆਂ ਹਨ?

## ✪ ਗੁਜਰਾਤ ਫਾਈਲ

ਇਹ ਇੱਕ ਅਜਿਹੀ ਪੰਜਾਬੀ ਪੁਸਤਕ ਹੈ ਜੋ ਪੰਜਾਬ ਦੇ ਲੋਕਾਂ ਨੂੰ ਮੋਦੀ ਸਰਕਾਰ ਦੇ ਕੰਮ ਕਰਨ ਤੇ ਸਾਜਿਸ਼ਾਂ ਰੱਚਣ ਦੇ ਢੰਗਾਂ ਬਾਰੇ ਜਾਗਰੂਕ ਕਰੇਗੀ। ਰਾਣਾ ਆਯੂਬ ਨਬੰਵਰ ਦੇ ਆਖਰੀ ਹਫ਼ਤੇ ਚੰਡੀਗੜ੍ਹ ਵਿੱਚ ਆਈ। ਮੀਟਿੰਗ ਵਿੱਚ ਉਸਨੇ ਖ਼ੁਦ ਕਿਤਾਬ ਦੀ ਤਿਆਰੀ ਲਈ ਕੀਤੇ ਯਤਨਾਂ ਬਾਰੇ ਵਿਚਾਰ ਸਾਂਝੇ ਕੀਤੇ। ਵੱਖ-ਵੱਖ ਬੁਲਾਰਿਆਂ ਨੇ ਦੱਸਿਆ ਕਿ ਕਿਵੇਂ ਰਾਣਾ ਆਯੂਬ ਅੱਠ ਮਹੀਨੇ 'ਮਾਈਥਲੀ ਤਿਆਗੀ' ਬਣਕੇ ਗੁਜਰਾਤ ਦੇ ਵੱਖ-ਵੱਖ ਸ਼ਹਿਰਾਂ ਵਿੱਚ ਵਿਚਰਦੀ ਰਹੀ ਹੈ। ਹਰ ਮੀਟਿੰਗ 'ਤੇ ਉਹ ਆਪਣੇ ਗੁਪਤ ਕੈਮਰੇ ਲੈ ਕੇ ਜਾਂਦੀ ਅਤੇ ਮੈਟਲ ਡਿਟੇਕਟਰਾਂ ਤੋਂ ਬਚਾਕੇ ਅਫਸਰਾਂ ਦੇ ਕਮਰਿਆਂ ਵਿੱਚ ਪਹੁੰਚਦੀ। ਕਿਸੇ ਵੇਲੇ ਵੀ ਉਸਨੂੰ ਫੜ ਕੇ ਮੁਕਾਬਲਾ ਬਣਾਇਆ ਜਾ ਸਕਦਾ ਸੀ।




ਇਹ ਕਿਤਾਬ ਇਹ ਵੀ ਦਰਸਾਉਂਦੀ ਹੈ ਕਿ ਬੀ. ਜੇ. ਪੀ. ਅਤੇ ਆਰ. ਐਸ. ਐਸ. ਨੇ ਕਿਵੇਂ ਗੁਜਰਾਤ ਵਿੱਚ ਦੰਗੇ ਤੇ ਝੂਠੇ ਮੁਕਾਬਲੇ ਕਰਵਾਉਣ ਲਈ ਦਲਿਤ ਅਫ਼ਸਰਾਂ ਦਾ ਇਸਤੇਮਾਲ ਕੀਤਾ ਅਤੇ ਕਿਵੇਂ ਦਲਿਤ ਅਫ਼ਸਰਾਂ ਨੇ ਆਪਣੇ ਨੰਬਰ ਬਣਾਉਣ ਲਈ ਮੰਤਰੀਆਂ ਦੇ ਕੰਮ ਦੁਗਣੇ ਕਰਕੇ ਦਿੱਤੇ ਅਤੇ ਇਸਤੇਮਾਲ ਕਰਨ ਤੋਂ ਬਾਅਦ ਇਹਨਾਂ ਅਫ਼ਸਰਾਂ ਨੂੰ ਕਿਵੇਂ ਕੇਸਾਂ ਵਿੱਚ ਫਸਾਇਆ ਗਿਆ। ਅਸਲ ਵਿੱਚ ਇਹ ਪੁਸਤਕ ਗੁਜਰਾਤ ਦੰਗਿਆਂ ਅਤੇ ਝੂਠੇ ਪੁਲਿਸ ਮੁਕਾਬਲਿਆਂ ਦੀ ਦਾਸਤਾਨ ਹੈ।

## ✪ ਬੰਗਾਲ ਵਿੱਚ ਅਕਾਲ ਕਿਵੇਂ ਪਾਇਆ ਗਿਆ?

ਇਹ ਖੌਫਨਾਕ ਤਸਵੀਰ ਅਫਰੀਕਾ ਦੀ ਨਹੀਂ ਸਗੋਂ ਭਾਰਤ ਦੀ ਹੀ ਹੈ। ਇਹ ਇਤਿਹਾਸ ਦਾ ਉਹ ਪੰਨਾ ਹੈ ਜਿਸਤੋਂ ਬਹੁਤ ਸਾਰੇ ਭਾਰਤੀ ਅਣਜਾਣ ਹਨ। ਇਹ 1943 'ਚ ਬੰਗਾਲ 'ਚ ਆਏ ਭਿਆਨਕ ਅਕਾਲ ਦੀ ਹੈ ਜਿਸ ਵਿੱਚ 50 ਲੱਖ ਦੇ ਕਰੀਬ ਲੋਕ ਮਾਰੇ ਗਏ। ਇੱਕ ਵਰ੍ਹੇ ਤੱਕ ਜਾਰੀ ਇਹ ਭਿਆਨਕ ਅਕਾਲ ਕੁਦਰਤੀ ਕਰੋਪੀ ਨਹੀਂ ਸੀ ਸਗੋਂ ਇਸ ਲਈ ਉਸ ਵੇਲੇ ਦੇ ਬਰਤਾਨਵੀ ਪ੍ਰਧਾਨ ਮੰਤਰੀ ਚਰਚਿਲ ਦੀਆਂ ਸਾਮਰਾਜੀਆਂ ਨੀਤੀਆਂ ਜ਼ਿੰਮੇਵਾਰ ਸਨ।

ਦੂਜੀ ਸੰਸਾਰ ਜੰਗ ਦੀਆਂ ਘਟਨਾਵਾਂ ਦੌਰਾਨ 1942 ਵਿੱਚ ਜਪਾਨੀਆਂ ਨੇ ਸਿੰਘਾਪੁਰ ਅਤੇ ਫਿਰ ਬਰਮਾ 'ਤੇ ਕਬਜ਼ਾ ਕਰ ਲਿਆ ਤੇ ਅੱਗੇ ਉਹ ਭਾਰਤ ਦੀ ਸਰਦਲ 'ਤੇ ਖੜੇ ਸਨ। ਜਪਾਨੀ ਹਮਲੇ ਦੀ ਜਵਾਬੀ ਤਿਆਰੀ ਵਿੱਚ "ਡਿਨਾਇਲ ਪਾਲਿਸੀ" ਦਾ ਸਹਾਰਾ ਲਿਆ ਜਿਸਦਾ ਅਰਥ ਸੀ ਹਮਲਾਵਾਰਾਂ ਨੂੰ ਹਰ ਉਪਯੋਗੀ ਚੀਜ਼ 'ਤੇ ਕਬਜ਼ੇ ਤੋਂ ਵਾਂਝਿਆਂ ਕਰ ਦੇਣਾ। ਸਮੁੱਚੇ ਤਟੀ ਬੰਗਾਲ ਵਿੱਚ ਹਰ ਤਰ੍ਹਾਂ ਦੇ ਵਾਹਨ (ਟਰੱਕ, ਕਾਰਾਂ, ਕਿਸ਼ਤੀਆਂ, ਗੱਡੇ, ਹਜ਼ਾਰਾਂ ਸਾਇਕਲ ਆਦਿ) ਫੌਜ ਨੇ ਜ਼ਬਤ ਕਰ ਲਏ। ਝੋਨੇ ਅਤੇ ਚੌਲ਼ਾਂ ਦੇ ਭੰਡਾਰ ਜਾਂ ਤਾਂ ਤਬਾਹ ਕਰ ਦਿੱਤੇ ਗਏ ਜਾਂ ਹਟਾ ਦਿੱਤੇ ਗਏ। ਜਿਸ ਨਾਲ ਨੇੜਲੇ ਭਵਿੱਖ 'ਚ ਲੋਕਾਂ ਦੀ ਕੰਗਾਲੀ ਤੇ ਅਕਾਲ ਦਾ ਖਤਰਾ ਮੰਡਰਾਉਣ ਲੱਗਾ।

1943 ਦੇ ਸ਼ੁਰੂ 'ਚ ਜਦ ਅਕਾਲ ਦਾ ਖ਼ਤਰਾ ਸਿਰ 'ਤੇ ਸੀ ਤਾਂ ਲੋਕਾਂ ਦੇ ਗੁੱਸੇ ਦੇ ਡਰ ਤੋਂ ਘਬਰਾਕੇ ਵਾਇਸਰਾਇ ਵਾਵੇਲ ਅਤੇ ਭਾਰਤ ਸਕੱਤਰ ਐਮਰੀ ਨੇ ਬਰਤਾਨਵੀ ਪ੍ਰਧਾਨ ਮੰਤਰੀ ਚਰਚਿਲ, ਯੁੱਧ ਮੰਤਰਾਲੇ ਅਤੇ ਜਹਾਜ਼ਰਾਨੀ ਮੰਤਰਾਲੇ ਨੂੰ ਕਈ ਪੱਤਰ ਲਿਖਕੇ ਅਨਾਜ ਸੰਕਟ ਦੇ ਖ਼ਤਰੇ ਬਾਰੇ ਦੱਸਿਆ। ਪਰ ਚਰਚਿਲ ਨੇ ਕੋਈ ਵੀ ਉਪਰਾਲਾ ਕਰਨ ਤੋਂ ਨਾਂਹ ਕਰ ਦਿੱਤੀ ਕਿਉਂਕਿ ਉਹ ਆਜ਼ਾਦੀ ਦੇ ਘੋਲ਼ ਵਿੱਚ ਲੋਕਾਂ ਦੇ ਮਨੋਬਲ ਨੂੰ ਤੋੜ ਦੇਣਾਂ ਚਾਹੁੰਦਾ ਸੀ ਤੇ ਇਸਦੇ ਲਈ ਲੋਕਾਂ ਨੂੰ ਅਕਾਲ ਦਾ ਸ਼ਿਕਾਰ ਬਣਾਉਣਾ, ਉਹਨਾਂ ਨੂੰ ਭੁੱਖਿਆਂ ਮਾਰਨਾ ਸ਼ਾਮਲ ਸੀ।

---

## ✪ ਸਿਗਰਟਨੋਸ਼ੀ ਕਰਨ ਵਾਲਿਆਂ ਨੂੰ ਦਿਲ ਦਾ ਦੌਰੇ ਦਾ ਖ਼ਤਰਾ ਜ਼ਿਆਦਾ

ਸਿਗਰਟਨੋਸ਼ੀ ਕਰਨ ਵਾਲੇ 50 ਸਾਲ ਤੋਂ ਘੱਟ ਉਮਰ ਦੇ ਲੋਕ ਇਸ ਤੋਂ ਤੋਬਾ ਕਰ ਚੁੱਕੇ ਹਨ। ਲੋਕਾਂ ਦੇ ਮੁਕਾਬਲੇ ਇਸ ਵਰਗ ਦੇ ਲੋਕਾਂ 'ਚ ਗੰਭੀਰ ਦਿਲ ਦਾ ਦੌਰਾ ਪੈਣ ਨਾਲ ਅੱਠ ਗੁਣਾ ਜ਼ਿਆਦਾ ਖ਼ਤਰਾ ਹੋ ਸਕਦਾ ਹੈ। ਇਹ ਦਾਅਵਾ ਨਵੇਂ ਅਧਿਐਨ 'ਚ ਕੀਤਾ ਗਿਆ ਹੈ। ਬਰਤਾਨੀਆ ਦੀ ਸ਼ੈਫੀਲਡ ਯੂਨੀਵਰਸਿਟੀ ਦੇ ਖੋਜਕਰਤਾਵਾਂ ਨੇ 1,727 ਬਾਲਿਗ ਰੋਗੀਆਂ ਦੇ ਅੰਕੜਿਆਂ ਦੇ ਅਧਿਐਨ ਦੇ ਆਧਾਰ 'ਤੇ ਇਹ ਦਾਅਵਾ ਕੀਤਾ ਹੈ। ਇਨ੍ਹਾਂ ਲੋਕਾਂ 'ਚ ਕੁਝ ਸਾਲ ਪਹਿਲਾਂ ਦਿਲ ਦੇ ਦੌਰੇ ਦੀ ਇਕ ਕਿਸਮ ਦੀ ਸਟੈਮੀ (ਸੈਗਮੈਂਟ ਐਲਵੇਸ਼ਨ ਮਾਯੋਕਾਰਡੀਅਲ ਇੰਫਾਰਕਸ਼ਨ) ਦਾ ਇਲਾਜ਼ ਕੀਤਾ ਗਿਆ ਸੀ। ਸਟੈਮੀ ਮੁਸ਼ਕਿਲ ਪੈਟਰਨ ਹੈ ਜੋ ਈ.ਸੀ.ਜੀ. 'ਚ ਦਿਖਾਈ ਪੈਂਦਾ ਹੈ। ਇਸ ਨਾਲ ਦਿਲ ਦੀਆਂ ਮਾਸਪੇਸ਼ੀਆਂ ਦੇ ਨਸ਼ਟ ਹੋਣ ਦਾ ਸੰਕੇਤ ਮਿਲਦਾ ਹੈ। ਅਧਿਐਨ 'ਚ ਸ਼ਾਮਿਲ ਰੋਗੀਆਂ 'ਚ ਅੱਧੇ ਦੇ ਕਰੀਬ ਸਿਗਰਟਨੋਸ਼ੀ ਕਰਨ ਵਾਲੇ, ਜਦ ਕਿ 27 ਫ਼ੀਸਦੀ ਇਸ ਤੋਂ ਤੋਬਾ ਕਰ ਚੁੱਕੇ ਲੋਕ ਸ਼ਮਿਲ ਸਨ। ਬਾਕੀ ਨੇ ਕਦੇ ਸਿਗਰਟਨੋਸ਼ੀ ਨਹੀਂ ਕੀਤੀ ਸੀ। ਇਨ੍ਹਾਂ ਦੇ ਅੰਕੜਿਆਂ ਦੀ ਸਮੀਖਿਆ ਦੇ ਆਧਾਰ 'ਤੇ 50 ਸਾਲ ਤੋਂ ਘੱਟ ਉਮਰ ਵਾਲਿਆਂ 'ਚ ਦਿਲ ਦਾ ਦੌਰਾ 8.5 ਗੁਣਾ ਜ਼ਿਆਦਾ ਖ਼ਤਰਾ ਪਾਇਆ ਗਿਆ ਹਾਲਾਂਕਿ ਜ਼ਿਆਦਾ ਉਮਰ ਵਾਲਿਆਂ 'ਚ ਖ਼ਤਰੇ ਦੀ ਦਰ ਘੱਟ ਹੈ।

ਵਿਗਿਆਨ ਕਹਾਣੀ

# ਕਿਊਟਾ-ਕਿਊਟਾ ਤਾਰੇ-ਤਾਰੇ

ਅਜਮੇਰ ਸਿੱਧੂ

ਡਾ ਰੋਮਨ ਸਟਾਕਰ ਅਤੇ ਸਾਥੀ ਵਿਗਿਆਨੀ ਅੱਧੀ ਰਾਤ ਤੱਕ ਪ੍ਰਯੋਗਸ਼ਾਲਾ ਵਿਚ ਕੰਮ ਕਰਨ ਤੋਂ ਬਾਅਦ ਉੱਥੇ ਹੀ ਸੌਂ ਗਏ ਸਨ। ਉਹ ਸਵੇਰੇ ਨਾਸ਼ਤਾ ਕਰਨ ਆਪੋ-ਆਪਣੇ ਘਰ ਆ ਗਏ ਹਨ। ਕਮਰਿਆਂ ਵਿਚ ਅੱਤ ਦੀ ਠੰਢ ਕਾਰਨ ਕਾਂਬਾ ਛਿੜ ਗਿਆ ਹੈ। ਸਟਾਕਰ ਦੇ ਮਕਾਨ ਦੇ ਪਿਛਵਾੜੇ ਸੂਰਜ ਦੀ ਟਿੱਕੀ ਚਮਕ ਪਈ ਹੈ। ਉਹ ਧੁੱਪ ਦਾ ਨਿੱਘ ਮਾਣਨ ਲਈ ਉੱਥੇ ਪਈ ਕੁਰਸੀ ਤੇ ਬੈਠ ਗਿਆ। ਕੋਸੀ-ਕੋਸੀ ਧੁੱਪ ਉਸਦੇ ਪਿੰਡੇ ਨੂੰ ਛੋਹ ਰਹੀ ਹੈ। ਉਹ ਇਸ ਨਿੱਘ ਨੂੰ ਕੁਝ ਚਿਰ ਹੋਰ ਮਾਣਨਾ ਚਾਹ ਰਿਹਾ ਹੈ। ਉਸ ਨੇ ਚਾਰ-ਚੁਫ਼ੇਰੇ ਨਿਗਾਹ ਮਾਰੀ। ਉਸ ਨੇ ਗੰਦੇ ਹੋਏ ਫ਼ਰਸ਼ ਵੱਲ ਤੱਕ ਕੇ ਨੱਕ ਚੜ੍ਹਾਇਆ ਹੈ। ਉਸ ਨੇ ਸਾਹਮਣੇ ਟੇਬਲ ਤੇ ਪਿਆ ਰਸਾਲਾ 'ਵੀਕਲੀ ਸਾਇੰਸ' ਚੁੱਕ ਕੇ ਪੜ੍ਹਨਾ ਸ਼ੁਰੂ ਕੀਤਾ ਹੈ।

ਉਸਦੀ ਬਿੱਲੀ ਕਿਊਟਾ ਅਤੇ ਕੁੱਤਾ ਟਫ਼ੀ ਪੂਛ ਹਿਲਾਉਂਦੇ ਉਸਦੇ ਸਵਾਗਤ ਲਈ ਕਮਰੇ ਵਿਚੋਂ ਭੱਜ ਕੇ ਉਸ ਕੋਲ ਆਏ ਹਨ। ਉਹ ਧੁੱਪੇ ਕੌਫ਼ੀ ਪੀਣ ਲੱਗਾ ਤਾਂ ਦੋਵੇਂ ਉਸਦੇ ਸੱਜੇ -ਖੱਬੇ ਬੈਠ ਗਏ ਹਨ। ਕਿਊਟਾ ਮਿਆਊਂ-ਮਿਆਊਂ ਕਰ ਰਹੀ ਹੈ ਅਤੇ ਟਫ਼ੀ ਉਬਾਸੀਆਂ ਲੈ ਰਿਹਾ ਹੈ। ਇਹ ਦੋਵੇਂ ਘਰ ਦੇ ਪਾਲਤੂ ਜਾਨਵਰ ਹਨ। ਰਾਤ ਉਸਦੀ ਪਤਨੀ ਟਫ਼ੀ ਨੂੰ ਕੰਬਲ ਵਿਚ ਲੈ ਕੇ ਹੀ ਪਈ ਰਹੀ ਸੀ। ਟਫ਼ੀ ਹਮੇਸ਼ਾਂ ਹੀ ਉਸਦੇ ਅੰਗ-ਸੰਗ ਰਹਿੰਦਾ ਹੈ। ਉਸਦੀ ਬੇਟੀ ਵੀ ਕਿਊਟਾ ਦਾ ਵਸਾਹ ਨਹੀਂ ਖਾਂਦੀ। ਕਿਊਟਾ ਦਾ ਵੀ ਉਸ ਨਾਲ ਖ਼ਾਸਾ ਮੋਹ ਹੈ।




ਅਚਾਨਕ ਕਿਊਟਾ ਨੇ ਸਟਾਕਰ ਕੋਲ ਆ ਕੇ ਮਿਆਊਂ ਕਹਿੰਦੇ ਉਸਦੇ ਪੈਰਾਂ ਤੇ ਆਪਣਾ ਪੰਜਾ ਰੱਖ ਦਿੱਤਾ ਹੈ। ਟਫ਼ੀ ਵੀ ਪੂਛ ਹਿਲਾ ਰਿਹਾ ਹੈ। ਡਾ. ਰੋਮਨ ਦੋਵਾਂ ਦੇ ਸਿਰ ਤੇ ਹੱਥ ਫੇਰ ਰਿਹਾ। ਉਹ ਦੋਵੇਂ ਉਸਦੀਆਂ ਲੱਤਾਂ ਵਿਚ ਵੜੀ ਜਾ ਰਹੇ ਹਨ। ਉਹ ਰਸਾਲਾ ਵਿਚਾਲੇ ਛੱਡ ਕੇ ਉਨ੍ਹਾਂ ਨਾਲ ਲਾਡ ਲਡਾ ਰਿਹਾ ਹੈ। ਕਿਊਟਾ ਕੁਰਸੀ ਥੱਲੇ ਪੁੱਠੀ ਲੰਮੀ ਪੈ ਗਈ ਹੈ। ਲੱਤਾਂ ਉੱਪਰ ਚੁੱਕ ਕੇ ਕੁਰਸੀ ਦੇ ਹੇਠਾਂ ਪੌਂਚੇ ਮਾਰਨ ਲੱਗ ਪਈ ਹੈ। ਟਫ਼ੀ ਕੁਰਸੀ ਤੋਂ ਪਰ੍ਹਾਂ ਹੋ ਕੇ ਬਹਿ ਗਿਆ ਹੈ। ਉਸਨੇ ਕੌਫ਼ੀ ਖ਼ਤਮ ਕਰ ਕੇ ਕੱਪ ਟੇਬਲ 'ਤੇ ਰੱਖਿਆ ਹੈ। ਉਹ ਖੋਜ ਖ਼ਬਰਾਂ ਪੜ੍ਹਨ ਵਿਚ ਮਗਨ ਹੋ ਗਿਆ ਹੈ। ਉਸ ਨੂੰ 'ਚਪਲ਼-ਚਪਲ਼' ਦੀ ਅਵਾਜ਼ ਸੁਣਾਈ ਦਿੱਤੀ ਹੈ। ਉਸ ਨੇ ਪਿੱਛੇ ਮੁੜ ਕੇ ਦੇਖਿਆ ਤਾਂ ਟਫ਼ੀ ਮੂਹਰੇ ਦੁੱਧ ਦਾ ਛੰਨਾ ਭਰਿਆ ਪਿਆ ਹੈ। ਉਹ ਦੁੱਧ ਪੀ ਰਿਹਾ ਹੈ। ਉਸਦਾ ਮੂੰਹ ਲਿੱਬੜਿਆ ਪਿਆ। ਉਹ ਦੁੱਧ ਪੀ ਘੱਟ ਰਿਹਾ ਅਤੇ ਡੋਲ੍ਹ ਜ਼ਿਆਦਾ ਰਿਹਾ ਹੈ। ਉਸ ਦੀਆਂ ਮੋਹਰਲੀਆਂ ਲੱਤਾਂ ਵੀ ਭਿੱਜ ਗਈਆਂ ਹਨ। ਇਸੇ ਕਸ਼ਮਕਸ਼ ਵਿਚ ਉਸਨੇ ਥੋੜ੍ਹਾ ਦੁੱਧ ਫਰਸ਼ 'ਤੇ ਵੀ ਡੋਲ੍ਹ ਦਿੱਤਾ ਹੈ। ਉਸ ਨੇ ਦੁੱਧ ਮੁਕਾ ਕੇ ਛੰਨਾ ਚੱਟ ਵੀ ਲਿਆ 'ਤੇ ਮੂਧਾ ਵੀ ਮਾਰ ਦਿੱਤਾ। ਫਿਰ ਫ਼ਰਸ਼ ਤੋਂ ਦੁੱਧ ਚੱਟਣਾ ਸ਼ੁਰੂ ਕਰ ਦਿੱਤਾ ਹੈ। ਦੁੱਧ ਦੇ ਨਿਸ਼ਾਨਾਂ ਨਾਲ ਫ਼ਰਸ਼ ਗੰਦਾ ਹੋ ਗਿਆ ਹੈ।

ਡਾ. ਸਟਾਕਰ ਨੂੰ ਇਹ ਸੋਚਦੇ ਹੀ ਕੌੜਤ ਆਈ ਹੈ। ਉਹ ਗੰਦ ਪਿਆ ਦੇਖ ਸੜ ਭੁੱਜ ਗਿਆ ਹੈ। ਉਸਨੂੰ ਆਪਣੀ ਪਤਨੀ 'ਤੇ ਕਹਿਰਾਂ ਦਾ ਗੁੱਸਾ ਆਇਆ ਹੈ। ਉਸਨੂੰ ਪਤਾ ਹੀ ਨਹੀਂ ਸੀ ਲੱਗਿਆ ਕਿ ਉਹ ਕਦੋਂ ਬਾਹਰ ਆਈ ਅਤੇ ਕਦੋਂ ਟਫ਼ੀ ਅੱਗੇ ਦੁੱਧ ਦਾ ਛੰਨਾ ਰੱਖ ਗਈ। ਉਹ ਗੰਦੇ ਫ਼ਰਸ਼ ਵੱਲ ਦੇਖ ਕੇ ਵੱਧ-ਘੱਟ ਬੋਲ ਗਿਆ ਸੀ ਪਰ ਉਸਦੀ ਪਤਨੀ ਨੇ ਧੀਰਜ ਨਹੀਂ ਗੁਆਇਆ ਸੀ ਅਤੇ ਨਾ ਹੀ ਉਸ ਨਾਲ ਕੋਈ ਸਵਾਲ -ਜਵਾਬ ਕੀਤਾ ਸੀ। ਕਿਊਟਾ ਵੀ ਛੰਨੇ ਕੋਲ ਬੈਠੀ ਲਲਚਾਈਆਂ ਨਜ਼ਰਾਂ ਨਾਲ ਵੇਖ ਰਹੀ ਹੈ।

ਅਚਾਨਕ ਉਸਦਾ ਹੱਥ ਲੱਗਣ ਨਾਲ ਰਸਾਲਾ ਮੇਜ਼ ਤੋਂ ਡਿਗ ਪਿਆ। ਉਸਨੇ ਝੁਕ ਕੇ ਰਸਾਲਾ ਚੁੱਕ ਕੇ ਮੁੜ ਪੜ੍ਹਨਾ ਸ਼ੁਰੂ ਕਰ ਦਿੱਤਾ। ਉਸ ਨੇ ਖੋਜ ਖ਼ਬਰਾਂ ਪੜ੍ਹਦੇ -ਪੜ੍ਹਦੇ, ਆਪਣਾ ਮੂੰਹ ਉੱਪਰ ਨੂੰ ਕੀਤਾ ਏ। ਕਿਊਟਾ ਮੂਹਰੇ ਦੁੱਧ ਵਾਲੀ ਬਾਟੀ ਪਈ ਹੈ। ਉਹ ਦੁੱਧ ਪੀਣ ਵਿਚ ਮਗਨ ਹੈ। "ਪਰ੍ਹਾਂ ਹੱਟ !" ਉਸ ਨੇ ਏਨੀ ਉੱਚੀ ਅਤੇ ਗੁੱਸੇ ਨਾਲ ਕਿਹਾ ਹੈ ਕਿ ਉਸਦੀ ਬੇਟੀ ਭੱਜ ਕੇ ਬਾਹਰ ਆ ਗਈ। ਉਸਨੇ ਕਿਊਟਾ ਅੱਗਿਓਂ ਬਾਟੀ ਚੁੱਕਣੀ ਚਾਹੀ ਪਰ ਉਹ ਆਪਣਾ ਮੂੰਹ ਬਾਹਰ ਨਹੀਂ ਕੱਢ ਰਹੀ। ਸਟਾਕਰ ਇਹ ਦੇਖ ਕੇ ਦੰਗ ਰਹਿ ਗਿਆ ਕਿ ਬਾਟੀ ਦੇ ਬਾਹਰ ਦੁੱਧ ਦਾ ਇਕ ਵੀ ਤੁਪਕਾ ਨਹੀਂ ਡੁੱਲ੍ਹਿਆ ਅਤੇ ਨਾ ਹੀ ਉਸਦੇ ਮੂੰਹ ਦੁਆਲੇ ਦੁੱਧ ਦਾ ਕੋਈ ਨਿਸ਼ਾਨ ਏ। ਇੱਥੋਂ ਤੱਕ ਕਿ ਉਸਦੀਆਂ ਮੁੱਛਾਂ ਵੀ ਗਿੱਲੀਆਂ ਨਹੀਂ ਹੋਈਆਂ। ਉਹ ਸੋਚ ਰਿਹਾ ਹੈ ਸ਼ਾਇਦ ਉਸ ਨੂੰ ਕਿਊਟਾ ਦੇ ਦੁੱਧ ਪੀਣ ਬਾਰੇ ਭੋਰਾ ਵੀ ਇਲਮ ਨਾ ਹੁੰਦਾ, ਜੇ ਕਰ ਉਹ ਲੇਖ ਪੜ੍ਹਨ ਉਪਰੰਤ ਬਿੱਲੀ ਦੀ ਭਾਲ਼ ਨਾ ਕਰਦਾ।

ਉਹ ਫਿਰ ਸੋਚਣ ਲੱਗਾ ਕਿ ਇਹ ਕੀ ਹੋਇਆ ? ਟਫ਼ੀ ਨੇ ਦੁੱਧ ਪੀਂਦੇ ਇੰਨਾ ਗੰਦ ਪਾ ਦਿੱਤਾ ਸੀ ਅਤੇ ਕਿਊਟਾ ਦੇ ਦੁੱਧ ਪੀਣ ਬਾਰੇ ਅਨੁਮਾਨ ਲਾਉਣਾ ਵੀ ਔਖਾ ਏ। ਉਸਦੀ ਬੇਟੀ ਨੇ ਉਸਦੇ ਕਹਿਣ ਤੇ ਹੋਰ ਦੁੱਧ ਲਿਆ ਕੇ ਛੰਨੇ ਅਤੇ ਬਾਟੀ ਵਿਚ ਪਾਇਆ ਹੈ। ਟਫ਼ੀ 'ਚੱਪ-ਚੱਪ' ਕਰਕੇ ਦੁੱਧ ਪੀਣ ਲੱਗ ਪਿਆ ਹੈ ਅਤੇ ਕਿਊਟਾ ਚੁੱਪ-ਚਾਪ ਸਲੀਕੇ ਨਾਲ ਦੁੱਧ ਪੀ ਰਹੀ ਹੈ।

ਇਸ ਤੋਂ ਕੁਝ ਦਿਨ ਪਹਿਲਾਂ ਜਦੋਂ ਉਨ੍ਹਾਂ ਤੋਂ ਰਸੋਈ ਦਾ ਦਰਵਾਜ਼ਾ ਖੁੱਲ੍ਹਾ ਰਹਿ ਗਿਆ ਸੀ। ਘਰ ਵਿਚ ਕਿਊਟਾ

ਅਤੇ ਟਫ਼ੀ ਹੀ ਸਨ, ਹੋਰ ਸਭ ਮੈਂਬਰ ਬਾਹਰ ਗਏ ਹੋਏ ਸਨ। ਉਸ ਦਿਨ ਸ਼ਾਮੀਂ ਘਰ ਆਏ ਤਾਂ ਦੁੱਧ ਦਾ ਪਤੀਲਾ ਖਾਲੀ ਪਿਆ ਸੀ। ਟਫ਼ੀ ਦਾ ਮੂੰਹ ਦੁੱਧ ਨਾਲ ਲਿਬੜਿਆ ਹੋਣ ਕਰਕੇ ਹਰ ਇਕ ਦੀ ਸ਼ੱਕ ਦੀ ਸੂਈ ਉਸ ਉੱਪਰ ਹੀ ਜਾ ਟਿਕੀ ਸੀ। ਕਿਊਟਾ ਬੜੀ ਸਿਆਣੀ ਤੇ ਬੀਬੀ ਰਾਣੀ ਬਣ ਕੇ ਬੈਠੀ ਸੀ ਪਰ ਅੱਜ ਤਾਂ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਸਾਫ਼ ਦਿਸ ਰਿਹਾ ਸੀ। ਸਟਾਕਰ ਆਪ ਮੁਹਾਰੇ ਬੋਲਦਾ ਹੈ।

"ਤਾਂ ਦੁੱਧ ਕਿਊਟਾ ਨੇ ਹੀ ਪੀਤਾ ਹੋਵੇਗਾ? ਹੂੰ! ਇਹ ਚਲਾਕ ਤੇ ਚਾਲਬਾਜ਼ ਜਾਨਵਰ ਹੈ। ਉਸ ਥੋੜ੍ਹਾ ਦੁੱਧ ਪਤੀਲੇ ਵਿਚ ਛੱਡ ਦਿੱਤਾ ਹੋਵੇਗਾ। ਇਹ ਟਫ਼ੀ ਅਖੇ ਬਦ ਨਾਲੋਂ ਬਦਨਾਮ ਬੁਰਾ। ਇਸ ਨੇ ਇੰਨੇ ਥੋੜ੍ਹੇ ਜਿਹੇ ਦੁੱਧ ਨਾਲ ਹੀ ਆਪਣਾ ਮੂੰਹ ਲਿਬੇੜ ਕੇ ਚੋਰੀ ਦਾ ਇਲਜ਼ਾਮ ਲਗਾ ਲਿਆ ਹੋਵੇਗਾ। ਬਿੱਲੀ ਮਾਸੀ ਕਿਊਟਾ ਦੀਆਂ ਸਾਰੇ ਜਣੇ ਸਿਫਤਾਂ ਕਰਦੇ ਰਹੇ।"

ਰੋਮਨ ਸਟਾਕਰ ਪਹਿਲੀ ਘਟਨਾ ਤੋਂ ਹੈਰਾਨ ਹੋਇਆ ਪਿਆ। ਉਹ ਧੁੱਪ ਵਿਚ ਨਾਸ਼ਤਾ ਕਰਨ ਦੀ ਬਜਾਏ ਅੰਦਰ ਚਲਾ ਗਿਆ। ਉਸ ਦੇ ਦਿਲੋ-ਦਿਮਾਗ ਤੇ ਕਿਊਟਾ ਦੀ ਸਫ਼ਾਈ ਛਾਈ ਹੋਈ ਹੈ। ਉਹ ਅਤੇ ਉਸਦੀ ਪਤਨੀ ਪਰੌਂਠਿਆਂ ਨਾਲ ਚਾਹ ਪੀ ਰਹੇ ਹਨ ਅਤੇ ਉਸਦੀ ਬੇਟੀ ਪਾਣੀ ਪੀ ਰਹੀ ਹੈ। ਉਸਨੇ ਬੇਟੀ ਨੂੰ ਪਾਣੀ ਅਤੇ ਪਤਨੀ ਨੂੰ ਚਾਹ ਪੀਂਦਿਆਂ ਨੋਟ ਕੀਤਾ ਹੈ। ਉਹ ਉਸੇ ਵੇਲ਼ੇ ਆਪਣੇ ਘਰ ਤੋਂ ਪੰਜ ਮੀਲ ਦੂਰ ਘੋੜਿਆਂ ਦੇ ਤਬੇਲੇ, ਭੇਡਾਂ ਅਤੇ ਸੂਰਾਂ ਦੇ ਵਾੜਿਆਂ ਵਿਚ ਗਿਆ ਹੈ। ਉਸ ਨੇ ਉੱਥੇ ਹੀ ਜਾਨਵਰਾਂ ਨੂੰ ਪਾਣੀ ਪੀਂਦੇ ਦੇਖਿਆ ਹੈ । ਉਸ ਪ੍ਰਯੋਗਸ਼ਾਲਾ ਵਿਚ ਪੁੱਜ ਕੇ ਆਪਣੀ ਡਾਇਰੀ ਵਿਚ ਲਿਖਿਆ ਹੈ;

* ਜਦੋਂ ਮਨੁੱਖ ਕੋਈ ਤਰਲ ਪੀਂਦਾ ਹੈ। ਉਹ ਆਪਣਾ ਸਿਰ ਠੋਡੀ ਵੱਲ ਥੋੜ੍ਹਾ ਜਿਹਾ ਉੱਚਾ ਕਰ ਲੈਂਦਾ ਹੈ। ਉਹ ਭਾਂਡੇ ਨੂੰ ਮੂੰਹ ਇਸ ਤਰ੍ਹਾਂ ਲਗਾਉਂਦਾ ਹੈ ਕਿ ਤਰਲ ਬੜੀ ਸੌਖ ਨਾਲ ਉਨ੍ਹਾਂ ਦੇ ਅੰਦਰ ਚਲਾ ਜਾਂਦਾ ਹੈ। ਇਹ ਮਨੁੱਖ ਦੀਆਂ ਗੱਲ੍ਹਾਂ 'ਸੰਪੂਰਨ ਗੱਲ੍ਹਾਂ'(Complete Cheeks) ਹੋਣ ਕਰਕੇ ਸੰਭਵ ਹੁੰਦਾ ਹੈ। ਇਨ੍ਹਾਂ ਦੇ ਦੰਦ ਬਾਹਰੋਂ ਦੇਖਣ ਵਾਲੇ ਨੂੰ ਦਿਖਾਈ ਨਹੀਂ ਦਿੰਦੇ। ਇਸ ਸ਼੍ਰੇਣੀ ਵਿਚ ਭੇਡਾਂ, ਘੋੜੇ ਅਤੇ ਸੂਰ ਆਉਂਦੇ ਹਨ।

* ਮਾਸਾਹਾਰੀ ਜੀਵਾਂ ਕੁੱਤਿਆਂ ਅਤੇ ਬਿੱਲੀਆਂ ਦੀਆਂ ਗੱਲ੍ਹਾਂ ਅਧੂਰੀਆਂ ਹੁੰਦੀਆਂ ਹਨ। ਇਨ੍ਹਾਂ ਦੇ ਸਾਰੇ ਦੰਦ ਬਾਹਰੋਂ ਸਪੱਸ਼ਟ ਦੇਖ ਸਕਦੇ ਹਾਂ। ਉਹ ਮੂੰਹ ਨੂੰ ਚੌੜਾ ਤਾਂ ਕਰ ਸਕਦੇ ਹਨ ਪਰ ਆਪਣੀਆਂ ਗੱਲ੍ਹਾਂ ਨੂੰ ਪੂਰੀ ਤਰ੍ਹਾਂ ਬੰਦ ਨਾ ਕਰ ਸਕਣ ਕਾਰਨ ਇਨ੍ਹਾਂ ਦੇ ਮੂੰਹ ਵਿਚ ਖ਼ਾਲੀ ਸਥਾਨ ਬਣ ਜਾਂਦਾ ਹੈ। ਇਸ ਕਰਕੇ ਉਹ ਤਰਲ ਨੂੰ ਪੀਣ ਦੀ ਬਜਾਏ 'ਚੱਪ-ਚੱਪ' ਕਰਕੇ ਪੀਂਦੇ ਹਨ ।

ਕਿਊਟਾ ਨੇ ਉਸਦੇ ਪੈਰ ਤੇ ਪੰਜਾ ਮਾਰ ਕੇ ਉਸਦੀ ਬਿਰਤੀ ਉਖਾੜ ਦਿੱਤੀ ਹੈ। ਉਹ ਉਸਦੇ ਪੈਰਾਂ ਵਿਚ ਮਚਲ ਰਹੀ ਏ। ਉਹ ਵੀ ਉਸ ਦੇ ਕੋਲ ਬੈਠ ਗਿਆ ਹੈ। ਉਸਨੇ ਕਿਊਟਾ ਦੇ ਮੂੰਹ ਤੇ ਹੱਥ ਫੇਰਿਆ ਹੈ। ਆਪਣੇ ਪ੍ਰਯੋਗ ਨੂੰ ਪਰਖਣ ਲਈ ਉਸ ਨੇ ਕਿਊਟਾ ਅਤੇ ਟਫ਼ੀ ਨੂੰ ਪ੍ਰਯੋਗਸ਼ਾਲਾ ਲੈ ਕੇ ਜਾਣਾ ਸ਼ੁਰੂ ਕਰ ਦਿੱਤਾ ਹੈ। ਉਸ ਨੇ ਤੇਜ਼ ਰਫ਼ਤਾਰ ਨਾਲ ਫ਼ੋਟੋ ਖਿੱਚਣ ਵਾਲ ਕੈਮਰਾ ਖਰੀਦਿਆ ਹੈ। ਉਹ ਟਫ਼ੀ ਮੂਹਰੇ ਦੁੱਧ ਦੀ ਪਲੇਟ ਰੱਖ ਦਿੰਦਾ ਹੈ। ਉਸਦੇ ਵਿਗਿਆਨੀ ਸਾਥੀ ਕੈਮਰੇ ਦਾ ਬਟਨ ਔਨ ਕਰ ਦਿੰਦੇ ਨੇ। ਉਨ੍ਹਾਂ ਨੇ ਤਸਵੀਰਾਂ ਵਿਚ ਦੇਖਿਆ ਹੈ ਕਿ ਟਫ਼ੀ ਦੁੱਧ ਪੀਣ ਵੇਲ਼ੇ ਆਪਣੀ ਜੀਭ ਬਾਹਰ ਕੱਢ ਲੈਂਦਾ ਹੈ ਅਤੇ ਉਸ ਨੂੰ ਕੱਪ ਦੇ ਅਕਾਰ ਵਿਚ ਢਾਲ਼ ਲੈਂਦਾ ਹੈ । ਉਸਦੀ ਪੂਰੀ ਤਰ੍ਹਾਂ ਬਾਹਰ ਨਿਕਲੀ ਜੀਭ ਅੰਗ਼ਰੇਜ਼ੀ ਦੇ ਅੱਖਰ 'ਜੇ' ਅਕਾਰ ਦੇ ਚਮਚੇ ਵਰਗੀ ਦਿਖਾਈ ਦਿੰਦੀ ਹੈ। ਜਦੋਂ ਕੁੱਤੇ ਦੀ ਜੀਭ ਦੁੱਧ (ਤਰਲ) ਤੱਕ ਪਹੁੰਚਦੀ ਹੈ ਤਾਂ ਕੱਪ ਪੂਰੀ ਤਰ੍ਹਾਂ ਨਾਲ ਤਰਲ ਨਾਲ ਭਰ ਜਾਂਦਾ ਹੈ। ਉਹ ਜੀਭ ਨੂੰ ਚਮਚੇ ਦਾ ਰੂਪ ਅਤੇ ਅਕਾਰ ਬਣਾ ਕੇ ਤਰਲ ਨੂੰ ਆਪਣੇ ਅੰਦਰ ਵੱਲ ਖਿੱਚਦਾ ਹੈ। ਇਸ ਸਾਰੀ ਪ੍ਰਕਿਰਿਆ ਵਿਚ ਕੁੱਝ ਦੁੱਧ ਉਸਦੇ ਅੰਦਰ ਜਾਂਦਾ ਹੈ, ਬਾਕੀ ਭਾਂਡੇ ਦੇ ਆਲੇ-ਦੁਆਲੇ ਖਿੱਲਰ ਜਾਂਦਾ ਹੈ। ਇਸਦੇ ਨਾਲ ਹੀ ਉਸਦੀਆਂ ਲੱਤਾਂ ਭਿੱਜੀਆਂ ਹਨ ਅਤੇ ਫ਼ਰਸ਼ ਗੰਦਾ ਹੋਇਆ ਹੈ।

ਕਿਊਟਾ ਮਿਆਊਂ -ਮਿਆਊਂ ਕਰਕੇ ਸਟਾਕਰ ਵੱਲ ਤੱਕ ਰਹੀ ਹੈ। ਸਟਾਕਰ ਉਸ ਨੂੰ ਪੁਚਕਾਰ ਕੇ ਚੁੱਪ ਕਰਵਾਉਂਦਾ ਹੈ। ਕਿਵੇਂ ਕਿਊਟਾ ਵਲੋਂ ਬਹੁਤ ਘੱਟ ਅਵਾਜ਼ ਕੀਤਿਆਂ ਬਿਨਾਂ ਲਿੱਬੜੇ ਅਤੇ ਬਿਨਾਂ ਖਿਲਾਰੇ ਦੁੱਧ ਪੀਣ ਦੇ ਨਿਰਾਲੇ ਢੰਗ ਤੋਂ ਪ੍ਰਭਾਵਿਤ ਹੋ ਕੇ ਉਸਦੇ ਵਿਗਿਆਨੀ ਸਾਥੀਆਂ ਨੇ ਬਿਨਾਂ ਕੋਈ ਅਵਾਜ਼ ਕੀਤੇ ਕਿਊਟਾ 'ਤੇ ਤਜ਼ਰਬੇ ਕਰਨੇ ਸ਼ੁਰੂ ਕੀਤੇ ਹਨ। ਉਹ ਇਸ ਬੁਝਾਰਤ ਨੂੰ ਬੁੱਝਣ ਲਈ ਕਾਰਜਸ਼ੀਲ ਹੋ ਗਏ ਹਨ। ਉਹ ਕਿਊਟਾ ਅੱਗੇ ਪਲੇਟ ਵਿਚ ਪਾ ਕੇ ਦੁੱਧ ਰੱਖਦਾ ਹੈ। ਉਸਦੇ ਵਿਗਿਆਨੀ ਸਾਥੀ ਕਿਊਟਾ ਵੱਲ ਕੈਮਰਾ ਸੇਧ ਲੈਂਦੇ ਹਨ। ਇਹ ਕੋਈ ਆਮ ਕੈਮਰਾ ਨਹੀਂ ਹੈ। ਇਹ ਇਕ ਸੈਕਿੰਡ ਵਿਚ ਹਜ਼ਾਰ ਫ਼ੋਟੋ ਖਿੱਚਣ ਵਾਲਾ ਵੀਡੀਓ ਕੈਮਰਾ ਹੈ। ਉਹ ਦੁੱਧ ਪੀਂਦੀ ਕਿਊਟਾ ਨੂੰ ਉਨਾ ਚਿਰ ਰਿਕਾਰਡ ਕਰਦੇ ਰਹੇ, ਜਦੋਂ ਤੱਕ ਉਹ ਆਪਣੇ ਮਿਸ਼ਨ ਵਿਚ ਕਾਮਯਾਬ ਨਹੀਂ ਹੋ ਗਏ। ਉਨ੍ਹਾਂ ਨੇ ਰਿਕਾਰਡ ਕੀਤੀ ਫਿਲਮ ਨੂੰ ਬਹੁਤ ਹੀ ਹੌਲ਼ੀ ਗਤੀ ਵਿਚ ਰੀ ਪਲੇ ਕੀਤਾ। ਉਨ੍ਹਾਂ ਪੂਰੇ ਗਹੁ ਨਾਲ ਵਾਚਿਆ। ਕਿਊਟਾ ਨੇ ਦੁੱਧ ਪੀਂਦੇ ਵਕਤ ਆਪਣੀ ਜੀਭ ਨੂੰ ਅੰਗ਼ਰੇਜ਼ੀ ਦੇ ਅੱਖਰ 'ਜੇ' ਦੇ ਅਕਾਰ ਵਿਚ ਢਾਲਿਆ ਹੀ ਨਹੀਂ। ਉਸਦੀ ਜੀਭ ਦਾ ਇਕ ਕਿਨਾਰਾ ਹੀ ਦੁੱਧ ਦੀ ਸਤ੍ਹਾ ਤੱਕ ਪਹੁੰਚਦਾ ਹੈ। ਉਹ ਜੀਭ ਥੱਲੇ ਤੱਕ ਲਿਜਾਣ ਦੀ ਬਜਾਏ ਸਿਰਫ਼ ਉੱਪਰਲੀ ਸਤ੍ਹਾ ਨੂੰ ਹੀ ਛੂੰਹਦੀ ਹੈ। ਜਦੋਂ ਤੱਕ ਉਹ ਆਪਣੀ ਜੀਭ ਨੂੰ ਵਾਪਸ ਨਹੀਂ ਖਿੱਚਦੀ, ਦੁੱਧ ਉਸਦੇ ਅੰਦਰ ਜਾਂਦਾ ਰਹਿੰਦਾ ਹੈ। ਉਸਦੀ ਗਤੀਸ਼ੀਲ ਜੀਭ ਅਤੇ ਤਰਲ ਸਤ੍ਹਾ ਵਿਚਕਾਰ ਦੁੱਧ ਦਾ ਇਕ ਸਤੰਭ (ਬੁਲਬੁਲਾ ਨੁਮਾ ਖੰਭਾ) ਬਣ ਜਾਂਦਾ ਹੈ। ਬਿੱਲੀ ਆਪਣੇ ਜਬਾੜਿਆਂ ਨੂੰ ਢੁੱਕਵੇਂ ਸਮੇਂ ਤੇ ਇਸ ਤਰ੍ਹਾਂ ਬੰਦ ਕਰ ਲੈਂਦੀ ਹੈ ਕਿ ਦੁੱਧ ਖਿਲਰਨ ਦੀ ਬਜਾਏ ਸਿੱਧਾ ਉਸਦੇ ਮੂੰਹ ਵਿਚ ਜਾਂਦਾ ਹੈ। ਬਿੱਲੀ ਕੋਲ ਦੁੱਧ ਨੂੰ ਚੁੱਕਣ ਦਾ ਅਸਲੀ ਔਜ਼ਾਰ ਉਸ ਦੀ ਜੀਭ ਹੀ ਹੈ। ਜਦੋਂ ਲਮਕੀ ਹੋਈ ਜੀਭ ਤਰਲ ਦੀ ਸਤ੍ਹਾ ਨੂੰ ਛੂੰਹਦੀ ਹੈ ਤਾਂ ਸਤ੍ਹਾ ਤਣਾਓ ਦੇ ਕਾਰਨ ਦੁੱਧ ਖੁਰਦਰੀ ਅਤੇ ਮੋਟੀ ਜੀਭ ਨਾਲ ਚਿਪਕ ਜਾਂਦਾ ਹੈ।

"ਜਦੋਂ ਬੱਸ ਚੱਲ ਰਹੀ ਹੁੰਦੀ ਹੈ। ਉਹ ਤੇ ਸਵਾਰੀਆਂ ਗਤੀ ਵਿਚ ਹੁੰਦੀਆਂ ਹਨ। ਅਚਾਨਕ ਬੱਸ ਦੇ ਰੁਕਣ 'ਤੇ ਬੱਸ ਅਤੇ ਸਵਾਰੀਆਂ ਦੇ ਸਰੀਰ ਦਾ ਹੇਠਲਾ ਹਿੱਸਾ ਵਿਰਾਮ ਅਵਸਥਾ ਵਿਚ ਆ ਜਾਂਦੇ ਹਨ ਪਰ ਸਵਾਰੀਆਂ ਦੇ ਸਰੀਰ ਦਾ ਉੱਪਰਲਾ ਹਿੱਸਾ ਗਤੀ ਵਿਚ ਹੋਣ ਕਾਰਨ ਹੀ ਉਹ ਅੱਗੇ ਵੱਲ ਡਿੱਗਦੀਆਂ ਹਨ। ਅਜਿਹਾ ਗਤੀ ਦੀ ਜੜ੍ਹਤਾ ਦੇ ਕਾਰਨ ਵਾਪਰਦਾ ਹੈ। ਬਿੱਲੀ ਦੀ ਜੀਭ ਦਾ ਦੁੱਧ ਅੰਦਰ ਵੱਲ ਖਿੱਚਣਾ ਇਸੇ ਜੜ੍ਹਤਾ ਦੇ ਕਾਰਨ ਹੀ ਹੈ।" ਸਟਾਕਰ ਨੇ ਬਿੱਲੀ ਵਲੋਂ ਦੁੱਧ ਪੀਣ ਦੀ

ਘਟਨਾ 'ਤੇ ਜੜ੍ਹਤਾ ਦਾ ਸਿਧਾਂਤ ਲਾਗੂ ਕਰ ਦਿੱਤਾ ਹੈ।

"ਡਾਕਟਰ ਸਟਾਕਰ, ਭਲਾ ਇਹ ਜੜ੍ਹਤਾ ਦਾ ਸਿਧਾਂਤ ਜੀਭ ਦੁਆਰਾ ਦੁੱਧ ਪੀਣ ਉੱਤੇ ਕਿਵੇਂ ਲਾਗੂ ਹੋਇਆ?" ਇਕ ਵਿਗਿਆਨੀ ਨੂੰ ਇਹ ਘਟਨਾ ਜੜ੍ਹਤਾ ਦੇ ਸਿਧਾਂਤ ਨਾਲ ਜੋੜਨੀ ਉੱਕਾ ਹੀ ਗ਼ਲਤ ਲੱਗੀ ਹੈ?

"ਜਦੋਂ ਬਿੱਲੀ ਜੀਭ ਨੂੰ ਆਪਣੇ ਮੂੰਹ ਵਿਚ ਤੇਜ਼ੀ ਨਾਲ ਵਾਪਸ ਲਿਜਾਂਦੀ ਹੈ ਤਾਂ ਉਸਦੀ ਜੀਭ ਨਾਲ ਲੱਗਿਆ ਦੁੱਧ ਜੜ੍ਹਤਾ ਦੇ ਕਾਰਨ ਖਿੱਚਿਆ ਜਾਂਦਾ ਹੈ। ਹਾਲਾਂਕਿ ਜੀਭ ਉੱਪਰ ਵੱਲ ਨੂੰ ਖਿੱਚੀ ਜਾਂਦੀ ਹੈ ਤਾਂ ਜੜ੍ਹਤਾ ਦੇ ਕਾਰਨ ਦੁੱਧ ਸਤੰਭ ਹੇਠਾਂ ਵੱਲ ਆਉਣਾ ਚਾਹੀਦਾ। ਇਕ ਸੈਕਿੰਡ ਤੋਂ ਵੀ ਘੱਟ ਸਮੇਂ ਵਿਚ ਦੁੱਧ ਹੇਠਾਂ ਪਿਆਲੇ ਵਿਚ ਡਿੱਗਣ ਲਈ ਗੁਰੂਤਾ (Gravity) ਦੇ ਵਿਰੁੱਧ ਦੁੱਧ ਉੱਪਰ ਵੱਲ ਖਿੱਚਿਆ ਜਾਂਦਾ ਹੈ। ਇਸ ਤੋਂ ਪਹਿਲਾਂ ਕਿ ਗੁਰੂਤਾ ਦੁੱਧ ਨੂੰ ਵਾਪਸ ਹੇਠਾਂ ਸੁੱਟੇ, ਬਿੱਲੀ ਪੂਰੀ ਸਾਵਧਾਨੀ ਨਾਲ ਉਸ ਨੂੰ ਆਪਣੇ ਅੰਦਰ ਖਿੱਚ ਕੇ ਲੈ ਜਾਂਦੀ ਹੈ।" ਉਸਨੇ ਸਾਥੀ ਵਿਗਿਆਨੀਆਂ ਨੂੰ ਵਿਸਥਾਰ ਨਾਲ ਸਮਝਾਇਆ ਹੈ।

ਉਸਦੇ ਸਾਥੀ ਵਿਗਿਆਨੀਆਂ ਦੀ ਉਸਦੀ ਪੁਸ਼ਟੀ ਨਾਲ ਤਸੱਲੀ ਨਹੀਂ ਹੋਈ। ਉਹ ਅਜੇ ਵੀ ਸ਼ੰਕਾ ਵਿਚ ਹਨ। ਉਸਨੇ ਉਨ੍ਹਾਂ ਨੂੰ ਦੁਬਿਧਾ ਵਿਚੋਂ ਕੱਢਣ ਲਈ ਇਕ ਪ੍ਰਯੋਗ ਕਰਕੇ ਦੱਸਿਆ ਹੈ। ਉਸਨੇ ਦੁੱਧ ਦਾ ਭਰਿਆ ਪਿਆਲਾ ਮੇਜ਼ ਤੇ ਰੱਖਿਆ ਹੈ। ਉਸਨੇ ਸਾਥੀ ਵਿਗਿਆਨੀ ਨੂੰ ਪਹਿਲੀ ਉਂਗਲੀ ਡੋਬਣ ਅਤੇ ਧਿਆਨ ਨਾਲ ਦੇਖਣ ਲਈ ਕਿਹਾ ਹੈ, ਪਰ ਸਾਥੀ ਵਿਗਿਆਨੀ ਨੂੰ ਇਸ ਪ੍ਰਕਿਰਿਆ ਵਿਚ ਕੁਝ ਵੀ ਦਿਖਾਈ ਨਹੀਂ ਦਿੱਤਾ। ਇਸ ਪ੍ਰਕਿਰਿਆ ਨੂੰ ਤਿੰਨ-ਚਾਰ ਵਾਰੀ ਦੁਹਰਾਉਣ ਤੋਂ ਬਾਅਦ ਚੌਥੀ ਵਾਰੀ ਉਸਨੂੰ ਸਮਝ ਆ ਗਈ । ਉਸਨੇ ਉਂਗਲੀ ਨੂੰ ਦੁੱਧ ਵਿਚ ਡੋਬ ਕੇ ਅਚਾਨਕ ਬਾਹਰ ਵੱਲ ਖਿੱਚਿਆ ਹੈ । ਉਸਦੀ ਉਂਗਲੀ ਦੇ ਸਿਰੇ ਅਤੇ ਦੁੱਧ ਦੇ ਪਿਆਲੇ ਦਰਮਿਆਨ ਤਰਲ-ਸਤੰਭ ਬਣ ਗਿਆ ਸੀ। ਉਨ੍ਹਾਂ ਨੂੰ ਤਰਲ ਸਤੰਭ ਉੱਪਰ ਨੂੰ ਉੱਠਦਾ ਦਿਖਾਈ ਦੇ ਰਿਹਾ ਹੈ । ਇਸ ਲਈ ਉਸਨੇ ਸਪੱਸ਼ਟ ਕੀਤਾ ਹੈ, "ਇਹ ਬਹੁਤ ਹੀ ਥੋੜ੍ਹੇ ਸਮੇਂ ਲਈ ਹੁੰਦਾ ਹੈ ਕਿ ਤੁਹਾਡੀ ਉਂਗਲੀ ਦੇ ਉੱਪਰ ਚੜ੍ਹਿਆ ਦੁੱਧ ਜੜ੍ਹਤਾ ਦੇ ਕਾਰਨ ਖਿੱਚਿਆ ਗਿਆ ਹੈ। ਬਿਲਕੁਲ ਇਸੇ ਤਰ੍ਹਾਂ ਬਿੱਲੀ ਆਪਣੀ ਜੀਭ ਨਾਲ ਦੁੱਧ ਨੂੰ ਖਿੱਚਦੀ ਹੈ।"

ਇਸ ਤੋਂ ਬਾਅਦ ਸਟਾਕਰ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਇਸ ਸਿਧਾਂਤ ਨੂੰ ਹੋਰ ਪਰਖਣ ਲਈ ਬਿੱਲੀ ਦੀ ਜੀਭ ਦਾ ਰੋਬੋਟਿਕ ਮਾਡਲ ਬਣਾਇਆ ਹੈ। ਉਨ੍ਹਾਂ ਨੇ ਦੁੱਧ ਦੇ ਭਰੇ ਪਿਆਲੇ ਨੂੰ ਪ੍ਰਯੋਗਸ਼ਾਲਾ ਦੇ ਟੇਬਲ ਉੱਤੇ ਟਿਕਾਇਆ। 'ਰੋਬੋਟਿਕ ਮਾਡਲ' ਜੀਭ ਨੂੰ ਦੁੱਧ ਦੀ ਸਤ੍ਹਾ ਨਾਲ ਛੁਹਾ ਕੇ ਉਸ ਦੀ ਕਿਰਿਆ ਪਰਖੀ ਗਈ। ਚਾਰੇ ਵਿਗਿਆਨੀਆਂ ਨੇ ਆਪਣੀ ਨਿਗਾਹ ਜੀਭ ਉੱਤੇ ਟਿਕਾਈ ਹੋਈ ਹੈ। ਇਸ ਪ੍ਰਯੋਗ ਰਾਹੀਂ ਤਰਲ ਪੀਣ ਦੇ ਵੱਖ-ਵੱਖ ਪਹਿਲੂਆਂ ਨੂੰ ਵਿਧੀ ਪੂਰਵਕ ਸਮਝਣ ਅਤੇ ਉਸ ਸਿਧਾਂਤ ਨੂੰ ਵਿਕਸਤ ਕਰਨ ਵਿਚ ਮਦਦ ਮਿਲੀ ਹੈ। ਵਿਗਿਆਨੀਆਂ ਨੇ ਸਿੱਧ ਕਰ ਦਿੱਤਾ ਹੈ ਕਿ ਬਿੱਲੀ ਵਲੋਂ ਬਹੁਤ ਤੇਜ਼ੀ ਨਾਲ ਦੁੱਧ ਪੀਣ ਦੀ ਘਟਨਾ ਅਧਿਕ ਤਰਤੀਬ ਬੱਧ ਅਤੇ ਸੂਖ਼ਮ ਹੈ। ਬਿੱਲੀ ਵਲੋਂ ਆਪਣੀ ਜੀਭ ਨੂੰ ਅੱਗੇ ਵਧਾਉਣਾ ਅਤੇ ਉਸ ਨੂੰ ਆਪਣੇ ਮੂੰਹ ਵਿਚ ਵਾਪਸ ਤੇਜ਼ ਰਫ਼ਤਾਰ ਨਾਲ ਲਿਆਉਣਾ ਉਸਦੀ ਦੁੱਧ ਪੀਣ ਦੀ ਨਿਪੁੰਨਤਾ ਦੀ ਪੁਸ਼ਟੀ ਕਰਦਾ ਹੈ। ਬਿੱਲੀ ਦੀ ਜੀਭ ਪ੍ਰਤੀ ਸੈਕਿੰਡ ਇਕ ਮੀਟਰ ਦੀ ਗਤੀ ਨਾਲ ਗਤੀਸ਼ੀਲ ਹੁੰਦੀ ਹੈ ਅਤੇ ਉਹ ਪ੍ਰਤੀ ਸੈਕਿੰਡ ਛੇ ਵਾਰ ਦੀ ਤੀਬਰਤਾ ਨਾਲ ਚੱਟ ਸਕਦੀ ਹੈ। ਬੱਸ ਇਸ ਤੋਂ ਬਾਅਦ ਡਾ. ਰੋਮਨ ਸਟਾਕਰ ਨੇ ਆਪਣੇ ਸਾਥੀਆਂ ਨੂੰ ਮੁਬਾਰਕਾਂ ਦਿੰਦੇ ਹੋਏ, ਇਸ ਖੋਜ਼ ਬਾਰੇ ਆਪਣੇ ਨੋਟਸ ਲਿਖ ਦਿੱਤੇ ਹਨ।

ਉਸਦੇ ਦਿਲ ਵਿਚ ਇਕ ਖ਼ੁਸ਼ੀ ਦੀ ਲਹਿਰ ਉੱਠੀ ਹੈ। ਉਸਦਾ ਚਿਹਰਾ ਖਿੜਿਆ ਪਿਆ ਹੈ। ਉਹ ਝੂਮਦਾ ਹੋਇਆ ਘਰ ਪੁੱਜਾ ਹੈ। ਉਸਦੀ ਬੇਟੀ ਅਤੇ ਪਤਨੀ ਉਸ ਨੂੰ ਦੇਖ ਕੇ ਘਬਰਾ ਗਈਆਂ ਹਨ। ਉਸਨੇ ਦੋਵਾਂ ਨੂੰ ਕਲਾਵੇ ਵਿਚ ਲੈ, ਆਸੇ ਪਾਸੇ ਨਜ਼ਰ ਦੌੜਾਈ ਹੈ। ਕਿਊਟਾ ਤੇ ਟਫ਼ੀ ਨਜ਼ਰੀਂ ਨਹੀਂ ਪਏ। ਕਮਰੇ ਤੋਂ ਬਾਹਰ 'ਚੱਪ-ਚੱਪ' ਦੀ ਅਵਾਜ਼ ਸੁਣਾਈ ਦਿੱਤੀ ਹੈ। ਉਸਨੇ ਓਧਰ ਨੂੰ ਤੇਜ਼ ਕਦਮ ਪੁੱਟਿਆ ਹੈ।

ਮਾਵਾਂ -ਧੀਆਂ ਦੋਵੇਂ ਡਰ ਗਈਆਂ ਹਨ। ਉਹ ਵੀ ਉਸ ਦੇ ਪਿੱਛੇ ਆ ਗਈਆਂ ਹਨ। ਕਿਊਟਾ ਅਰਾਮ ਨਾਲ ਬਾਟੀ ਵਿਚੋਂ ਦੁੱਧ ਪੀ ਰਹੀ ਹੈ। ਟਫ਼ੀ ਦਾ ਦੁੱਧ ਛੰਨੇ ਤੋਂ ਬਾਹਰ ਡੁੱਲ੍ਹਿਆ ਹੋਇਆ ਹੈ। ਉਸਦਾ ਮੂੰਹ ਵੀ ਲਿਬੜਿਆ ਹੋਇਆ ਹੈ। ਫ਼ਰਸ਼ ਉੱਤੇ ਦੁੱਧ ਦੇ ਥਾਂ-ਥਾਂ ਨਿਸ਼ਾਨ ਲੱਗੇ ਹੋਏ ਹਨ। ਕਈ ਥਾਵਾਂ ਤੋਂ ਫ਼ਰਸ਼ ਬਹੁਤ ਗੰਦਾ ਹੋ ਗਿਆ ਹੈ। ਉਸਦੀ ਪਤਨੀ ਨੇ ਸਾਫ਼ ਕਰਨ ਲਈ ਪੋਚਾ ਚੁੱਕਿਆ ਹੈ। ਡਾ. ਸਟਾਕਰ ਨੇ ਉਸਨੂੰ ਇਸ਼ਾਰੇ ਨਾਲ ਰੋਕ ਦਿੱਤਾ ਹੈ। ਟਫ਼ੀ ਨੇ ਫ਼ਰਸ਼ ਵੀ ਚੱਟ ਲਿਆ ਹੈ। ਸਟਾਕਰ ਨੇ ਦੋਵਾਂ ਨੂੰ ਬਹੁਤ ਪਿਆਰ ਕੀਤਾ ਹੈ। ਉਸਦੀ ਬੇਟੀ ਅਤੇ ਪਤਨੀ ਇਹ ਦ੍ਰਿਸ਼ ਦੇਖ ਕੇ ਖ਼ੁਸ਼ ਹੋ ਗਈਆਂ ਹਨ। ਸਟਾਕਰ ਨੇ ਦੋਵਾਂ ਦੇ ਮੂੰਹ ਚੱਟਣੇ ਸ਼ੁਰੂ ਕੀਤੇ ਹਨ।

ਕਿਊਟਾ ਨੇ ਮਿਆਊਂ ਕਿਹਾ ਹੈ। ਉਹ ਮੁਸਕਰਾਉਂਦਾ ਹੋਇਆ ਕਿਊਟਾ ਲਈ ਦੁੱਧ ਦੀ ਬਾਟੀ ਲੈਣ ਰਸੋਈ ਵੱਲ ਤੁਰ ਪਿਆ ਹੈ।

## ਲੇਖ ਦੇ ਅੰਤ ਵਿੱਚ

* ਆਸਟ੍ਰੇਲੀਆ ਜਨ ਜਾਤੀ ਵਿਚ ਤਾਰੇ ਨੂੰ ਕਿਊਟਾ ਆਖਦੇ ਹਨ।

* ਜੜ੍ਹਤਾ ਦਾ ਸਿਧਾਂਤ (Law of inertia): ਹਰ ਇਕ ਵਸਤੂ ਆਪਣੀ ਗਤੀ ਦੀ ਅਵਸਥਾ ਵਿਚ ਪਰਿਵਰਤਨ ਦਾ ਵਿਰੋਧ ਕਰਦੀ ਹੈ। ਜੇ ਕਰ ਇਹ ਵਿਰਾਮ ਅਵਸਥਾ ਵਿਚ ਹੈ ਤਾਂ ਵਿਰਾਮ ਅਵਸਥਾ ਵਿਚ ਹੀ ਰਹਿਣ ਦੀ ਕੋਸ਼ਿਸ਼ ਕਰੇਗੀ। ਜੇ ਕਰ ਇਹ ਚੱਲ ਰਹੀ ਹੈ ਤਾਂ ਇਹ ਚੱਲਣ ਦੀ ਕੋਸ਼ਿਸ਼ ਕਰੇਗੀ। ਵਸਤੂ ਆਪਣੀ ਮੂਲ ਅਵਸਥਾ ਨੂੰ ਬਣਾਈ ਰੱਖਣਾ ਚਾਹੁੰਦੀ ਹੈ। ਵਸਤੂ ਦਾ ਇਹ ਗੁਣ ਉਸਦੀ ਜੜ੍ਹਤਾ ਅਖਵਾਉਂਦਾ ਹੈ।

* ਡਾ. ਰੋਮਨ ਸਟਾਕਰ ਇੰਗਲੈਂਡ ਦਾ ਜੀਵ ਭੌਤਿਕ ਵਿਗਿਆਨੀ ਹੈ। ਉਸਨੇ ਸਿਵਲ ਇੰਜਨੀਅਰਿੰਗ ਵਿਚ ਯੂਨੀਵਰਸਿਟੀ ਆਫ਼ ਪਡੋਵਾ ਤੋਂ ਡਾਕਟਰੇਟ ਕੀਤੀ ਹੋਈ ਹੈ। ਉਹ ਕੈਂਬਰਿਜ ਵਿਚ ਸਿਵਲ ਅਤੇ ਇਨਵਾਇਰਨਮੈਂਟਲ ਇੰਜਨੀਅਰਿੰਗ ਦਾ ਐਸੋਸੀਏਟ ਪ੍ਰੋਫ਼ੈਸਰ ਹੈ।

* ਉਸ ਕੋਲੋਂ ਇਹ ਖ਼ੋਜ ਅਚਾਨਕ ਹੋਈ ਹੈ। ਉਸਨੇ ਨਾਸ਼ਤਾ ਕਰਦੇ ਸਮੇਂ ਆਪਣੀ ਪਾਲਤੂ ਬਿੱਲੀ ਨੂੰ ਦੁੱਧ ਪਿਲਾਉਂਦੇ ਵਕਤ ਨੋਟ ਕੀਤਾ ਸੀ ਕਿ ਬਿੱਲੀ ਬਿਨ੍ਹਾਂ ਡੋਲ੍ਹੇ ਜਾਂ ਖਿਲਾਰੇ ਦੁੱਧ ਪੀ ਰਹੀ ਹੈ। ਇਹ ਵਾਚਣ ਤੋਂ ਬਆਦ ਹੀ ਉਸ ਨੇ ਇਸ ਘਟਨਾ ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ।

ਫ਼ੋਨ: 94630-63990, Email: ajmersidhu2007@yahoo.co.in

# ਹਿਸਟੀਰੀਆ ਇੱਕ ਅਬੁੱਝ ਮਾਨਸਿਕ ਰੋਗ



ਰਾਜਾਰਾਮ ਹੰਡਿਆਇਆ

**ਨੋਟ :- ਇਹ ਲੇਖ ਪ੍ਰਸਿੱਧ ਮਨੋ-ਚਕਿੱਤਸਕ ਡਾ. ਸੱਤਿਆਵਤੀ, ਰਾਮ ਮਨੋਹਰ ਲੋਹੀਆ ਹਸਪਤਾਲ, ਨਵੀਂ ਦਿੱਲੀ ਨਾਲ ਆਸ਼ਾ ਰਾਣੀ ਵੋਹਰਾ ਦੁਆਰਾ ਕੀਤੀ ਇੱਕ ਭੇਂਟ ਤੇ ਅਧਾਰਤ ਹੈ।**

ਹਿਸਟੀਰੀਆ ਦਾ ਅਰਥ ਆਮ ਤੌਰ ਬੇਹੋਸ਼ੀ ਦੇ ਦੌਰੇ ਆਉਣ ਨੂੰ ਮੰਨਿਆ ਜਾਂਦਾ ਹੈ ਪਰ ਅਜਿਹਾ ਨਹੀਂ ਹੈ। ਇਸਦੇ ਕਈ ਰੂਪ ਹਨ। ਕਿਸੇ ਜਟਿਲ ਸਮੱਸਿਆ ਵਿੱਚ ਉਲਝਿਆ ਮਨ ਜਦੋਂ ਕੋਈ ਹੱਲ ਨਹੀਂ ਲੱਭ ਸਕਦਾ ਤਾਂ ਲਗਾਤਾਰ ਮਾਨਸਿਕ ਸੰਘਰਸ਼ ਚੱਲਦਾ ਰਹਿੰਦਾ ਹੈ। ਉਸਤੇ ਜਦ ਰੋਗੀ ਨੂੰ ਲੱਗਦਾ ਹੈ ਕਿ ਉਸਨੂੰ ਕਿਤੋਂ ਹਮਦਰਦੀ ਨਹੀਂ ਮਿਲ ਰਹੀ ਜਾਂ ਉਸਨੂੰ ਗਲਤ ਸਮਝਿਆ ਜਾ ਰਿਹਾ ਹੈ ਤਾਂ ਉਸਦਾ ਘੁਟਦਾ ਅਚੇਤਨ ਮਨ ਹਿਸਟੀਰੀਆ ਦੁਆਰਾ ਦੱਬੇ ਵਿਚਾਰਾਂ ਨੂੰ ਬਾਹਰ ਕੱਢਣ ਦਾ ਰਸਤਾ ਖੋਜ਼ ਲੈਂਦਾ ਹੈ। ਇਸ ਲਈ ਦੌਰੇ ਹੀ ਨਹੀਂ ਪੈਂਦੇ, ਕਈ ਹੋਰ ਪ੍ਰਕਾਰ ਦੇ ਲੱਛਣ ਵੀ ਪ੍ਰਗਟ ਹੋ ਸਕਦੇ ਹਨ। ਕੋਈ ਹੱਥ ਕੰਮ ਨਹੀਂ ਕਰਦਾ ਤੇ ਲਕਵਾ ਲੱਗਣ ਲਗਦਾ ਹੈ, ਗਰਦਨ ਆਕੜ ਸਕਦੀ ਹੈ, ਕਦੇ-ਕਦੇ ਚੱਲਣ ਵਿੱਚ ਕਠਿਨਾਈ ਪੈਦਾ ਹੋ ਸਕਦੀ ਹੈ। ਕਦੇ ਲਗਾਤਾਰ ਸਿਰਦਰਦ, ਥਕਾਵਟ ਤੇ ਨੀਂਦ ਦੀ ਕਮੀਂ ਹੋ ਸਕਦੀ ਹੈ। ਕਦੇ-ਕਦੇ ਭੂਤ-ਪ੍ਰੇਤ ਦੀ ਰੋਕ ਸਤਾਉਣ ਲਗਦੀ ਹੈ। ਭਾਵ ਮਾਨਸਿਕ ਸੰਘਰਸ਼ ਤੇਜ ਹੋਣ 'ਤੇ ਜਦੋਂ ਉਹ ਆਪਣੀ ਰਾਹ ਬਦਲ ਕੇ ਪ੍ਰਕਿਰਿਆ ਕਰਦਾ ਹੈ ਤੇ ਇਸ ਕਿਰਿਆ ਨਾਲ ਉਸਨੂੰ ਲਾਭ ਵੀ ਮਿਲਣ ਲਗਦਾ ਹੈ ਤਾਂ ਇਸ ਸਥਿਤੀ ਨੂੰ ਹਿਸਟੀਰੀਆਂ ਕਹਿੰਦੇ ਹਨ।

ਰੋਗ ਤੇ ਰੋਗ ਦਾ ਲਾਭ? ਵਿਰੋਧਭਾਸ ਲੱਗਦਾ ਹੈ ਨਾ। ਪਰ ਗੱਲ ਸੱਚ ਹੈ। ਜਦੋਂ ਰੋਗ ਦੇ ਬਹਾਨੇ ਰੋਗੀ ਦੂਸਰਿਆ ਦਾ ਧਿਆਨ ਆਪਣੇ ਵੱਲ ਖਿਚਦਾ ਹੈ ਤਾਂ ਉਸਨੂੰ ਦੇਖਭਾਲ ਤੇ ਇਸਦਾ ਇਲਾਜ ਹੀ ਨਹੀਂ ਮਿਲਦਾ ਸਗੋਂ ਹਮਦਰਦੀ ਵੀ ਮਿਲਣ ਲਗਦੀ ਹੈ ਤਾਂ ਅਚੇਤਨ ਮਨ ਇਸਦਾ ਲਾਭ ਉਠਾਉਣ ਲਗਦਾ ਹੈ ਤਾਂ ਹਿਸਟੀਰੀਆ ਤਦ ਤੱਕ ਅੱਗੇ ਵਧਦਾ ਰਹਿੰਦਾ ਹੈ ਜਦੋਂ ਤੱਕ ਕੋਈ ਮਨੋ-ਚਕਿਤਸਕ ਮਨੋਵਿਸ਼ਲੇਸਣ ਦੁਆਰਾ ਉਸਦੀ ਤਹਿ ਪਕੜ ਕੇ ਉਸਦਾ ਹੱਲ ਨਹੀਂ ਲੱਭ ਲੈਂਦਾ ਤੇ ਰੋਗੀ ਦਾ ਇਲਾਜ ਨਹੀਂ ਕਰਦਾ। ਇਸ ਤਰ੍ਹਾਂ ਅਨੇਕ ਲੱਛਣਾਂ ਨਾਲ ਯੁਕਤ ਹਿਸਟੀਰੀਆ ਇਸਤ੍ਰੀ, ਪੁਰਸ਼, ਕਿਸ਼ੋਰ, ਜਵਾਨ ਕਿਸੇ ਨੂੰ ਵੀ ਹੋ ਸਕਦਾ ਹੈ ਪਰ ਇਸਤਰੀਆਂ ਤੇ ਉਹ ਵੀ ਜੋਸ਼ ਭਰੀ ਜਵਾਨੀ ਅਵਸਥਾ ਦੀਆਂ ਇਸਤਰੀਆਂ ਇਸਦਾ ਜਿਆਦਾ ਸ਼ਿਕਾਰ ਇਸ ਲਈ ਹੁੰਦੀਆਂ ਹਨ ਕਿਉਂਕਿ ਉਨ੍ਹਾਂ ਨੂੰ ਘਰਾਂ ਵਿੱਚ ਜਿਆਦਾ ਘੁਟਣਭਰੀ ਸੰਘਰਸ਼ਮਈ ਹਾਲਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਾਂ ਮਾਨਸਿਕ ਤਾੜਨਾ ਦਾ ਅਧਿਕ ਸ਼ਿਕਾਰ ਹੋਣਾ ਪੈਂਦਾ ਹੈ।

ਵਿਆਹੀਆਂ ਔਰਤਾਂ ਦੀ ਯੌਨ-ਸੰਤੁਸ਼ਟੀ ਨਾ ਹੋਵੇ ਤਾਂ ਉਹ ਆਮ ਕਰਕੇ ਕਹਿੰਦੀਆਂ ਨਹੀਂ ਤਾਂ ਕਿ ਸਸਤੀਆਂ (ਬਦਕਾਰ-ਅਨੁਵਾਦਕ) ਨਾ ਸਮਝੀਆਂ ਜਾਣ। ਕਿਤੇ ਗਲਤ ਸੰਬੰਧ ਹੋ ਜਾਣ ਤਾਂ ਆਦਮੀਆਂ ਦੀ ਨਿਸਬਤ ਜਿਆਦਾ ਅਪਰਾਧ ਭਾਵਨਾ ਨਾਲ ਘਿਰ ਜਾਂਦੀਆਂ ਹਨ। ਆਪਣੇ ਆਪਨੂੰ ਮਾਫ਼ ਨਹੀਂ ਕਰ ਸਕਦੀਆਂ ਜਾਂ ਭੇਦ ਖੁੱਲ੍ਹਣ ਦਾ ਡਰ ਉਨ੍ਹਾਂ ਨੂੰ ਸਤਾਉਂਦਾ ਹੈ ਤਾਂ ਬਦਨਾਮੀ ਦੇ ਭੈਅ ਨਾਲ ਉਹ ਇੰਗਜਾਇਟੀ ਹਿਸਟੀਰੀਆਂ ਦੀਆਂ ਸ਼ਿਕਾਰ ਹੋ ਜਾਂਦੀਆਂ ਹਨ। ਇਸ ਕਾਰਨ ਨੀਂਦ ਦੀ ਕਮੀਂ, ਥਕਾਵਟ ਆਦਿ ਲੱਛਣ ਪ੍ਰਗਟ ਹੁੰਦੇ ਹਨ। ਇੰਗਜਾਇਟੀ ਨਿਊਰੋਸਿਸ ਦੇ ਲੱਛਣ ਵੀ ਇਸ ਨਾਲ ਮਿਲਦੇ ਜੁਲਦੇ ਹਨ। ਦੋਹਾਂ ਸਥਿਤੀਆਂ ਵਿੱਚ ਮਨੋ-ਚਕਿੱਤਸਕ ਦੀ ਸਲਾਹ ਲੈਣੀ ਚਾਹੀਦੀ ਹੈ। ਮਨੋਵਿਸ਼ਲੇਸ਼ਣ ਦੁਆਰਾ ਇਸਦਾ ਹੱਲ ਲੱਭਿਆ (ਪਾਇਆ) ਜਾ ਸਕਦਾ ਹੈ।

**ਤਿੰਨ ਸ਼੍ਰੇਣੀਆਂ :-** ਹਿਸਟੀਰੀਆਂ ਦੀ ਪਹਿਲੀ ਸ਼੍ਰੇਣੀ ਹੈ-ਕਨਵਰੇਸ਼ਨ ਰਿਐਕਸ਼ਨ ਭਾਵ ਮਾਨਸਿਕ ਸੰਘਰਸ਼ ਦਾ ਰਾਹ ਬਦਲ ਕੇ ਪ੍ਰਗਟ ਹੋਣਾ।

**ਦੂਸਰੀ ਸ਼੍ਰੇਣੀ ਹੈ:-** ਗਹਿਰੀ ਚਿੰਤਾ ਜਾਂ ਅਪਰਾਧ ਭਾਵਨਾ ਐਂਗਜਾਇਟੀ ਹਿਸਟੀਰੀਆਂ ਦਾ ਰੂਪ ਲੈ ਲੈਣਾਂ 'ਤੇ

**ਤੀਜੀ ਸ਼੍ਰੇਣੀ ਹੈ :-** 'ਪੋਜੇਸ਼ਨ ਸਿੰਡ੍ਰੋਮ' ਭਾਵ ਦੱਬੀਆਂ ਇੱਛਾਵਾਂ ਦੀ ਪੂਰਤੀ ਲਈ ਕਿਸੇ ਬਾਹਰੀ ਛਾਇਆ ਨੂੰ ਹਾਵੀ ਕਰ ਲੈਣਾ। ਭੂਤ-ਪ੍ਰੇਤ ਦੀ ਕਸਰ ਇਸੇ ਕਾਰਨ ਹੁੰਦੀ ਹੈ ਤੇ ਝਾੜੇ-ਫੂਕ ਦੁਆਰਾ ਇਸਦਾ ਠੀਕ ਹੋਣਾ ਇੱਕ ਪ੍ਰਕਾਰ ਦੀ ਪੇਂਡੂ ਮੋਨ-ਚਕਿੱਤਸਾ ਹੀ ਹੈ। ਸੰਯੁਕਤ ਪਰਿਵਾਰ ਦੇ ਦਬਾਅ ਵਿੱਚ ਇਸ ਲਈ ਜਿਆਦਾ ਪ੍ਰਗਟ ਹੁੰਦੀ ਹੈ। ਕਿਉਂਕਿ ਘੁੱਟਦਾ ਹੋਇਆ ਅਚੇਤਨ ਮਨ, ਧਰਮ ਦੀ ਆੜ ਵਿੱਚ ਜਿਸਨੂੰ ਸਮਾਜਿਕ ਸਵੀਕਿਰਤੀ ਮਿਲੀ ਹੁੰਦੀ ਹੈ, ਆਪਣੀ ਇੱਛਾ ਪੂਰਤੀ ਦਾ ਰਸਤਾ ਲੱਭ ਲੈਂਦਾ ਹੈ। ਕਿਸੇ ਨੂੰ ਗਾਲ ਦੇਣੀ ਹੋਵੇ, ਕਿਸੇ ਨੂੰ ਥੱਪੜ ਮਾਰਨਾ ਹੋਵੇ, ਭੂਤ-ਪ੍ਰੇਤ ਦੇ ਵਸ ਹੋ ਕੇ ਮਨ ਦਾ ਗੁਬਾਰ ਅਸਾਨੀ ਨਾਲ ਕੱਢਿਆ ਜਾ ਸਕਦਾ ਹੈ। ਇਸ ਲਈ ਦੱਬੀ ਇੱਛਾ ਦੀ ਸੰਤੁਸ਼ਟੀ ਹੋਣ ਨਾਲ ਸਭ ਦਾ ਧਿਆਨ ਖਿੱਚ ਲੈਣਾ, ਹਮਦਰਦੀ, ਆਦਰ ਪਾ ਲੈਣ ਦੀ ਸਹੂਲਤ ਮਿਲਦੀ ਹੈ। ਇਸੇ ਤਰ੍ਹਾਂ ਜਦ ਦੇਵੀ ਪ੍ਰਗਟ ਹੋਣ ਨਾਲ ਲੋਕਾਂ ਦਾ ਆਦਰ ਮਿਲਦਾ ਹੈ ਤਾਂ ਕਈ ਇਸਤਰੀਆਂ ਵਾਲ਼ ਖੋਲ੍ਹਕੇ

ਹਿਸਟੀਰੀਆ ਵਿੱਚ 'ਦੇਵੀ' ਬਣ ਜਾਂਦੀਆਂ ਹਨ ਤੇ ਖੇਡਣ ਲੱਗ ਪੈਂਦੀਆਂ ਹਨ। ਕਦੇ ਭੂਤ ਦੀ ਕਸਰ ਵਿੱਚ ਗਰਦਨ ਵੀ ਅਕੜਾ ਲਈ ਜਾਂਦੀ ਹੈ, ਤਾਂ ਝਾੜ ਫੂਕ ਜਾਂ ਤਾਂਤਰਿਕ ਦੀ ਮਾਰ ਤੇ ਤਾੜਨਾ ਨਾਲ ਭੂਤ ਭੱਜ ਜਾਂਦਾ ਹੈ ਅਤੇ ਰੋਗ ਠੀਕ ਹੋ ਜਾਂਦਾ ਹੈ। ਅਸਲ ਵਿੱਚ ਬੁਨਿਆਦੀ ਰੂਪ ਵਿੱਚ ਇਹ ਵੀ ਮੋਨ-ਚਕਿਤਸਾ ਹੀ ਹੈ।

**ਦੌਰਾ, ਪਹਿਚਾਣ ਤੇ ਇਲਾਜ:** ਹਿਸਟੀਰੀਆ ਦੇ ਦੌਰੇ ਪੈਣੇ ਇਸਤਰੀਆਂ ਵਿੱਚ ਆਮ ਗੱਲ ਹੈ। ਇਸਦੇ ਲੱਛਣ ਹਨ-ਜਿਆਦਾਤਰ ਸਾਹ ਤੇਜ-ਤੇਜ ਚਲਣਾ, ਹੱਥ ਪੈਰ ਹਿਲਾਣਾ, ਕਦੇ ਚੀਕਣਾਂ ਵੀ, ਮੁੱਠੀਆਂ ਕਸ ਲੈਣੀਆਂ, ਅੱਖਾਂ ਬੰਦ ਪਰ ਪੁਤਲੀਆਂ ਹਿਲਣੀਆਂ, ਪਰ ਰੋਗਣੀ ਆਮ ਤੌਰ ਸੁਰੱਖਿਅਤ ਥਾਂ ਤੇ ਲੇਟਦੀ ਜਾਂ ਗਿਰਦੀ ਹੈ। ਡਿੱਗਣ ਸਮੇਂ ਆਪਣੇ ਆਪਨੂੰ ਸੱਟ ਤੋਂ ਬਚਾ ਲੈਂਦੀ ਹੈ। ਇਨ੍ਹਾਂ ਦੌਰਿਆਂ ਦੀ ਮਿਰਗੀ ਤੋਂ ਅੱਡ ਪਹਿਚਾਣ ਹੈ। ਮਿਰਗੀ ਵਿੱਚ ਰੋਗੀ ਕਿਤੇ ਵੀ ਅਚਾਨਕ ਡਿਗਦਾ ਹੈ। ਆਪਣੇ ਆਪਨੂੰ ਸੱਟ ਤੋਂ, ਜਲਣ ਤੋਂ ਨਹੀਂ ਬਚਾ ਸਕਦਾ। ਦੰਦ ਭੀਚਣ ਸਮੇਂ ਆਪਣੀ ਜੀਭ ਕੱਟ ਲੈਂਦਾ ਹੈ। ਉਸਦੇ ਮੂੰਹ ਵਿੱਚੋਂ ਝੱਗ ਨਿਕਲਦੀ ਹੈ ਪਰ ਹਿਸਟੀਰੀਆ ਵਿੱਚ ਜੀਭ ਨਹੀਂ ਕੱਟਦੀ, ਮੂੰਹ ਵਿੱਚੋਂ ਝੱਗ ਨਹੀਂ ਆਉਂਦੀ। ਦੌਰੇ ਸਮੇਂ, ਆਲੇ ਦੁਆਲੇ ਕੀ ਹੋ ਰਿਹਾ ਹੈ, ਆਮ ਕਰਕੇ ਪਤਾ ਰਹਿੰਦਾ ਹੈ।

ਘਰ ਦੇ ਲੋਕਾਂ ਨੇ ਉਸ ਵੇਲੇ ਇਹੀ ਕਰਨਾ ਹੈ ਕਿ ਰੋਗਣ ਦੇ ਕੱਪੜੇ ਢਿੱਲੇ ਕਰ ਦੇਣ। ਉਸਦਾ ਸਿਰ ਇਕ ਪਾਸੇ ਕਰਕੇ ਠੀਕ ਸਾਹ ਲੈਣ ਦੇਣ। ਜਬਰਦਸਤੀ ਮੁੱਠੀਆਂ ਜਾਂ ਦੰਦ ਨਾ ਖੋਲ੍ਹਣਾ ਭੀੜ ਇਕੱਠੀ ਨਾ ਕਰਕੇ ਹਵਾ ਆਉਣ ਦੇਣਾ ਥੋੜ੍ਹੀ ਦੇਰ ਬਾਅਦ ਦੌਰਾ ਆਪਣੇ ਆਪ ਠੀਕ ਹੋ ਜਾਵੇਗਾ, ਨਾ ਹੋਵੇ ਤਾਂ ਤੇਜ ਗੰਧ ਅਮੋਨੀਆਂ ਜਾਂ ਕੱਟਿਆ ਹੋਇਆ ਪਿਆਜ ਸੁੰਘਾਓ। ਫਿਰ ਹੋਸ਼ ਵਿੱਚ ਆਉਣ ਤੋਂ ਬਾਅਦ ਪਹਿਲਾਂ ਦੋ ਚਾਰ ਚਮਚੇ ਪਾਣੀ ਪਿਆਉ, ਫਿਰ ਗਰਮ ਦੁੱਧ ਜਾਂ ਚਾਹ ਪਿਆਉ। ਬਾਅਦ ਵਿੱਚ ਸਥਾਈ ਇਲਾਜ ਲਈ ਮਨੋ-ਚਕਿੱਤਸਕ ਕੋਲ ਲਿਜਾਉ। ਮਨੋ-ਵਿਸਲੇਸ਼ਣ ਨਾਲ, ਠੀਕ ਇਲਾਜ ਨਾਲ, ਘਰਦਿਆ ਦੇ ਸਹਿਯੋਗ ਨਾਲ ਇਸਦਾ ਸਫ਼ਲ ਇਲਾਜ ਸੰਭਵ ਹੈ। ਹਿਸਟੀਰੀਆਂ ਤੇ ਮਿਰਗੀ ਵਿੱਚ ਪਹਿਚਾਣ ਨਾ ਹੋ ਰਹੀ ਹੋਵੇ ਤਾਂ ਮਨੋ-ਚਕਿਤਸਕ ਦੀ ਸਲਾਹ ਲਉ।

**ਬਹਾਨਾ ਨਹੀਂ, ਅਚੇਤਨ ਮਨ ਦਾ ਖੇਲ੍ਹ :-**

ਇੰਗਜਾਇਟੀ ਨਿਊਰੋਸਿਸ ਤੇ ਇੰਗਜਾਇਟੀ ਹਿਸਟੀਰੀਆ ਦੀ ਪਹਿਚਾਨ ਵੀ ਮਨੋ-ਚਕਿਤਸਕ ਹੀ ਕਰੇਗਾ। ਲੱਛਣ ਲੱਗਭੱਗ ਇੱਕ ਹਨ ਪਰ ਹਿਸਟੀਰੀਆ ਦਾ ਰੋਗੀ ਇਸਦੇ ਕਾਰਨ ਤੋਂ ਅਣਜਾਣ ਹੁੰਦਾ ਹੈ।

ਹਿਸਟੀਰੀਆ ਪੂਰੀ ਤਰ੍ਹਾਂ ਅਚੇਤਨ-ਮਨ ਦਾ ਖੇਲ੍ਹ ਹੈ। ਇਸ ਲਈ ਰੋਗੀ ਬਹਾਨਾ ਕਰਦਾ ਹੈ, ਇਹ ਸਮਝ ਕੇ ਉਸ ਨਲ ਉਲਟਾ ਜਾਂ ਸਖ਼ਤੀ ਦਾ ਵਿਹਾਰ ਕੀਤਾ ਜਾਏਗਾ ਤਾਂ ਅਚੇਤਨ ਮਨ ਨੂੰ ਹਮਦਰਦੀ ਦਾ ਲਾਭ ਨਾ ਮਿਲਣ ਕਰਕੇ ਰੋਗ ਵਧ ਸਕਦਾ ਹੈ, ਤੇ ਜਿਆਦਾ ਹਮਦਰਦੀ ਮਿਲਣ ਨਾਲ ਰੋਗ ਲੰਬਾ ਸਮਾਂ ਵੀ ਹੋ ਸਕਦਾ ਹੈ। ਇਸ ਲਈ ਚੰਗੇ ਵਿਹਾਰ ਤੇ ਮਨੋ-ਚਕਿਤਸਕ ਦੀ ਰਾਇ ਤੇ ਚੱਲਣਾ ਹੀ ਬੇਹਤਰ ਹੈ।

ਘਰ ਵਾਲਿਆਂ ਨੂੰ ਜਾਣਨਾ ਚਾਹੀਦਾ ਹੈ ਕਿ ਕੁਝ ਮਾਮਲਿਆਂ ਨੂੰ ਛੱਡਕੇ ਆਮ ਹਿਸਟੀਰੀਆ ਦੀ ਰੋਗਣ ਬਹਾਨਾਂ ਨਹੀਂ ਕਰਦੀ। ਇਸ ਲਈ ਬਹਾਨਾ ਕਹਿ ਕੇ ਉਸ ਵੱਲ ਅਨਿਆਏ ਨਾ ਵਧਾਉ। ਇਸਨੂੰ ਅਚੇਤਨ ਮਨ ਦਾ ਬਹਾਨਾ ਜਰੂਰ ਕਹਿ ਸਕਦੇ ਹਾਂ ਜੋ ਪੂਰਤੀ ਦੀ ਰਾਹ ਪਾਉਣ ਲਈ ਰੋਗ ਦੇ ਚੋਰ ਦਰਵਾਜ਼ੇ ਲੱਭਦਾ ਹੈ।

ਉਦਾਹਰਣ ਲਈ ਇੱਕ ਰੁੱਝਿਆ ਹੋਇਆ ਪਤੀ ਆਪਣੀ ਪਤਨੀ ਤੋਂ ਵਿਮੁਖ ਨਾ ਹੋਣ ਤੇ ਵੀ ਅਕਸਰ ਉਸਨੂੰ ਸਮਾਂ ਨਹੀਂ ਦੇ ਸਕਦਾ। ਪਤਨੀ ਅਚਾਨਕ ਕਦੇ ਬਿਮਾਰ ਹੋਣ ਤੇ ਪਤੀ ਜਦੋਂ ਛੁੱਟੀ ਲੈ ਕੇ ਉਸਦੀ ਪਿਆਰ ਨਾਲ ਦੇਖਭਾਲ ਕਰਦਾ ਹੈ ਤਾਂ ਉਸਦਾ ਅਚੇਤਨ ਮਨ ਇਸ ਸੂਤਰ ਨੂੰ ਪਕੜ ਲੈਂਦਾ ਹੈ ਕਿ ਪਤੀ ਦਾ ਧਿਆਨ ਖਿੱਚਣ ਲਈ ਉਹ ਬਿਮਾਰ ਹੀ ਕਿਉਂ ਨਾ ਪਈ ਰਹੇ। ਤਦ ਉਹ ਅਣਜਾਣੇ ਹੀ ਬਿਮਾਰ ਰਹਿਣ ਲੱਗਦੀ ਹੈ। ਇਹ ਹਿਸਟੀਰੀਆ ਦੀ 'ਕਨਵਰੇਸ਼ਨ ਰਿਐਕਸ਼ਨ' ਦੀ ਸਥਿਤੀ ਹੀ ਹੈ, ਜਿਸ ਲਈ ਰੋਗਣ ਨਾ ਦੋਸ਼ੀ ਹੈ ਨਾ ਬਹਾਨਾ ਹੀ ਕਰ ਰਹੀ ਹੈ। ਮਨੋ-ਚਕਿਤਸਕ ਤੇ ਪਤੀ ਦਾ ਯੋਗ ਧਿਆਨ ਮਿਲਣ ਨਾਲ ਪਤਨੀ ਠੀਕ ਹੋ ਜਾਂਦੀ ਹੈ।

**ਹਿਸਟੀਰੀਕਲ ਸਾਈਕੋਪੈਥ :-** ਡਾ: ਸੱਤਿਆਵਤੀ ਦੇ ਅਨੁਸਾਰ "ਪਰ ਇਨ੍ਹਾਂ ਸਭ ਤੋਂ ਛੁੱਟ ਕੁਝ ਵਿਅਕਤੀ ਅਜਿਹੇ ਹੁੰਦੇ ਹਨ ਜਿੰਨ੍ਹਾਂ ਦਾ ਵਿਅਕਤੀਤਵ ਹੀ ਅਜਿਹਾ ਬਣ ਜਾਂਦਾ ਹੈ। ਕਿ ਉਹ ਸਭ ਦਾ ਧਿਆਨ ਖਿੱਚਣ ਲਈ ਸਥਾਈ ਰੂਪ ਵਿੱਚ ਇਹ ਆਦਤ ਬਣਾ ਲੈਂਦੇ ਹਨ।

ਆਮ ਕਰਕੇ ਘੱਟ ਬੁੱਧੀ ਵਾਲੇ ਵਿਅਕਤੀ, ਜੋ ਕਿਸੇ ਹੋਰ ਢੰਗ ਨਾਲ ਅੱਗੇ ਨਹੀਂ ਵਧ ਸਕਦੇ, ਕਈ ਲੱਛਣਾਂ ਨਾਲ ਯੁਕਤ ਰੋਗ ਓੜ੍ਹ ਲੈਂਦੇ ਹਨ। ਇਨ੍ਹਾਂ ਦਾ, ਜਿਸਨੂੰ ਹਿਸਟੀਰੀਕਲ ਸਾਈਕੋਪੈਥ' ਕਹਿੰਦੇ ਹਨ, ਕੋਈ ਇਲਾਜ਼ ਆਮ ਕਰਕੇ ਮਨੋ-ਚਕਿਤਸਕ ਦੁਆਰਾ ਸਫ਼ਲ ਨਹੀਂ ਹੁੰਦਾ ਜਾਂ ਬਹੁਤ ਕਠਿਨਾਈ ਨਾਲ ਹੁੰਦਾ ਹੈ ਪਰ ਅਜਿਹੇ ਕੇਸ ਵਿਰਲੇ ਹੀ ਹੁੰਦੇ ਹਨ। ਆਮ ਹਿਸਟੀਰੀਆ ਮਨੋ-ਚਕਿਤਸਕ ਦੇ ਜਤਨ ਨਾਲ ਠੀਕ ਹੋ ਜਾਂਦਾ ਹੈ ਪਰ ਇਸਦੀ ਜਿੰਮੇਵਾਰੀ ਪਰਿਵਾਰ ਵਾਲਿਆਂ ਤੇ ਅਧਿੱਕ ਹੈ ਕਿ ਉਹ ਸੰਭਾਲਣ।

# 14 ਸਾਲ ਦੀ ਲੜਕੀ ਦੇ ਪੇਟ 'ਚੋਂ ਨਿਕਲੇ 3 ਕਿਲੋ ਵਾਲ!



ਮੁੰਬਈ ਦੇ ਕੇ. ਈ. ਐਮ. ਹਸਪਤਾਲ ਦੇ ਡਾਕਟਰਾਂ ਨੇ ਇਕ 14 ਸਾਲ ਦੀ ਲੜਕੀ ਦੇ ਪੇਟ 'ਚੋਂ ਤਿੰਨ ਕਿਲੋ ਵਾਲ ਕੱਢੇ। ਇਹ ਵਾਲ ਗੇਂਦ ਦੀ ਸ਼ਕਲ ਵਿਚ ਬਾਹਰ ਨਿਕਲੇ। ਲੜਕੀ ਅਕਸਰ ਪੇਟ ਦਰਦ ਦੀ ਸ਼ਿਕਾਇਤ ਕਰਦੀ ਸੀ। ਉਸ ਨੂੰ ਇੱਕ ਦੁਰਲੱਭ ਬੀਮਾਰੀ ਸੀ, ਜਿਸ ਕਾਰਨ ਉਹ ਆਪਣੇ ਵਾਲ ਖਾਂਦੀ ਸੀ। ਡਾਕਟਰਾਂ ਮੁਤਾਬਕ ਲੜਕੀ ਨੇ ਉਨ੍ਹਾਂ ਨਾਲ ਆਪਣਾ ਅਜਿਹਾ ਕੋਈ ਤਜਰਬਾ ਸਾਂਝਾ ਨਹੀਂ ਕੀਤਾ ਪਰ ਉਹ ਬੀਤੇ 10 ਸਾਲਾਂ ਤੋਂ ਵਾਲ ਖਾ ਰਹੀ ਸੀ। ਘਰਾਂ ਵਿੱਚ ਘਟਨਾਵਾਂ ਕਰਨ ਵਾਲੇ ਵਿਅਕਤੀ ਵੀ ਅਜਿਹਾ ਆਦਤਨ ਕਰਦੇ ਹਨ।

ਸ਼ੁਰੂਆਤ ਵਿਚ ਸੱਮਸਿਆ ਨਾ ਸਮਝ ਵਿਚ ਆਉਣ ਨਾਲ ਲੜਕੀ ਨੂੰ ਸਿਰਫ ਦਰਦ ਨਾਸ਼ਕ ਦਵਾਈ ਦਿੱਤੀ ਜਾਂਦੀ ਰਹੀ। ਹਾਲਾਂਕਿ ਇਸ ਨਾਲ ਉਸ ਨੂੰ ਕੋਈ ਆਰਾਮ ਨਹੀਂ ਆਇਆ। ਇਸ ਤੋਂ ਬਾਅਦ ਲੜਕੀ ਦੀ ਮਾਂ ਉਸ ਨੂੰ ਕੇ. ਈ. ਐੱਮ. ਹਸਪਤਾਲ ਲੈ ਆਈ। ਲੜਕੀ ਦੀ ਸੀਟੀ ਸਕੈਨ ਡਾਕਟਰਾਂ ਨੂੰ ਹੈਰਾਨੀਜਨਕ ਲੱਗੀ। ਕੇ. ਈ. ਐੱਮ. ਦੇ ਜਨਰਲ ਸਰਜਰੀ ਡਿਪਾਰਟਮੈਂਟ ਦੇ ਐਸੋਸੀਏਟ ਪ੍ਰੋਫੈਸਰ ਜਿਗਨੇਸ਼ ਗਾਂਧੀ ਨੇ ਕਿਹਾ ਕਿ ਅਜਿਹਾ ਨਜ਼ਾਰਾ ਨਜ਼ਰ ਆਇਆ ਕਿ ਉਸਦੇ ਪੇਟ ਵਿਚ ਟਿਊਮਰ ਹੈ। ਅੱਗੇ ਜਾ ਕੇ ਜਾਂਚ ਵਿਚ ਪਤਾ ਲੱਗਾ ਕਿ ਇਹ ਤਾਂ ਵਾਲਾਂ ਦਾ ਵੱਡਾ ਜਿਹਾ ਗੋਲਾ ਹੈ। ਇਹ ਮੈਡੀਕਲ ਕੰਡੀਸ਼ਨ ਟ੍ਰਾਈਕੋਬੀਜੋਰ ਕਹਾਉਂਦੀ ਹੈ। ਇਹ ਵਿਰਲੀ ਘਟਨਾ ਹੈ, ਜੋ ਵਾਲ ਖਾਣ ਨਾਲ ਪੈਦਾ ਹੁੰਦੀ ਹੈ।



# ਕਾਲ਼ਾ ਇਲਮ, ਗੈਬੀ ਸ਼ਕਤੀ ਤੇ ਅੱਗ ਖਾਣ ਦੇ ਝੂਠੇ ਦਾਅਵੇ ਕਰਨ ਵਾਲ਼ਾ 'ਤਾਂਤਰਿਕ'

ਜਿੰਦੀ ਪੇਂਟਰ ਤਰਕਸ਼ੀਲ
ਮੋਬਾ: 98156-81834

ਬੰਗਾਲ ਦੇ ਜਾਦੂ-ਮੰਤਰ ਤੇ ਤੰਤਰ-ਵਿਦਿਆ ਬਾਰੇ ਅਕਸਰ ਹੀ ਇਹ ਸੁਣਦੇ ਆ ਰਹੇ ਹਾਂ ਕਿ ਇਥੋਂ ਦੇ ਜਾਦੂਗਰ (ਮਦਾਰੀ) ਅਤੇ ਤਾਂਤਰਿਕ ਆਪਣੀ ਜਾਦੂਗਰੀ ਤੇ ਤੰਤਰਿਕ ਵਿਦਿਆ ਨਾਲ ਕਿਸੇ ਨੂੰ ਕੀ ਹੈਰਾਨੀਜਨਕ ਚਮਤਕਾਰ ਦਿਖਾ ਸਕਦੇ ਹਨ। ਉਹ ਆਪਣੇ ਕੋਲ ਕਾਲ਼ਾ ਇਲਮ ਤੇ ਗੈਬੀ-ਸ਼ਕਤੀਆਂ ਰੱਖਦੇ ਹਨ। ਜਿਸ ਨਾਲ ਇਹ 'ਅੱਗ' ਵੀ ਖਾ ਸਕਦੇ ਹਨ ਤੇ ਪਾਣੀ 'ਤੇ ਪੈਦਲ ਵੀ ਤੁਰਕੇ ਦਿਖਾ ਸਕਦੇ ਹਨ। ਆਪਣੇ ਜੰਤਰਾਂ-ਮੰਤਰਾਂ-ਤੰਤਰਾਂ ਤੇ ਜਾਦੂ-ਟੂਣਿਆਂ ਨਾਲ ਕਿਸੇ ਆਦਮੀ ਨੂੰ ਘੋੜਾ ਆਦਿ ਅਤੇ ਕੁੱਤੇ ਨੂੰ ਬਿੱਲੀ ਆਦਿ 'ਚ ਬਦਲ ਕੇ ਗੈਰ-ਕੁਦਰਤੀ ਚਮਤਕਾਰ ਵੀ ਕਰ ਸਕਦੇ ਹਨ। ਭੂਤ-ਚੜੇਲਾਂ, ਜਾਦੂ-ਟੂਣੇ, ਜੰਤਰ-ਮੰਤਰ-ਤੰਤਰ, ਦੇਵੀ-ਦੇਵਤੇ ਅਤੇ ਆਤਮਾ-ਪ੍ਰਮਾਤਮਾ ਆਦਿ ਨੂੰ, ਇਨ੍ਹਾਂ ਨੇ ਆਪਣੇ ਵੱਸ (ਗੁਲਾਮ) ਕੀਤੇ ਹੁੰਦੇ ਹਨ, ਜੋ ਇਨ੍ਹਾਂ ਦੇ ਕਹੇ ਅਨੁਸਾਰ ਹੀ ਕੰਮ ਕਰਦੇ ਹਨ। ਕੁਦਰਤੀ ਆਫਤਾਂ ਵੀ ਇਨ੍ਹਾਂ ਦੇ ਕਹੇ ਅਨੁਸਾਰ ਕੰਮ ਕਰ ਸਕਦੀਆਂ ਹਨ। ਜਿਸ ਨਾਲ ਇਹ ਕਿਸੇ ਦਾ ਵੀ ਲਾਭਦਾਇਕ ਜਾਂ ਨੁਕਸਾਨਦਾਇਕ ਕੰਮ ਕਰ ਸਕਦੇ ਹਨ। ਅਗਿਆਨਤਾ, ਲਾਈਲਗਤਾ ਅਤੇ ਮੂਰਖਤਾ ਕਰਨ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ 'ਚ ਫਸੇ ਹੋਏ ਬਹੁਤ ਸਾਰੇ ਲੋਕ ਇਨ੍ਹਾਂ ਕੋਲੋਂ ਅਜਿਹੇ ਕੰਮ ਕਰਾਉਣ ਲਈ ਮਿਨਤ-ਤਰਲਾ ਕਰਦੇ ਹੋਏ ਹਰ ਰੋਜ਼ ਦੇਖੇ ਜਾ ਸਕਦੇ ਹਨ। ਇਸੇ ਤਰ੍ਹਾਂ ਦੇ ਦਾਅਵੇ ਦੁਨੀਆਂ ਭਰ ਦੇ ਜੋਤਸ਼ੀ, ਬਾਬੇ, ਸਾਧ, ਮਹੰਤ, ਚੇਲੇ, ਸਿਆਣੇ, ਮੌਲਵੀ, ਪੰਡਤ, ਡੇਰੇਦਾਰ, ਯਹੋਵਾ ਦੇ ਗਵਾਹ, ਮਦਾਰੀ, ਪੁਜਾਰੀ, ਈਸਾਈ ਪਾਦਰੀ (ਪਾਸ਼ਟਰ) ਅਤੇ ਪੋਪ ਆਦਿ ਵੀ ਕਰਦੇ ਹਨ। ਜਿਸ ਨਾਲ਼ ਇਹ ਉਨ੍ਹਾਂ ਨੂੰ ਆਪਣੇ ਧਾਰਮਿਕ ਗ੍ਰੰਥਾਂ ਤੇ ਕਿਤਾਬਾਂ ਵਿਚਲੀਆਂ ਗੈਰ-ਕੁਦਰਤੀ 'ਮਨਘੜਤ ਕਹਾਣੀਆਂ ਤੇ ਗੱਲਾਂ-ਬਾਤਾਂ' ਰਾਹੀਂ 'ਸਵਰਗਾਂ ਦੇ ਲਾਲਚ ਅਤੇ ਨਰਕਾਂ ਦੇ ਡਰ' ਦਿਖਾ ਕੇ, ਅਖੌਤੀ ਨਾਮਦਾਨ, ਸਿਮਰਨ, ਪੂਜਾ ਪਾਠ, ਪ੍ਰਾਰਥਨਾਵਾਂ ਤੇ ਬੰਦਗੀਆਂ ਕਰਵਾਉਂਦੇ ਹੋਏ, ਆਪਣੀਆਂ ਮਨਘੜਤ ਗੱਲਾਂ-ਬਾਤਾਂ ਨਾਲ਼ ਚਲਾਕੀ ਤੇ ਹੁਸ਼ਿਆਰੀ ਵਰਤਦੇ ਹੋਏ ਧਾਰਮਿਕ ਸਥਾਨਾਂ 'ਚ ਆਏ ਹੋਏ ਸ਼ਰਧਾਲੂ-ਭਗਤਾਂ ਦੀਆਂ ਜੇਬਾਂ 'ਚੋ ਰੁਪਏ-ਪੈਸੇ (ਚੜ੍ਹਾਵਾ) ਕਢਵਾ ਕੇ ਆਪਣੀਆਂ ਜੇਬਾਂ 'ਚ ਭਰਦੇ ਹੋਏ ਹਰ ਰੋਜ਼ ਦੇਖੇ ਜਾ ਸਕਦੇ ਹਨ। ਭੋਲ਼ੇ-ਭਾਲ਼ੇ ਲੋਕਾਂ ਨੂੰ ਲੁੱਟ ਹੋਣ ਲਈ, ਇਨ੍ਹਾਂ ਦੇ ਚੁੰਗਲ 'ਚ ਫਸਾਈ ਰੱਖਣ ਲਈ ਟੈਲੀਵਿਜਨ ਚੈਨਲਾਂ ਤੇ ਹਰ ਰੋਜ ਬੜੇ ਵੱਡੇ ਪੱਧਰ ਤੇ ਪ੍ਰਚਾਰ-ਪ੍ਰਸਾਰ ਵੀ ਬੜੇ ਜੋਰ-ਸ਼ੋਰ ਨਾਲ ਕੀਤਾ ਜਾਂਦਾ ਹੈ। ਕੀ ਸੱਚਮੁਚ ਹੀ ਇਨ੍ਹਾਂ ਕੋਲ਼ ਅਜਿਹੀਆਂ ਚਮਤਕਾਰੀ ਗੈਬੀ-ਸ਼ਕਤੀਆਂ ਹੁੰਦੀਆਂ ਹਨ? ਜਿਸ ਨਾਲ ਇਹ ਕੁਝ ਵੀ ਗੈਰ-ਵਿਗਿਆਨਕ ਤੇ ਤਰਕਹੀਣ ਕੰਮ ਕਰ ਸਕਦੇ ਹਨ। ਇਨ੍ਹਾਂ ਦੇ ਅਜਿਹੇ ਦਾਅਵਿਆਂ ਦੀ ਪਰਖ ਕਰਨ ਲਈ 'ਤਰਕਸ਼ੀਲ ਤੇ ਵਿਗਿਆਨਕ ਸੋਚ' ਵਾਲ਼ਿਆਂ ਤੋਂ ਬਿਨ੍ਹਾਂ ਹੋਰ ਕੋਈ ਅੱਗੇ ਨਹੀਂ ਆਉਂਦਾ।

ਅਜਿਹੇ ਹੀ ਦਾਅਵੇ ਕਰਨ ਵਾਲ਼ਾ ਇੱਕ ਤਾਂਤਰਿਕ ਬੰਗਾਲ ਤੋਂ ਆ ਮੇ ਕੇ ਮੇਰੇ ਪਿੰਡ 'ਵਿਰਕ' ਵਿੱਚ ਕਈ ਸਾਲਾਂ ਤੋਂ ਰਹਿ ਰਿਹਾ ਹੈ। ਜਿਸਦਾ ਨਾਮ ਕਾਲੀਨਾਥ ਹੈ। ਇਸਦਾ ਦਾਅਵਾ ਹੈ ਕਿ ਇਹ ਬੰਗਾਲ ਤੋਂ ਜੋਤਸ਼ ਵਿਦਿਆ, ਭੂਤ-ਪ੍ਰੇਤ ਵਿਦਿਆ, ਕਾਲ਼ਾ ਜਾਦੂ, ਕਾਲ਼ਾ ਇਲਮ, ਜੰਤਰ-ਮੰਤਰ ਵਿਦਿਆ, ਗੈਬੀ-ਸ਼ਕਤੀਆਂ ਅਤੇ ਅੱਗ ਖਾਣ ਵਰਗੇ ਕਥਿਤ ਚਮਤਕਾਰ ਸਿੱਖ ਕੇ ਆਇਆ ਹੈ ਅਤੇ ਲੋੜ ਪੈਣ ਤੇ ਦਿਖਾ ਵੀ ਸਕਦਾ ਹੈ। ਪਿੰਡ 'ਚ ਇਹ ਅਕਸਰ ਹੀ ਹਰ ਕਿਸੇ ਨਾਲ ਅਜਿਹੇ ਦਾਅਵਿਆਂ ਬਾਰੇ ਵਿਚਾਰ-ਚਰਚਾ ਕਰਦਾ ਰਹਿੰਦਾ ਹੈ। ਬਹੁਤ ਸਾਰੇ ਲੋਕ ਇਸ ਦੀਆਂ ਗੱਲਾਂ ਮਗਰ ਲੱਗ ਕੇ ਅਕਸਰ ਹੀ ਇਸ ਕੋਲ਼ੋਂ ਮੁਸੀਬਤ ਸਮੇਂ ਜਾਦੂ-ਮੰਤਰ ਤੇ ਕਾਲ਼ਾ ਇਲਮ ਦੀ ਗੈਬੀ-ਸ਼ਕਤੀ ਨਾਲ਼ ਆਪਣਾ ਇਲਾਜ ਕਰਵਾਉਣ ਆਉਂਦੇ ਹਨ। ਕਾਲੀਨਾਥ ਇਨ੍ਹਾਂ ਨੂੰ ਆਪਣੀ ਤਾਂਤਰਿਕ ਵਿਦਿਆ ਨਾਲ਼ ਪੜ੍ਹ ਕੇ ਧਾਗੇ-ਤਾਵੀਜ਼ ਤੇ ਰਾਖ ਆਦਿ ਦਿੰਦਾ ਰਹਿੰਦਾ ਹੈ। ਉਹ ਬਹੁਤ ਸਾਰੇ ਦੇਵ-ਦੇਵਤਿਆਂ ਦੀ ਪੂਜਾ-ਪਾਠ ਤੇ ਪ੍ਰਾਰਥਨਾ-ਬੰਦਨਾ 'ਚ ਵੀ ਮਗਨ ਰਹਿੰਦਾ ਹੈ। ਪਿੰਡ 'ਚ ਕਿਸੇ ਵੀ ਪੀਰ-ਦੇਵਤਾ ਦੇ ਧਾਰਮਿਕ ਸਥਾਨ 'ਚ ਕੋਈ ਮੇਲਾ-ਪ੍ਰੋਗਰਾਮ ਹੋਵੇ ਤਾਂ ਕਾਲੀਨਾਥ ਤਾਂਤਰਿਕ ਵਜੋਂ ਉਸ 'ਚ ਜ਼ਰੂਰ ਭਾਗ ਲੈਂਦਾ। ਉਸਨੂੰ ਆਪਣੀ ਤਾਂਤਰਿਕ ਵਿਦਿਆ 'ਤੇ ਪੂਰਾ ਯਕੀਨ ਹੈ ਕਿ ਉਸਦੀ ਵਿਦਿਆ ਨੂੰ ਕੋਈ ਵੀ ਝੂਠ ਸਿਧ ਨਹੀਂ ਕਰ ਸਕਦਾ। ਉਸਦਾ ਇਹ ਵੀ ਦਾਅਵਾ ਹੈ ਕਿ ਉਹ ਆਪਣੀ ਇਸ ਵਿਦਿਆ ਨਾਲ਼ ਅਜਿਹੇ ਖਤਰਨਾਕ ਕੰਮ ਕਰ ਸਕਦਾ ਹੈ, ਜਿਸਨੂੰ ਕੋਈ ਹੋਰ ਦੂਸਰਾ ਨਹੀਂ ਕਰ ਸਕਦਾ। ਉਹ ਬਾਕੀ ਜੋਤਸ਼ੀਆਂ, ਬਾਬਿਆਂ, ਚੇਲਿਆਂ, ਮਦਾਰੀਆਂ ਤੇ ਈਸਾਈ ਪਾਦਰੀਆਂ ਵਾਂਗ ਆਏ ਹੋਏ ਲੋਕਾਂ ਦੀਆਂ ਜੇਬਾਂ 'ਚੋਂ ਰੁਪਏ-ਪੈਸੇ ਕਢਵਾ ਕੇ ਆਪਣੀ ਜੇਬ 'ਚ ਭਰਨ ਦੇ ਸਾਰੇ ਢੰਗ-ਤਰੀਕੇ ਬੜੀ ਚੰਗੀ ਤਰ੍ਹਾਂ ਜਾਣਦਾ ਹੈ।

ਮੇਰੇ ਤਰਕਸ਼ੀਲ ਹੋਣ ਦੀ ਚਰਚਾ ਪੂਰੇ ਪਿੰਡ 'ਚ ਫੈਲੀ ਹੋਈ ਹੈ ਕਿ ਮੈਂ ਅਜਿਹੇ ਤਾਂਤਰਿਕਾਂ ਦੇ ਦਾਅਵਿਆਂ 'ਚ ਭੋਰਾ-ਭਰ ਵੀ ਯਕੀਨ ਨਹੀਂ ਕਰਦਾ। ਕਿਸੇ ਤਰ੍ਹਾਂ ਇਹ ਗੱਲ ਤਾਂਤਰਿਕ ਕਾਲੀਨਾਥ ਦੇ ਵੀ ਕੰਨੀ ਜਾ ਪਈ। ਉਸਨੇ ਕਿਹਾ ਕਿ, "ਉਸ ਤਰਕਸ਼ੀਲ ਨੂੰ ਅਜੇ ਕੋਈ ਸਚਮੁਚ ਗੈਬੀ-ਸ਼ਕਤੀਆਂ ਦਿਖਾਉਣ ਵਾਲ਼ਾ ਮੇਰੇ (ਕਾਲੀਨਾਥ) ਵਰਗਾ ਨਹੀਂ ਟੱਕਰਿਆ।" ਉਹ ਮੈਨੂੰ ਆਪਣੀਆਂ ਚਮਤਕਾਰੀ ਸ਼ਕਤੀਆਂ ਬਾਰੇ ਦੱਸਣ ਲਈ ਮਿਲਣਾ ਚਾਹੁੰਦਾ ਸੀ। ਇਕ ਦਿਨ ਅਚਾਨਕ ਹੀ ਰਸਤੇ 'ਚ ਕਾਲੀਨਾਥ ਨੇ ਮੇਰੇ ਨਾਲ਼ ਸੰਪਰਕ ਕੀਤਾ ਤੇ ਆਖਣ ਲੱਗਾ ਕਿ, "ਮੈਂ ਸੁਣਿਆ ਕਿ ਤੁਸੀ ਭੂਤਾਂ-ਚੁੜੇਲਾਂ, ਜਾਦੂ-ਟੂਣਿਆਂ ਤੇ ਜੰਤਰਾਂ-ਮੰਤਰਾਂ-ਤੰਤਰਾਂ ਦੀਆਂ ਗੈਬੀ-ਸ਼ਕਤੀਆਂ 'ਚ ਯਕੀਨ ਨਹੀਂ ਕਰਦੇ।" ਮੈਂ ਕਿਹਾ, "ਹਾਂ! ਇਹ ਸਭ ਝੂਠ ਅਤੇ ਪਾਖੰਡ ਹੈ, ਜਿਸ ਨਾਲ ਭੋਲ਼ੇ-ਭਾਲੇ ਲੋਕਾਂ ਨੂੰ ਵਹਿਮਾਂ-ਭਰਮਾਂ ਤੇ ਅੰਧਵਿਸਵਾਸ਼ਾਂ 'ਚ ਫਸਾ ਕੇ ਲੁੱਟਿਆ ਜਾਂਦਾ ਹੈ।" ਮੇਰੀ ਇਹ ਗੱਲ ਸੁਣ ਕੇ ਕਾਲੀਨਾਥ ਤਾਂਤਰਿਕ ਗੁੱਸੇ ਨਾਲ਼ ਲਾਲ-ਪੀਲਾ ਹੋ ਗਿਆ ਤੇ ਆਖਣ ਲੱਗਾ ਕਿ, "ਮੇਰੇ ਕੋਲ਼ ਇਹ ਸਾਰੀਆਂ ਗੈਬੀ-ਸ਼ਕਤੀਆਂ ਹਨ, ਜਿਸ ਨਾਲ਼ ਮੈਂ ਹੈਰਾਨੀਜਨਕ ਚਮਤਕਾਰ ਦਿਖਾ ਸਕਦਾ ਹਾਂ, ਜੋ ਮੈਂ ਬੰਗਾਲ ਤੋਂ ਸਿਖ ਕੇ ਆਇਆ ਹਾਂ।" ਮੈਂ ਪੁੱਛਿਆਂ, "ਤੁਹਾਡੇ ਕੋਲ਼ ਕਿਹੜੀਆਂ-ਕਿਹੜੀਆਂ ਗੈਬੀ-ਸ਼ਕਤੀਆਂ ਹਨ ਤੇ ਤੁਸ਼ੀ ਕਿਹੜੇ-ਕਿਹੜੇ ਚਮਤਕਾਰ ਦਿਖਾ ਸਕਦੇ ਹੋ?" ਤਾਂ ਉਸਨੇ ਹੇਠ ਲਿਖੇ ਆਪਣੇ 4 ਤਰ੍ਹਾਂ ਦੇ ਦਾਵਿਆਂ ਦਾ ਜਿਕਰ ਕੀਤਾ, ਜਿਸ ਨਾਲ ਉਹ ਚਮਤਕਾਰ ਦਿਖਾ ਸਕਦਾ ਹੈ। ਉਸ ਨੇ ਕਿਹਾ: "1. ਮੇਰੇ ਕੋਲ਼ ' ਕਾਲ਼ਾ ਇਲਮ' ਹੈ, ਜਿਸ ਨੂੰ

ਮੈਂ ਕੁਝ ਦੂਰੀ ਤੋਂ ਹੀ ਪੜਨ ਨਾਲ ਤੁਹਾਨੂੰ ਬੈਠੇ ਨੂੰ ਹੀ ਉਠਣਯੋਗ ਨਹੀਂ ਛੱਡਾਂਗਾ। 2. ਮੇਰੇ ਕੋਲ਼ ਅਜਿਹੀ ਗੈਬੀ ਸ਼ਕਤੀ ਹੈ, ਜਿਸ ਨਾਲ਼ ਮੈਂ ਕੁਝ ਦੂਰੀ ਤੋਂ ਹੀ ਮੰਤਰ ਪੜ੍ਹਕੇ ਦੀਵੇ ਦੀ ਬੱਤੀ (ਜੋਤ) ਨੂੰ ਅੱਗ ਲਾ ਸਕਦਾ ਹਾਂ। 3. ਮੈਂ ਆਪਣੀ ਤਾਂਤਰਿਕ ਵਿਦਿਆ ਨਾਲ ਅੱਗ ਨੂੰ ਇਸ ਤਰ੍ਹਾਂ ਖਾ ਲਵਾਂਗਾ, ਜਿਵੇਂ ਰੋਟੀ ਖਾਈ ਜਾਂਦੀ ਹੈ। 4. ਕਿਸੇ ਖਤਰਨਾਕ ਸੱਪ ਦੇ ਡੰਗ ਦਾ ਇਲਾਜ ਮੈਂ ਆਪਣੇ ਜੰਤਰਾਂ-ਮੰਤਰਾਂ ਤੇ ਤੰਤਰਾਂ ਨਾਲ਼ ਕਰ ਸਕਦਾ ਹਾਂ। ਮੇਰੇ ਕੋਲ਼ ਸੱਪ ਦਾ ਜ਼ਹਿਰ ਚੂਸਣ ਵਾਲ਼ਾ ਇਕ 'ਮਣਕਾ' ਵੀ ਹੈ, ਉਸ ਨਾਲ਼ ਵੀ ਮੈਂ ਇਲਾਜ ਕਰ ਸਕਦਾ ਹਾਂ।"

ਉਸਦੇ ਇਹ ਦਾਅਵੇ ਸੁਣਨ ਤੋਂ ਬਾਦ ਮੈਂ ਕਿਹਾ, "ਅਜਿਹਾ ਕਦੇ ਨਹੀਂ ਹੋ ਸਕਦਾ। ਜੇਕਰ ਅਜਿਹਾ ਹੋਵੇਗਾ ਵੀ, ਤਾਂ ਜ਼ਰੂਰ ਹੀ ਉਸ ਵਿਚ ਕਿਸੇ ਵਿਗਿਆਨਕ ਤਕਨੀਕ ਅਤੇ ਕੈਮੀਕਲਾਂ ਦਾ ਸਹਾਰਾ ਲਿਆ ਜਾਵੇਗਾ।" ਤਾਂਤਰਿਕ ਨੇ ਮੈਨੂੰ ਡਰਾਉਣ ਲਈ ਬੜੇ ਹੌਸਲੇ ਭਰੇ ਦਾਅਵੇ ਨਾਲ ਕਿਹਾ ਕਿ, "ਮੈਂ ਕਿਸੇ ਵੀ ਵਿਗਿਆਨਕ ਤਕਨੀਕ ਅਤੇ ਕੈਮੀਕਲ ਦਾ ਸਹਾਰਾ ਨਹੀਂ ਲੈਂਦਾ, ਸਿਰਫ ਆਪਣਾ ਕਾਲ਼ਾ ਇਲਮ ਤੇ ਗੈਬੀ-ਸ਼ਕਤੀ ਨਾਲ਼ ਹੀ ਚਮਤਕਾਰਾਂ ਦੀ ਪਰਖ ਕਰਨ ਲਈ ਤਾਂ ਮੈਂ ਆਪ ਖੁਸ਼ੀ ਨਾਲ਼ ਹਰ ਵਕਤ ਤਿਆਰ ਰਹਿੰਦਾ ਹਾਂ। ਇਸ ਲਈ ਮੈਂ ਉਸਦੇ ਦਾਅਵਿਆਂ ਦੀ ਪਰਖ ਕਰਨ ਲਈ ਤਿਆਰ ਹੋ ਗਿਆ। ਮੈਂ ਕਿਹਾ ਕਿ, "ਆਪਣੇ ਦੋਵਾਂ ਵਿਚਕਾਰ ਗੈਬੀ ਸ਼ਕਤੀਆਂ ਬਾਰੇ ਹੋਣ ਵਾਲ਼ੀ ਪਰਖ, ਪਿੰਡ ਦੀ ਪੰਚਾਇਤ ਅਤੇ ਬਾਕੀ ਦੇਖਣ ਲਈ ਇੱਕਠੇ ਹੋਏ ਲੋਕਾਂ ਦੀ ਮੌਜੂਦਗੀ 'ਚ ਕਿਸੇ ਖੁਲ੍ਹੇ ਜਿਹੇ ਮੈਦਾਨ 'ਚ ਹੋਵੇਗੀ। ਜਿਸ ਦੇ ਲਈ ਸਭ ਤੋਂ ਪਹਿਲਾਂ ਇਕ ਲਿਖਤੀ ਕਾਗਜ਼-ਪੱਤਰ ਤਿਆਰ ਕੀਤਾ ਜਾਵੇਗਾ। ਜਿਸ ਵਿੱਚ ਤੁਹਾਡੇ ਵਲੋਂ ਕੀਤੇ ਜਾਣ ਵਾਲ਼ੇ ਸਾਰੇ ਦਾਅਵਿਆਂ ਨੂੰ ਲੜੀਵਾਰ ਲਿਖਿਆ ਜਾਵੇਗਾ। ਉਨ੍ਹਾਂ ਸਾਰੇ ਦਾਅਵਿਆਂ ਵਿਚੋਂ ਕਿਸੇ ਇਕ ਨੂੰ ਵੀ ਜੇਕਰ ਤੁਸੀਂ ਆਪਣੀ ਗੈਬੀ ਸ਼ਕਤੀ ਨਾਲ਼ ਚਮਤਕਾਰ ਸਿਧ ਕਰ ਦੇਵੋ ਤਾਂ ਵੀ ਤੁਸੀਂ ਜੇਤੂ ਹੋ ਜਾਵੋਗੇ। ਨਾਲ਼ ਹੀ ਇਹ ਵੀ ਲਿਖਿਆ ਜਾਵੇਗਾ ਕਿ ਆਪਣੇ ਦੋਵਾਂ ਵਿੱਚੋਂ ਕਿਸੇ ਨੂੰ ਵੀ ਕੋਈ ਨੁਕਸਾਨ ਪਹੁੰਚੇ ਤਾਂ ਉਹ ਆਪ ਹੀ ਉਸਦਾ ਜਿਮੇਂਵਾਰ ਹੋਵੇਗਾ। ਇਸ ਸਭ ਕੁਝ ਦੀ ਮਨਜੂਰੀ ਪੰਚਾਇਤ ਪਾਸੋਂ ਲਈ ਜਾਵੇਗੀ।" ਤਾਂਤਰਿਕ ਕਾਲੀਨਾਥ ਪੂਰੀ ਤਰ੍ਹਾਂ ਮੇਰੀਆਂ ਇਨ੍ਹਾਂ ਗੱਲਾਂ ਨਾਲ਼ ਸਹਿਮਤ ਹੋ ਗਿਆ।

ਮੈਂ ਉਸਦੇ ਦਾਅਵਿਆਂ ਨੂੰ ਲੜੀਵਾਰ ਧਿਆਨ 'ਚ ਰੱਖਦਿਆਂ ਸਭ ਤੋਂ ਪਹਿਲਾਂ 'ਕਾਲ਼ੇ ਇਲਮ' ਬਾਰੇ ਕਿਹਾ, "ਮੈਂ ਕਿਸੇ ਬੈਂਚ, ਕੁਰਸੀ ਜਾਂ ਜਮੀਨ ਉੱਤੇ ਬੈਠ ਜਾਵਾਂਗਾ, ਤੁਸੀਂ ਕੁਝ ਦੂਰੀ ਤੋਂ ਆਪਣਾ ਕਾਲਾ ਇਲਮ ਪੜਿਓ ਜਾਂ ਛੱਡਿਓ। ਜਦੋ ਤੁਸੀਂ ਮੈਨੂੰ ਉੱਠ-ਖੜਾ ਹੋਣ ਦਾ ਇਸ਼ਾਰਾ ਕਰੋਗੇ ਤਾਂ ਮੈਂ ਤੁਹਾਨੂੰ ਦਾਅਵੇ ਨਾਲ ਉੱਠ-ਖੜਾ ਹੋ ਕੇ ਦਿਖਾਂਵਾਗਾ।" ਦੀਵੇ ਦੀ ਬੱਤੀ (ਜੋਤ) ਨੂੰ ਗੈਬੀ ਸ਼ਕਤੀ ਨਾਲ਼ ਅੱਗ ਲੱਗਣ ਬਾਰੇ ਮੈਂ ਕਿਹਾ, "ਦੀਵਾ ਅਤੇ ਬੱਤੀ ਮੇਰੀ ਹੋਵੇਗੀ ਜਾਂ ਉਸੇ ਸਮੇਂ ਕਿਸੇ ਲੜਕੇ ਨੂੰ ਦੁਕਾਨ ਤੇ ਭੇਜ ਕੇ ਮਗਵਾਈ ਜਾਵੇਗੀ। ਜੋ ਤੁਹਾਡੀ ਨਹੀਂ ਹੋਵੇਗੀ। ਦੀਵੇ 'ਚ ਬੱਤੀ ਪਾ ਕੇ ਉਸਨੂੰ ਇਕ ਜਗਾ ਰੱਖ ਦਿੱਤਾ ਜਾਵੇਗਾ। ਤੁਹਾਨੂੰ ਕੁਝ ਦੂਰੀ ਤੋਂ ਆਪਣੇ ਜੰਤਰਾਂ-ਮੰਤਰਾਂ ਦੀ ਗੈਬੀ ਸ਼ਕਤੀ ਨਾਲ਼ ਬੱਤੀ ਨੂੰ ਅੱਗ ਲਗਾਉਣੀ ਹੋਵੇਗੀ। ਮੇਰਾ ਦਾਅਵਾ ਹੈ ਕਿ ਅਜਿਹਾ ਬਿਲਕੁਲ ਵੀ ਨਹੀਂ ਹੋਵੇਗਾ।" ਅੱਗ ਨੂੰ ਖਾਣ ਬਾਰੇ ਮੈਂ ਕਿਹਾ, "ਤੁਹਾਡੇ ਕੋਲ਼ 4-5 ਅੱਗ ਨਾਲ਼ ਮਘਦੇ ਹੋਏ ਕੋਲੇ ਰੱਖ ਦਿੱਤੇ ਜਾਣਗੇ। ਤੁਹਾਨੂੰ ਇਨ੍ਹਾਂ ਕੋਲਿਆਂ ਨੂੰ ਆਪਣੀ ਤਾਂਤਰਿਕ ਵਿਦਿਆ ਨਾਲ਼ ਰੋਟੀ ਵਾਂਗ ਖਾਣਾ ਹੋਵੇਗਾ। ਮੈਨੂੰ ਯਕੀਨ ਹੈ ਕਿ ਤੁਸੀਂ ਅਜਿਹਾ ਵੀ ਨਹੀਂ ਕਰ ਸਕੋਗੇ।" ਸੱਪ ਦੇ ਡੰਗ ਦਾ ਇਲਾਜ ਬਾਰੇ ਮੈਂ ਕਿਹਾ, "ਸੱਪ ਮੈਂ ਆਪਣੇ ਵਲੋਂ ਲਿਆਵਾਂਗਾ ਤੇ ਉਸਦਾ ਡੰਗ ਤੁਹਾਡੇ ਮਰਵਾਇਆ ਜਾਵੇਗਾ ਤਾਂ ਤੁਹਾਨੂੰ ਆਪਣੇ ਜੰਤਰਾਂ-ਮੰਤਰਾਂ ਤੇ ਤੰਤਰਾਂ ਨਾਲ਼ **ਜਾਂ** ਫਿਰ ਤੁਹਾਨੂੰ ਆਪਣੇ ਜਹਿਰ ਚੂਸਣ ਵਾਲ਼ੇ ਮਣਕੇ ਨਾਲ਼ ਬਚਣਾ ਹੋਵੇਗਾ। ਤੁਸੀਂ ਅਜਿਹਾ ਵੀ ਨਹੀਂ ਕਰ ਸਕੋਗੇ।" ਤਾਂਤਰਿਕ ਨੇ ਇਹ ਸਭ ਸੁਣਨ ਤੋਂ ਬਾਅਦ ਹੌਸਲੇ ਭਰੇ ਦਾਅਵੇ ਨਾਲ਼ ਕਿਹਾ ਕਿ, "ਮੈਂ ਫਿਰ ਵੀ ਇਹ ਸਾਰੇ ਚਮਤਕਾਰ ਕਰਕੇ ਦਿਖਾ ਸਕਦਾ ਹਾਂ। ਜੇਕਰ ਮੇਰੇ ਚਮਤਕਾਰੀ ਦਾਅਵਿਆਂ 'ਚ ਸਚਾਈ ਸਿਧ ਹੋਈ ਤਾਂ ਮੈਨੂੰ ਇਨਾਮ ਵਜੋਂ ਕੀ ਦਿਤਾ ਜਾਵੇਗਾ?" ਮੈਂ ਕਿਹਾ, "ਜੇਕਰ ਤੁਹਾਡੇ ਦੱਸੇ ਅਨੁਸਾਰ ਸਚਮੁਚ ਹੀ ਗੈਬੀ ਸ਼ਕਤੀ ਨਾਲ ਕੁਝ ਚਮਤਕਾਰ ਹੋਇਆ ਤਾਂ ਮੈਂ ਤੁਹਾਨੂੰ ਉਸੇ ਸਮੇਂ ਆਪਣੇ ਵੱਲੋਂ ਪੰਜਾਹ ਹਜ਼ਾਰ ਰੁਪਏ ਦਾ ਇਨਾਮ ਦੇਵਾਂਗਾ। ਪਰ ਜੇਕਰ ਤੁਹਾਡੇ ਕੋਲ਼ ਅਜਿਹਾ ਕੁਝ ਵੀ ਚਮਤਕਾਰ ਸਿੱਧ ਨਾ ਹੋਇਆ ਤਾਂ ਤੁਹਾਨੂੰ ਵੀ ਮੈਨੂੰ ਕੁੱਝ ਦੇਣਾ ਹੋਵੇਗਾ ਜੋ ਸਿਰਫ ਦੋ ਹਜ਼ਾਰ ਰੁਪਏ ਹੀ ਹੋਵੇਗਾ। ਇਹ ਸਾਰਾ ਕੁਝ ਉਸ ਲਿਖਤੀ ਕਾਗਜ ਪੱਤਰ 'ਚ ਵੀ ਲਿਖਿਆ ਜਾਵੇਗਾ ਤਾਂ ਜੋ ਮੈਂ ਜਾਂ ਤੁਸੀਂ ਮੁੱਕਰ ਨਾ ਜਾਵੋਂ।" ਪਰ ਤਾਂਤਰਿਕ ਕਾਲੀਨਾਥ ਦੋ ਹਜ਼ਾਰ ਰੁਪਏ ਦੇਣ ਬਾਰੇ ਸੁਣ ਕੇ ਚੁਪ ਕਰ ਗਿਆ। ਜਿਵੇਂ ਪ੍ਰੇਸ਼ਾਨੀ ਨਾਲ਼ ਉਸਦੀ ਬੋਲਤੀ ਬੰਦ ਹੋ ਗਈ ਹੋਵੇ। ਫਿਰ ਉਹ ਆਖਣ ਲਗਾ ਕਿ, "ਮੈਂ ਦੋ ਹਜ਼ਾਰ ਰੁਪਏ ਦੇਣ ਦੇ ਸਮਰੱਥ ਨਹੀਂ ਹਾਂ, ਪਰ ਮੇਰੇ ਕੋਲ਼ ਚਮਤਕਾਰ ਦਿਖਾਉਣ ਲਈ ਗ਼ੈਬੀ ਸ਼ਕਤੀਆਂ ਜ਼ਰੂਰ ਹਨ।" ਮੈਂ ਕਿਹਾ, "ਚਲੋ ਠੀਕ ਹੈ! ਤੁਹਾਡੇ ਤੋਂ ਕੁਝ ਵੀ ਲਿਆ ਨਹੀਂ ਜਾਵੇਗਾ। ਤੁਸੀਂ ਸਿਰਫ਼ ਮੈਦਾਨ 'ਚ ਆ ਕੇ ਆਪਣੇ ਦਾਅਵੇ ਸੱਚੇ ਸਿਧ ਕਰ ਦੇਵੋ ਤਾਂ ਤੁਹਾਨੂੰ ਜਰੂਰ ਹੀ ਇਨਾਮ ਦਿੱਤਾ ਜਾਵੇਗਾ।" ਕਾਲੀਨਾਥ ਨੇ ਆਪਣੇ ਦਾਅਵਿਆਂ ਨੂੰ ਅਗਲੇ ਦਿਨ ਸਿਧ ਕਰਨ ਲਈ ਸਹਿਮਤੀ ਪ੍ਰਗਟਾਈ। ਉਸ ਨੇ ਘਰ ਜਾ ਕੇ ਪਿੰਡ ਦੇ ਬਹੁਤ ਸਾਰੇ ਆਪਣੇ ਜਾਣਕੀਰ ਲੋਕਾਂ ਨੂੰ ਖੁਸ਼ੀ ਨਾਲ਼ ਦੱਸਣਾ ਸ਼ੁਰੂ ਕਰ ਦਿੱਤਾ ਕਿ ਉਸਨੇ ਜਿੰਦੀ ਪੇਂਟਰ ਤਰਕਸ਼ੀਲ ਨੂੰ ਕੱਲ੍ਹ ਪੰਚਾਇਤ ਤੇ ਪਿੰਡ ਵਾਲ਼ਿਆਂ ਦੀ ਮੌਜ਼ਦਗੀ 'ਚ ਆਪਣੀਆਂ ਗੈਬੀ ਸ਼ਕਤੀਆਂ ਦੇ ਜੌਹਰ ਦਿਖਾਉਂਣੇ ਹਨ। ਇਸ ਦੀ ਚਰਚਾ ਉਸਨੇ ਕੁਝ ਸਮੇਂ 'ਚ ਹੀ ਪਿੰਡ ਦੇ ਬਹੁਤ ਸਾਰੇ ਲੋਕਾਂ ਤੱਕ ਪਹੁੰਚਾ ਦਿੱਤੀ। ਬਹੁਤ ਸਾਰੇ ਵਹਿਮੀ ਤੇ ਅੰਧਵਿਸ਼ਵਾਸੀ ਲੋਕ ਤਾਂ ਕਾਲੀਨਾਥ ਦੀ ਹਾਂ ਵਿੱਚ ਹਾਂ ਮਿਲਾ ਰਹੇ ਸੀ ਪਰ ਕੁਝ ਪੜ੍ਹੇ-ਲਿਖੇ ਲੋਕ ਜੋ ਮੇਰੇ ਬਾਰੇ ਚੰਗੀ ਤਰ੍ਹਾਂ ਜਾਂਣਦੇ ਸਨ ਉਨ੍ਹਾਂ ਨੇ ਤਾਂਤਰਿਕ ਨੂੰ ਸਲਾਹ ਦਿੱਤੀ ਕਿ, "ਤੂੰ ਉਸ ਨਾਲ਼ ਅਜਿਹੇ ਦਾਅਵਿਆਂ ਬਾਰੇ ਟੱਕਰ ਨਾ ਲੈ, ਕਿਉਂਕਿ 'ਤਰਕਸ਼ੀਲਾਂ' ਨੂੰ ਕਦੇ ਨਹੀਂ ਹਰਾਇਆ ਜਾ ਸਕਦਾ। ਤੂੰ ਜ਼ਰੂਰ ਹੀ ਉਸਦੇ ਸਾਹਮਣੇ ਹਾਰ ਜਾਵੇਗਾ ਤੇ ਆਪਣਾ ਨੁਕਸਾਨ ਕਰਵਾ ਲਵੇਂਗਾ। ਸਾਰੇ ਪਿੰਡ 'ਚ ਤੇਰੀ ਬੇਇਜ਼ਤੀ ਹੋ ਜਾਵੇਗੀ ਤੇ ਤੂੰ ਕਿਸੇ ਨੂੰ ਮੂੰਹ ਦਿਖਾਉਣ ਦੇ ਕਾਬਿਲ ਵੀ ਨਹੀਂ ਰਹੇਂਗਾ।" ਭਾਵੇਂ ਤਾਂਤਰਿਕ ਕਾਲੀਨਾਥ ਵੀ ਜਾਣਦਾ ਸੀ ਕਿ ਉਹ (ਤਾਂਤਰਿਕ) ਅਜਿਹਾ ਨਹੀਂ ਕਰ ਸਕੇਗਾ। ਫਿਰ ਵੀ ਉਹ ਮੈਨੂੰ ਸਿਰਫ਼ 'ਡਰਾ' ਕੇ ਹੀ ਹਰਾਉਣਾ ਚਾਹੁੰਦਾ ਸੀ ਤਾਂ ਜੋ ਪਿੰਡ 'ਚ ਉਸਦੀ ਬੱਲੇ-ਬੱਲੇ ਹੋ ਜਾਵੇ। ਪਰ ਮੈਂ ਅਜਿਹੇ ਤਾਂਤਰਿਕਾਂ ਤੋਂ ਕਿੱਥੇ ਡਰਨ ਵਾਲ਼ਾ ਸੀ, ਕਿਉਂਕਿ ਮੈਂ ਅਜਿਹੇ ਪਾਖੰਡੀਆਂ ਤੇ ਮਾਨਸਿਕ ਰੋਗੀਆਂ (ਪਾਗਲਾਂ) ਦੀ ਪਹਿਲਾਂ ਵੀ ਕਈ ਵਾਰ ਪਰਖ ਕਰ ਚੁੱਕਾ ਸੀ, ਜਿਸ ਵਿੱਚ ਜਾਂ ਤਾਂ ਉਹ ਮੈਦਾਨ 'ਚ ਪੰਹੁਚੇ ਹੀ ਨਹੀਂ, ਜੋ ਪਹੁੰਚੇ ਵੀ ਉਹ ਬੁਰੀ ਤਰ੍ਹਾਂ ਹਾਰੇ ਸਨ। ਸਾਡੇ ਦੋਵਾਂ ਵਿਚਕਾਰ ਹੋਣ ਵਾਲ਼ੇ ਗੈਬੀ ਸ਼ਕਤੀਆਂ ਦੇ ਚਮਤਕਾਰੀ ਦਾਅਵਿਆਂ ਬਾਰੇ ਮੈਂ ਇਕ ਪੱਤਰ ਲਿਖਿਆ ਤਾਂ ਜੋ ਸਾਡੇ ਦੋਵਾਂ ਦੀ ਸਹਿਮਤੀ ਵਜੋਂ ਮੇਰੇ ਆਪਣੇ ਤੇ ਕਾਲੀਨਾਥ ਦੇ ਦਸਤਖਤ ਕਰਵਾ ਕੇ, ਮੌਜੂਦਾ ਪੰਚਾਇਤ ਕੋਲੋਂ ਮਨਜ਼ੂਰੀ ਲੈ ਕੇ ਨਿਸਚਿਤ ਸਮੇਂ 'ਤੇ ਉਸ ਨੂੰ ਮੈਦਾਨ 'ਚ ਪਹੁੰਚਣ ਦੀ ਬੇਨਤੀ ਕੀਤੀ ਜਾ ਸਕਦੀ। ਇਹ ਪੱਤਰ ਲੈ ਕੇ ਮੈਂ ਕਾਲੀਨਾਥ ਕੋਲ਼ ਗਿਆ ਤਾਂ ਜੋ ਉਸਨੂੰ ਵੀ ਇਸ ਪੱਤਰ 'ਚ ਕੀ ਕੁਝ ਲਿਖਿਆ ਹੈ ਬਾਰੇ ਦੱਸ ਕੇ ਉਸਦੀ ਸਹਿਮਤੀ ਵਜੋਂ ਦਸਤਖ਼ਤ ਲਏ ਜਾਣ ਤਾਂ ਜੋ ਮੈਦਾਨ 'ਚ ਮੈਂ ਜਾਂ ਉਹ ਮੁੱਕਰ ਨਾ ਜਾਈਏ। ਮੈਂ ਉਸ ਪੱਤਰ 'ਚ ਕਾਲੀਨਾਥ ਵੱਲੋਂ ਕੀਤੇ ਉਨ੍ਹਾਂ ਚਾਰ ਦਾਅਵਿਆਂ ਨੂੰ ਲੜੀਵਾਰ ਲਿਖਿਆ ਸੀ। ਜਿਨਾਂ 'ਚੋਂ ਕਿਸੇ ਇਕ ਨੂੰ ਸਿਧ ਕਰਕੇ ਉਸਨੇ ਮੈਨੂੰ ਹਰਾ ਕੇ ਇਨਾਮ ਜਿੱਤਣਾ ਸੀ।

ਜਦ ਮੈਂ ਪੱਤਰ ਲੈ ਕੇ ਤਾਂਤਰਿਕ ਕਾਲੀਨਾਥ ਦੇ ਘਰ ਗਿਆ ਤਾਂ ਉਹ ਮੈਨੂੰ ਦੇਖ ਕੇ ਹੈਰਾਨ-ਪ੍ਰੇਸ਼ਾਨ ਹੋਇਆ, ਕਿਉਂਕਿ ਉਸਨੂੰ ਇਹ ਅਹਿਸਾਸ ਹੋਇਆ ਕਿ ਇਹ ਤਾਂ ਬਿਲਕੁਲ ਵੀ 'ਡਰ' ਨਹੀਂ ਰਿਹਾ, ਤਾਂ ਕਾਲੀਨਾਥ ਆਪ ਹੀ ਡਰਦਾ ਹੋਇਆ ਰੋਣ ਵਰਗਾ ਮੂੰਹ ਬਣਾ

ਕੇ ਇਨਕਾਰ ਕਰਦਾ ਹੋਇਆ ਆਖਣ ਲੱਗਾ ਕਿ ਉਹ ਆਪਣੇ ਦਾਅਵੇ ਸਿਧ ਕਰਨ ਲਈ ਮੈਦਾਨ 'ਚ ਨਹੀਂ ਪਹੁੰਚੇਗਾ। ਮੈਂ ਪੁੱਛਿਆ, "ਕਿਉਂ?" ਤਾਂ ਉਸਨੇ ਦੱਸਿਆ ਕਿ, "ਪਿੰਡ ਦੇ ਸਾਰੇ ਲੋਕ ਆਖਦੇ ਹਨ ਕੇ ਤਰਕਸ਼ੀਲਾਂ ਨੂੰ ਕਦੇ ਨਹੀਂ ਹਰਾਇਆ ਜਾ ਸਕਦਾ।" ਮੈਂ ਕਿਹਾ, "ਪਰ ਤੁਸੀਂ ਤਾਂ ਆਪਣੇ ਦਾਅਵਿਆਂ ਨੂੰ ਪੂਰੇ ਯਕੀਨ ਨਾਲ਼ ਸਿੱਧ ਕਰਨ ਲਈ ਆਖਦੇ ਸੀ। ਕੀ ਤੁਸੀਂ ਕਦੇ ਪਹਿਲਾਂ ਆਪਣੇ ਇਨਾਂ ਦਾਅਵਿਆਂ ਦੀ ਪਰਖ ਨਹੀਂ ਸੀ ਕੀਤੀ, ਜੋ ਤੁਸੀਂ ਹੁਣ ਪਰਖਣ ਲਈ ਡਰ ਰਹੇ ਹੋ, ਜੇਕਰ ਸੱਚਮੁੱਚ ਹੀ ਤੁਹਾਡੇ 'ਚ ਕੋਈ ਗੈਬੀ ਸ਼ਕਤੀ ਨਾਲ਼ ਚਮਤਕਾਰ ਦਿਖਾਉਣ ਦੀ ਕਲਾ ਹੈ ਤਾਂ ਤੁਸੀਂ ਲੋਕਾਂ ਦੀਆਂ ਗੱਲਾਂ ਮਗਰ ਨਾ ਲੱਗੋ।" ਪਰ ਕਾਲੀਨਾਥ ਮੇਰੇ ਸਾਹਮਣੇ ਅੱਖਾਂ ਨੀਵੀਆਂ ਕਰਕੇ ਡਰਿਆ ਹੋਇਆ, ਮੇਰੀਆਂ ਗੱਲਾਂ ਤਾਂ ਸੁਣ ਰਿਹਾ ਸੀ ਪਰ ਮਨ ਅੰਦਰ ਸੋਚ ਰਿਹਾ ਸੀ ਕਿ ਕਿਸ ਨਾਲ਼ ਟੱਕਰ ਲੈ ਬੈਠਾ। ਉਹ ਬਹੁਤ ਸ਼ਰਮਿੰਦਾ ਹੋਇਆ, ਮੇਰੇ ਸਾਹਮਣੇ ਖੜ੍ਹਾ ਸੀ। ਉਸਦੀਆਂ ਅੱਖਾਂ ਹੰਝੂਆਂ ਨਾਲ਼ ਭਰੀਆਂ ਮੈਨੂੰ ਸਾਫ ਦਿਖਾਈ ਦਿੰਦੀਆਂ ਹੋਈਆਂ ਅਹਿਸਾਸ ਕਰਾ ਰਹੀਆਂ ਸਨ ਕਿ ਇਹ ਤਾਂਤਰਿਕ ਤਾਂ ਮੈਦਾਨ 'ਚ ਪਹੁੰਚਣ ਤੋਂ ਪਹਿਲਾਂ ਹੀ ਹਾਰ ਚੁੱਕਾ ਸੀ। ਉਸਨੇ ਮੰਨਿਆਂ ਕਿ ਉਸ ਕੋਲ਼ ਕੋਈ ਵੀ ਅਜਿਹਾ ਕਾਲ਼ਾ ਇਲਮ, ਗੈਬੀ ਸ਼ਕਤੀ ਤੇ ਅੱਗ ਖਾਣ ਦੀ ਚਮਤਕਾਰੀ ਸ਼ਕਤੀ ਨਹੀਂ ਹੈ। ਇਹ ਸੁਣ ਕੇ ਮੈਂ ਵੀ ਆਪਣਾ ਇਰਾਦਾ ਬਦਲ ਲਿਆ ਤੇ ਲਿਖਿਆ ਹੋਇਆ ਕਾਗਜ਼ ਪੱਤਰ ਉਥੇ ਹੀ ਪਾੜ ਕੇ ਉਸਦੇ ਮੈਦਾਨ 'ਚ ਪਹੁੰਚਣ ਦੇ ਵਾਅਦੇ ਨੂੰ ਤਿਆਗ ਦਿੱਤਾ, ਕਿਉਂਕਿ ਉਹ ਤਾਂ ਬਸ ਮੇਰੇ ਕੋਲ਼ੋਂ ਪਿੱਛਾ ਛੁਡਾਉਣ ਬਾਰੇ ਹੀ ਸੋਚ ਰਿਹਾ ਸੀ। ਇਸ ਘਟਨਾ ਨੂੰ ਗੁਜਰਿਆਂ ਇਕ ਸਾਲ ਬੀਤ ਚੁੱਕਾ ਹੈ, ਅੱਜ ਵੀ ਜਦੋਂ ਕਿਤੇ ਇਹ ਤਾਂਤਰਿਕ ਮੈਨੂੰ ਰਸਤੇ 'ਚ ਟਕਰਦਾ ਹੈ ਤਾਂ ਸ਼ਰਮਿੰਦਾ ਹੋਇਆ ਅੱਖਾਂ ਨੀਵੀਆਂ ਕਰਕੇ ਬੇਧਿਆਨਿਆਂ ਵਾਂਗ ਲੰਘ ਜਾਂਦਾ ਹੈ, ਜਿਵੇਂ ਉਹ ਮੈਨੂੰ ਜਾਣਦਾ ਹੀ ਨਾ ਹੋਵੇ।

ਅਜਿਹੇ ਚਮਤਕਾਰ ਕਿਵੇਂ ਕੀਤੇ ਜਾਂਦੇ ਹਨ:- ਜੋਤਸ਼ੀਆਂ, ਬਾਬਿਆਂ, ਮਦਾਰੀਆਂ, ਪੁਜਾਰੀਆਂ ਤੇ ਈਸਾਈ ਪਾਦਰੀਆਂ ਆਦਿ ਵਾਂਗ ਹੀ ਕਾਲੀਨਾਥ ਵੀ 'ਮਾਨਸਿਕ ਰੋਗੀ' (ਪਾਗਲ) ਹੋ ਚੁੱਕਾ ਸੀ। ਜਿਸਨੂੰ ਇਹ ਵਹਿਮ-ਭਰਮ ਸੀ ਕਿ ਉਹ ਆਪਣੀ ਤਾਂਤਰਿਕ ਵਿਦਿਆ ਨਾਲ਼ ਚਮਤਕਾਰ ਕਰ ਸਕਦਾ ਹੈ। ਜਦੋਂ ਅਜਿਹੇ ਮਨੋਰੋਗੀਆਂ ਦੀ ਪਰਖ ਕੀਤੀ ਜਾਂਦੀ ਹੈ ਤਾਂ ਇਹ ਕੁਝ ਵੀ ਸਾਬਤ ਨਹੀਂ ਕਰ ਪਾਉਂਦੇ। ਜੇਕਰ ਕਾਲੀਨਾਥ ਮੈਦਾਨ 'ਚ ਆਕੇ ਚਮਤਕਾਰ ਦਿਖਾਉਂਦਾ ਤਾਂ ਜ਼ਰੂਰ ਹੀ ਉਸਨੂੰ ਵਿਗਿਆਨਕ ਤਕਨੀਕ ਅਤੇ ਕੈਮੀਕਲਾਂ ਦਾ ਸਹਾਰਾ ਲੈਣਾ ਪੈਣਾ ਸੀ। 'ਕਾਲ਼ਾ ਇਲਮ' ਕੁਝ ਵੀ ਨਹੀਂ ਹੁੰਦਾ, ਇਹ ਵੀ ਬਾਕੀ ਪੂਜਾ-ਪਾਠ, ਜੰਤਰ-ਮੰਤਰ ਤੰਤਰ, ਸਿਮਰਨ, ਨਾਮਦਾਨ, ਅਰਦਾਸ, ਸ਼ਬਦ, ਭਜਨ, ਬੰਦਗੀ ਅਤੇ ਪ੍ਰਾਰਥਨਾ ਆਦਿ ਵਾਂਗ ਹੀ ਇੱਕ ਖ਼ਤਰਨਾਕ 'ਅੰਧਵਿਸ਼ਵਾਸ' ਹੈ। ਜਿਸ ਨਾਲ ਭੋਲੇ-ਭਾਲ਼ੇ ਲੋਕਾਂ ਦੇ ਮਨਾਂ 'ਚ ਵਹਿਮ-ਭਰਮ ਪੈਦਾ ਕਰਕੇ ਉਨ੍ਹਾਂ ਨੂੰ 'ਲੁੱਟਿਆ' ਜਾਂਦਾ ਹੈ। ਜਿਹੜੇ ਵਿਅੱਕਤੀ ਅਜਿਹੇ ਅੰਧਵਿਸ਼ਵਾਸਾਂ ਉਤੇ ਯਕੀਨ ਕਰਦੇ ਹਨ, ਉਹ ਇਹਨਾਂ ਬਾਰੇ ਪਹਿਲਾਂ ਤੋਂ ਹੀ ਮਨਾਂ 'ਚ ਭਰੀਆਂ ਹੋਈਆਂ ਗੱਲਾਂ ਦੇ ਅਸਰ 'ਚ ਆਕੇ ਸਰੀਰਕ ਹਰਕਤਾਂ ਕਰਨ ਲੱਗ ਪੈਂਦੇ ਹਨ ਜਾਂ ਬੋਲਣ ਲੱਗ ਪੈਂਦੇ ਹਨ। ਇਸਨੂੰ ਮਨੋਵਿਗਿਆਨ 'ਚ 'ਹਿਪਨੋਟਾਇਜ਼' (ਸਮੋਹਤ) ਭਾਵ ਵਸ 'ਚ ਹੋਇਆ ਆਖਦੇ ਹਨ। ਇਹ ਵੀ 'ਮਾਨਸਿਕ ਰੋਗ' (ਪਾਗਲਪਨ) ਦੀ ਹੀ ਇਕ ਕਿਸਮ ਹੈ, ਜਿਸਨੂੰ 'ਕਰਿਪਟੋਸਾਈਚਿਜ਼ਮ' ਆਖਦੇ ਹਨ। ਕਾਲ਼ੇ ਇਲਮ ਦਾਰ ਅਸਰ ਵੀ ਸਿਰਫ ਅਜਿਹੇ ਅੰਧ ਵਿਸ਼ਵਾਸੀਆਂ ਉਪਰ ਹੀ ਹੁੰਦਾ ਹੈ ਜਿਹੜੇ ਇਸਨੂੰ ਸੱਚ ਸਮਝਦੇ ਹੋਏ ਇਸ ਦੇ ਅਸਰ ਉਤੇ ਯਕੀਨ ਕਰਦੇ ਹਨ ਕਾਲਾ ਇਲਮ ਪੜਨ ਜਾਂ ਛੱਡਣ ਨਾਲ ਉਹ ਵੀ ਵਹਿਮ ਭਰਮ 'ਚ ਆ ਕੇ ਉਸੇ ਤਰ੍ਹਾਂ ਹੀ ਮਾਨਸਿਕ ਪ੍ਰਭਾਵ ਕਬੂਲਣ ਲੱਗ ਪੈਂਦੇ ਹਨ ਜੋ ਕੁਝ ਇਸ ਬਾਰੇ ਪਹਿਲਾਂ ਤੋਂ ਹੀ ਇਨ੍ਹਾਂ ਦੇ ਮਨਾਂ 'ਚ ਭਰਿਆ ਹੁੰਦਾ ਹੈ। ਜਿਵੇਂ 'ਚਰਚ' ਵਿੱਚ ਜਾਣ ਵਾਲੇ ਸ਼ਰਧਾਲੂ ਭਗਤ 'ਈਸਾਈ ਪਾਦਰੀ' ਦੀਆਂ ਭਜਨ-ਬੰਦਗੀਆਂ ਤੇ ਪ੍ਰਥਨਾਵਾਂ ਦੇ ਪ੍ਰਭਾਵ 'ਚ ਆਕੇ ਸਰੀਰਕ ਹਰਕਤਾਂ ਕਰਦੇ ਹੋਏ, ਉੱਚੀ-ਉੱਚੀ ਚੀਕਾਂ-ਕੂਕਾਂ ਤੇ ਤਾੜੀਆਂ ਮਾਰਦੇ ਹੋਏ, ਰੋਣ ਲੱਗ ਪੈਂਦੇ ਹਨ। ਕਾਲ਼ੇ ਇਲਮ ਦਾ ਅਸਰ ਵੀ ਬਿਲਕੁੱਲ ਇਸਤਰ੍ਹਾਂ ਹੀ ਹੁੰਦਾ ਹੈ। ਉਹ ਵਿਅਕਤੀ ਜੋ ਅਜਿਹੇ ਅੰਧਵਿਸ਼ਵਾਸਾਂ 'ਚ ਵਿਸ਼ਵਾਸ ਨਹੀਂ ਕਰਦੇ, ਉਨ੍ਹਾਂ ਉੱਤੇ ਇਸਦਾ ਅਸਰ ਵੀ ਨਹੀਂ ਹੁੰਦਾ।

ਗੈਬੀ ਸ਼ਕਤੀ ਨਾਲ ਦੀਵੇ ਦੀ ਬੱਤੀ (ਜੋਤ) ਨੂੰ ਕਦੇ ਵੀ ਅੱਗ ਨਹੀਂ ਲਗਾਈ ਜਾ ਸਕਦੀ ਜੇਕਰ ਕੋਈ ਇਸ ਸ਼ਕਤੀ ਨਾਲ ਬੱਤੀ ਨੂੰ ਅੱਗ ਲਗਾ ਦੇਵੇ, ਇਸਦਾ ਕਾਰਨ ਇਹ ਹੈ ਕਿ ਉਸਨੇ ਬੜੀ ਚਲਾਕੀ ਨਾਲ ਪਹਿਲਾਂ ਤੋਂ ਹੀ ਚੋਰੀ-ਛੁਪੇ ਬੱਤੀ ਨੂੰ ਸਫੈਦ ਜਾਂ ਪੀਲੀ 'ਫਾਸਫੋਰਸ' ਨਾਮ ਦਾ ਕੈਮੀਕਲ ਲਾਇਆ ਹੁੰਦਾ ਹੈ, ਜਦੋਂ ਇਸ ਬੱਤੀ ਵਾਲੇ ਦੀਵੇ ਨੂੰ ਧੁੱਪ 'ਚ ਰੱਖਿਆ ਜਾਂਦਾ ਹੈ ਤਾਂ ਕੁਝ ਸਮੇਂ ਬਾਅਦ ਧੁੱਪ ਦੇ ਸੇਕ ਨਾਲ ਆਪਣੇ ਆਪ ਹੀ ਅੱਗ ਲੱਗ ਜਾਂਦੀ ਹੈ। ਇਸੇ ਤਰ੍ਹਾਂ ਹੀ ਬੱਤੀ ਨੂੰ ਅੱਗ ਲਾਉਣ ਦਾ; ਇੱਕ ਹੋਰ ਢੰਗ ਵੀ ਹੈ, ਬੱਤੀ ਉਪਰ ਅਜਿਹੀ ਅੱਗ 'ਪੋਟਾਸ਼ੀਅਮ' ਦੇ ਟੁਕੜਿਆਂ ਉੱਤੇ 'ਗਲੈਸਰੀਨ' ਦੇ ਕੁਝ ਤੁਪਕੇ ਪਾਉਣ ਨਾਲ ਜਾਂ 'ਸੋਡੀਅਮ ਮਟੈਲ' ਦੇ ਟੁਕੜਿਆਂ ਉੱਤੇ ਪਾਣੀ ਦੇ ਛਿੱਟੇ ਮਾਰਨ ਨਾਲ ਵੀ ਪੈਦਾ ਕੀਤੀ ਜਾ ਸਕਦੀ ਹੈ, ਇਹ ਅੱਗ ਦੀ ਆਪਸੀ ਆਸੀ ਰਸਾਇਣਕ ਕਿਰਿਆ ਕਾਰਨ ਪੈਦਾ ਹੁੰਦੀ ਹੈ। ਚਲਾਕ ਤਾਂਤਰਿਕ ਇਸਨੂੰ ਆਪਣੇ ਜੰਤਰਾਂ-ਮੰਤਰਾਂ ਤੇ ਗੈਬੀ ਸ਼ਕਤੀਆਂ ਦਾ ਹੀ ਕਮਾਲ ਦਸਦੇ ਹੋਏ ਲੋਕਾਂ ਨੂੰ ਲੁੱਟਦੇ ਹਨ। ਤਾਂਤਰਿਕ ਵਿਦਿਆ ਵੀ ਇੱਕ ਅੰਧਵਿਸ਼ਵਾਸ ਅਤੇ ਪਾਖੰਡ ਹੀ ਹੈ। ਇਸ ਨਾਲ ਕਦੇ ਵੀ ਅੱਗ ਨਹੀਂ ਖਾਧੀ ਜਾ ਸਕਦੀ ਉਹ ਵਿਅਕਤੀ ਜਿਨਾਂ ਨੂੰ ਅਸੀਂ ਅੱਗ ਖਾਂਦੇ ਦੇਖਦੇ ਹਾਂ, ਉਹ ਇਸਦੇ ਪ੍ਰਭਾਵ ਤੋਂ ਬਚਣ ਲਈ ਪਹਿਲਾਂ ਤੋਂ ਚੋਰੀ ਛੁਪੇ ਆਪਣੇ ਹੱਥਾਂ ਨੂੰ ਸਫੈਦ ਰੰਗ ਦੀ 'ਪੈਟਰੋਲੀਅਮ ਜ਼ੈਲੀ' ਨੂੰ ਚੰਗੀ ਤਰ੍ਹਾਂ ਮਲ਼ ਲੰਦੇ ਹਨ ਅਤੇ ਆਪਣੇ ਮੂੰਹ, ਜੀਭ ਅਤੇ ਬੁੱਲਾਂ ਉਤੇ ਵੀ ਤਰਲ ਸਟੋਰੈਕਸ ਚੰਗੀ ਤਰ੍ਹਾਂ ਮਲ਼ ਲੈਂਦੇ ਹਨ। ਇਨਾਂ ਕੈਮੀਕਲਾਂ ਨਾਲ਼ ਹੱਥ, ਮੂੰਹ, ਜੀਭ ਅਤੇ ਬੁੱਲ੍ਹ ਕੁੱਝ ਸਮੇਂ ਲਈ ਗਰਮੀ ਅਤੇ ਤਾਪਮਾਨ ਪ੍ਰਤੀ ਸੁੰਨ ਹੋ ਜਾਂਦੇ ਹਨ। ਨਾਲ਼ ਹੀ ਅੱਗ ਮੂੰਹ 'ਚ ਪਾਉਣ ਤੋਂ ਪਹਿਲਾਂ ਉਹ ਆਪਣੇ ਮੂੰਹ ਅੰਦਰ ਹੀ ਲਾਰ (ਥੁੱਕ) ਜਮਾ ਕਰ ਲੈਂਦੇ ਹਨ, ਫਿਰ ਇੱਕ ਮੁਸ਼ਕ ਕਫੂਰ ਦੀ ਟਿੱਕੀ ਨੂੰ ਅੱਗ ਲਗਾ ਕੇ ਮੂੰਹ ਅੰਦਰ ਰੱਖਦੇ ਹੋਏ, ਅੰਦਰਲਾ ਸਾਹ (ਫੂਕ) ਬਾਹਰ ਕੱਢਦੇ ਹੋਏ, ਮੂੰਹ ਬੰਦ ਕਰ ਲੈਂਦੇ ਹਨ। ਜਿਸ ਨਾਲ ਅੱਗ ਲੱਗੀ ਹੋਈ ਟਿੱਕੀ ਨੂੰ ਆਕਸੀਜਨ ਮਿਲਣੀ ਬੰਦ ਹੋ ਜਾਂਦੀ ਹੈ ਤੇ ਅੰਦਰਲੀ ਕਾਰਬਨਡਾਈਆਸਾਇਡ ਨਾਲ਼ ਟਿੱਕੀ ਇੱਕ ਦਮ ਮੂੰਹ ਅੰਦਰ ਬੁਝ ਜਾਂਦੀ ਹੈ, ਫਿਰ ਤਾਂਤਰਿਕ ਇਸ ਤਰ੍ਹਾਂ ਮੂੰਹ ਮਾਰਨ ਦਾ ਨਾਟਕ ਕਰਦੇ ਹਨ ਜਿਵੇਂ ਉਹ ਅੱਗ ਨੂੰ ਖਾ ਰਹੇ ਹੋਣ। ਬਾਦ 'ਚ ਉਹ ਚੋਰੀ-ਛੁਪੇ ਰੁਮਾਲ ਨਾਲ ਮੂੰਹ ਸਾਫ ਕਰਨ ਦੇ ਬਹਾਨੇ ਨਾਲ ਟਿੱਕੀ ਰੁਮਾਲ 'ਚ ਛੁਪਾ ਕੇ ਬਾਹਰ ਕੱਢ ਦਿੰਦੇ ਹਨ। ਪਰ ਅੱਗ ਦੇ ਮਘਦੇ ਹੋਏ ਕੋਲਿਆਂ ਨੂੰ ਇਸ ਤਰ੍ਹਾਂ ਖਾਣਾ ਅਸੰਭਵ ਹੈ।

ਜ਼ਹਰੀਲੇ ਸੱਪ ਦੇ ਡੰਗ ਦਾ ਇਲਾਜ਼ ਜੰਤਰਾਂ-ਮੰਤਰਾਂ ਤੰਤਰਾਂ ਜਾਂ ਗੈਬੀ ਸ਼ਕਤੀਆਂ ਨਾਲ਼ ਹੀ ਕੀਤਾ ਜਾ ਸਕਦਾ ਅਤੇ ਨਾ ਹੀ ਅਜਿਹਾ ਕੋਈ 'ਮਣਕਾ' ਹੁੰਦਾ ਹੈ ਜੋ ਸੱਪ ਦਾ ਜਹਿਰ ਚੂਸ ਲਵੇ। ਉਹ ਵਿਅਕਤੀ ਜੋ ਇਨ੍ਹਾਂ ਨਾਲ ਬਚ ਨਿੱਕਲਦੇ ਹਨ, ਉਹ ਬਿਨਾ ਜ਼ਹਿਰ ਵਾਲੇ (ਜਹਿਰਹੀਣ) ਸੱਪਾਂ ਦੇ ਡੰਗ ਨਾਲ ਬਚੇ ਹੁੰਦੇ ਹਨ। ਕਿਉਂਕਿ ਧਰਤੀ ਉਤੇ ਪਾਏ ਜਾਣ ਵਾਲੇ ਸਾਰੇ ਹੀ ਸੱਪ ਜਹਰੀਲੇ ਨਹੀਂ ਹੁੰਦੇ ਤਰ੍ਹਾਂ ਤਰ੍ਹਾਂ ਦੇ 10 ਸੱਪਾਂ ਵਿੱਚੋਂ ਸਿਰਫ 1-2 ਹੀ ਜਹਿਰੀਲੇ ਸੱਪ ਦੇ ਡੰਗ ਦਾ ਇਲਾਜ ਤਾਂ ਸਿਰਫ ਡਾਕਟਰੀ ਸਹਾਇਤਾ ਨਾਲ ਹੀ ਕੀਤਾ ਜਾ ਸਕਦਾ ਹੈ। ਭੋਲ਼ੇ-ਭਾਲ਼ੇ ਲੋਕਾਂ ਨੂੰ ਅਜਿਹੀਆਂ ਉਪਰੋਕਤ ਗੱਲਾਂ ਬਾਰੇ ਸਹੀ ਜਾਣਕਾਰੀ ਨਾ ਹੋਣ ਕਰਕੇ, ਉਹ ਜੋਤਸ਼ੀਆਂ, ਬਾਬਿਆਂ, ਮਦਾਰੀਆਂ, ਤਾਂਤਰਿਕਾਂ, ਪੁਜਾਰੀਆਂ ਤੇ ਈਸਾਈ ਪਾਦਰੀਆਂ ਦੇ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਵਾਲੇ ਮਕੜ ਜਾਲ 'ਚ ਫਸ ਕੇ 'ਲੁੱਟ' ਕਰਵਾਉਂਦੇ ਰਹਿੰਦੇ ਹਨ। ਇਨ੍ਹਾਂ ਪਾਖੰਡੀਆਂ ਤੇ ਮਾਨਸਿਕ ਰੋਗੀਆਂ ਦੀ ਲੁੱਟ ਤੋਂ ਸਿਰਫ਼ ਉਹੀ ਲੋਕ ਬਚ ਸਕਦੇ ਹਨ ਜੋ ਤਰਕ ਤੇ ਵਿਗਿਆਨਕ ਸੋਚ ਰੱਖਦੇ ਹਨ।

# ਨਾਸਤਿਕਾਂ ਤੋਂ ਘਬਰਾ ਜਾਂਦੀ ਹੈ ਧਰਮਸੱਤਾ



ਮੂਲ ਲੇਖ: ਜਗਦੀਸ਼ ਪੰਵਾਰ
ਅਨੁਵਾਦਕ : ਪਵਨ ਕੁਮਾਰ ਰੱਤੋਂ

ਸ਼ਰਧਾ, ਬਹਿਸ ਅਤੇ ਤਰਕ ਜਾਣਨ ਵਾਲੇ ਤੋਂ ਡਰਦੀ ਹੈ, ਇਸ ਦਾ ਨਮੂਨਾ ਤਦ ਦਿੱਸਿਆ ਜਦ ਵ੍ਰਿੰਦਾਵਨ/ਬ੍ਰਿੰਦਾਬਨ ਵਿੱਚੋਂ ਹੋਣ ਵਾਲੀ ਨਾਸਤਿਕਾਂ ਦੀ ਇਕੱਤਰਤਾ ਰੱਦ ਕਰਾਉਣ ਦੇ ਲਈ ਧਾਰਮਿਕ ਜਥੇਬੰਦੀਆਂ ਦੇ ਦਲਾਂ ਨੇ ਹਿੰਸਾ ਅਤੇ ਧਮਕੀ ਦਾ ਆਸਰਾ ਲਿਆ। ਇਹਨਾਂ ਦਲਾਂ ਨਾਲ ਪ੍ਰਸ਼ਾਸਨ ਦੇ ਮਿਲੇ ਹੋਣ ਦੇ ਬਾਵਜੂਦ ਨਾਸਤਿਕ ਸਭਾ ਦਾ ਸੁਨੇਹਾ ਸਾਰੀ ਦੁਨੀਆਂ ਵਿੱਚ ਪਹੁੰਚ ਗਿਆ ਹੈ।

ਧਰਮ ਦੇ ਵਪਾਰ ਦੀ Wholesale ਹੋਲਸੇਲ (ਥੋਕ ਵਿਕਰੀ) ਨਗਰੀ ਵ੍ਰਿੰਦਾਵਨ ਵਿੱਚੋ ਮਹਿਜ਼/ਸਿਰਫ਼ 500 ਨਾਸਤਿਕਾਂ ਦੇ ਇਕੱਠ ਨਾਲ ਰਾਜਨੀਤਕ ਅਤੇ ਧਾਰਮਕ ਸੱਤਾ ਵਿੱਚ ਹਲਚਲ ਮੱਚ ਗਈ। ਸੰਵਿਧਾਨਕ ਅਧਿਕਾਰਾਂ ਦੇ ਮੁਕਾਬਲੇ ਢੋਂਗੀ ਧਾਰਮਕ ਸੱਤਾ ਇਕ ਵਾਰ ਫੇਰ ਕਾਮਯਾਬ ਹੋ ਗਈ। ਧਰਮ ਦੇ ਦੁਕਾਨਦਾਰਾਂ ਦੇ ਦਬਾਅ ਅਤੇ ਉਹਨਾਂ ਦੀ ਗੁੰਡਾਗਰਦੀ ਦੀ ਤਾਕਤ ਦੇ ਅੱਗੇ ਪ੍ਰਸ਼ਾਸਨ ਦੁਆਰਾ ਇਕ ਨਾਸਤਿਕ ਸੰਮੇਲਨ ਨੂੰ ਰੱਦ ਕਰਵਾ ਦਿੱਤਾ ਗਿਆ। ਹਮੇਸ਼ਾ ਵਾਂਗ ਭਗਵਾਂਧਾਰੀਆਂ ਦੀ ਭੀੜ ਪ੍ਰੋਗਰਾਮ ਸਥਾਨ ਉੱਤੇ ਹਿੰਸਾ ਅਤੇ ਤੋੜਭੰਨ ਉੱਤੇ ਉਤਾਰੂ ਹੋ ਗਈ। ਪ੍ਰਬੰਧਕਾਂ ਦੇ ਖਿਲਾਫ਼ ਨਾਅਰੇ ਬਾਜ਼ੀ ਹੋਈ, ਪੁਤਲੇ ਫੂਕੇ ਗਏ ਅਤੇ ਪੱਥਰਬਾਜ਼ੀ ਕਰ ਕੇ ਤੋੜਭੰਨ ਕੀਤੀ ਗਈ।

ਪ੍ਰੋਗਰਾਮ ਰੱਦ ਹੋਣ ਤੇ ਬਾਵਜੂਦ ਦੇਸ਼ ਦੁਨੀਆਂ ਦੇ ਨਾਸਤਿਕਾਂ ਦਾ ਸੁਨੇਹਾ ਸੱਭਨਾਂ ਤੱਕ ਪਹੁੰਚ ਹੀ ਗਿਆ ਕਿ ਆਸਥਾ/ਸ਼ਰਧਾ ਕਿਸ ਹੱਦ ਤੱਕ ਬਹਿਸ ਅਤੇ ਤਾਰਕਿਕਤਾ ਤੋਂ ਡਰਦੀ ਹੈ। ਵ੍ਰਿੰਦਾਵਨ ਦੇ ਪਰਿਕਰਮਾ ਮਾਰਗ ਸਥਿਤ ਸ਼੍ਰੀ ਬਿੰਦੂ ਸੇਵਾ ਸੰਸਥਾਨ ਦੇ ਮੁੱਖੀ ਸਵਾਮੀ ਬਾਲੇਂਦੂ ਨੇ 14 ਅਤੇ 15 ਅਕਤੂਬਰ ਨੂੰ ਦੋ ਰੋਜ਼ਾ ਨਾਸਤਿਕਾਂ ਦਾ ਸੰਮੇਲਨ ਬੁਲਾਇਆ ਸੀ। ਸੰਮੇਲਨ ਵਿੱਚੋਂ18 ਰਾਜਾਂ ਤੋਂ ਲੋਕ ਵ੍ਰਿੰਦਾਵਨ ਪਹੁੰਚਣ ਲੱਗੇ ਸਨ। ਇਹਨਾਂ ਵਿੱਚੋਂ ਜ਼ਿਆਦਾਤਰ ਮਹਾਂਰਾਸ਼ਟਰ, ਕਰਨਾਟਕ, ਪੰਜਾਬ, ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਦਿੱਲੀ ਦੇ ਲੇਖਕ, ਪੱਤਰਕਾਰ, ਕਲਾਕਾਰ, ਪ੍ਰੋਫੈਸਰ, ਡਾਕਟਰ, ਇੰਜੀਨੀਅਰ, ਵਿਦਿਆਰਥੀ ਅਤੇ ਕੌਰਪੋਰੇਟਸ ਵੀ ਸ਼ਾਮਲ ਸਨ। ਪ੍ਰੋਗਰਾਮ ਤੋਂ ਦੋ ਦਿਨ ਪਹਿਲਾਂ ਪ੍ਰਇਮ ਨਿਊਜ਼ ਚੈਨਲ ਉੱਤੇ 'ਆਸਤਿਕ ਬਨਾਮ ਨਾਸਤਿਕ' ਨਾਂ ਦੇ ਇੱਕ ਪ੍ਰੋਗਰਾਮ ਵਿੱਚ ਸਵਾਮੀ ਬਾਲੇਂਦੂ ਅਤੇ ਧਰਮਅਚਾਰੀਆਂ ਦੇ ਵਿੱਚ ਜ਼ਬਰਦਸਤ ਬਹਿਸ ਹੋਈ। ਪਰ ਤਰਕ ਦੇ ਅੱਗੇ ਧਰਮਅਚਾਰੀਆ ਟਿਕ ਨਹੀਂ ਸਕੇ ਅਤੇ ਬਹਿਸ ਦੌਰਾਨ ਝੂਠਾ ਸ਼ੋਰ ਸ਼ਰਾਬਾ ਕਰਦੇ ਰਹੇ। ਸਵਾਮੀ ਬਾਲੇਂਦੂ ਦਾ ਬੋਲਣਾ ਬੰਦ ਕਰਾਉਣ ਦੀ ਕੋਸ਼ਿਸ਼ ਵਿੱਚ ਜੁਟੇ ਰਹੇ।

ਅਗਲੇ ਦਿਨ ਪ੍ਰੋਗਰਾਮ ਤੋਂ ਪਹਿਲਾਂ ਸ਼ਾਮ ਨੂੰ ਪ੍ਰਬੰਧਕਾਂ ਨੇ ਪ੍ਰੈਸ-ਕਾਨਫਰੰਸ ਕਰ ਕੇ ਪ੍ਰੋਗਰਾਮ ਦੀ ਜਾਣਕਾਰੀ ਦਿੱਤੀ। ਨਾਸਤਿਕ ਸੰਮੇਲਨ ਦੀ ਗੱਲ ਜਦ ਮੀਡੀਆ ਵਿੱਚ ਫੈਲੀ ਤਾਂ ਵਿਸ਼ਵ ਹਿੰਦੂ ਪਰਿਸ਼ਦ, ਬਜਰੰਗ ਦਲ, ਧਰਮ ਰੱਖਿਆ ਸੰਘ ਅਤੇ ਸਥਾਨਕ ਧਾਰਮਕ ਜਥੇਬੰਦੀਆਂ ਦੇ ਲੀਡਰ ਜ਼ਿਲ੍ਹਾ ਪ੍ਰਸ਼ਾਸਨ ਨੂੰ ਮੰਗ-ਪੱਤਰ ਦੇਣ ਪਹੁੰਚ ਗਏ। ਮੰਗ ਕੀਤੀ ਗਈ ਕਿ ਇਹ ਪ੍ਰੋਗਰਾਮ ਨਾ ਹੋਣ ਦਿੱਤਾ ਜਾਵੇ।

ਇਸ ਦੌਰਾਨ ਪ੍ਰੋਗਰਾਮ ਵਿੱਚ ਆਉਣ ਵਾਲੇ ਲੋਕਾਂ ਦੇ ਰੁਕਣ ਲਈ, ਖਾਣਪੀਣ ਅਤੇ ਸਲਾਹ-ਮਸ਼ਵਰੇ ਦੀਆਂ ਪੂਰੀਆਂ ਤਿਆਰੀਆਂ ਹੋ ਚੁੱਕੀਆਂ ਸਨ। ਕਈ ਲੋਕ ਪ੍ਰੋਗਰਾਮ ਸਥਾਨ ਉੱਤੇ ਪਹੁੰਚ ਚੁੱਕੇ ਸਨ। 14 ਅਕਤੂਬਰ ਨੂੰ ਬੱਸਾਂ ਅਤੇ ਰੇਲਾਂ ਦੁਆਰਾ ਲੋਕ ਪਹੁੰਚ ਰਹੇ ਸਨ। ਪਰ ਅਚਾਨਕ ਖ਼ਬਰ ਆਈ ਕਿ ਪ੍ਰੋਗਰਾਮ ਸਥਾਨ ਉੱਤੇ ਕਥਿਤ ਸੰਤਾਂ, ਬਾਬਿਆਂ ਅਤੇ ਧਾਰਮਕ ਜਥੇਬੰਦੀਆਂ ਦੇ ਲੋਕਾਂ ਦੀ ਭੀੜ ਇਕੱਠੀ ਹੈ ਜੋ ਪ੍ਰਬੰਧਕਾਂ ਨੂੰ ਧਮਕਾ ਰਹੀ ਹੈ ਅਤੇ ਕੁੱਟਮਾਰ ਉੱਤੇ ਉਤਾਰੂ ਹੈ। ਆਉਣ ਵਾਲਿਆਂ ਨੂੰ ਰੋਕ ਰਹੀ ਹੈ। ਗੈਸਟ ਹਾਊਸਾਂ, ਧਰਮਸ਼ਾਲਾਵਾਂ ਵਿੱਚ ਪਹਿਲਾਂ ਤੋਂ ਰਾਖਵੇਂ ਕਰਾਏ ਗਏ ਕਮਰਿਆਂ ਵਿੱਚ ਜਾਣ ਤੋਂ ਉਹਨਾਂ ਨੂੰ ਰੋਕਿਆ ਜਾਣ ਲੱਗਾ ਹੈ। ਭੀੜ ਪੱਥਰ ਸੁੱਟਣ ਲੱਗੀ ਹੈ, ਤੋੜਭੰਨ ਕੇ ਅੱਗ ਲਗਾਉਣ ਉੱਤੇ ਤਿਆਰ ਸੀ।

ਪ੍ਰਸ਼ਾਸਨ ਨੇ ਪ੍ਰੋਗਰਾਮ ਦੀ ਮਨਜ਼ੂਰੀ ਦੇ ਬਾਵਜੂਦ ਪ੍ਰਬੰਧਕਾਂ ਦਾ ਸਾਥ ਨਹੀਂ ਦਿੱਤਾ ਸਗੋਂ ਇਲਾਕੇ ਵਿੱਚ ਧਾਰਾ 144 ਲਾਗੂ ਕਰ ਕੇ ਪ੍ਰੋਗਰਾਮ ਦੀ ਸੁਰੱਖਿਆ ਕਰਨ ਤੋਂ ਹੱਥ ਖੜ੍ਹੇ ਕਰ ਦਿੱਤੇ। ਧਾਰਮਕ ਧੰਦਿਆਂ ਦੇ ਮਠਾਧੀਸ਼ਾਂ ਦੇ ਨਾਲ ਮਿਲ ਕੇ ਪ੍ਰਸ਼ਾਸਨ ਨੇ ਪ੍ਰੋਗਰਾਮ ਨੂੰ ਲਾਅ ਐਂਡ ਆਰਡਰ ਦੀ ਸਮੱਸਿਆ ਦੱਸ ਕੇ ਰੱਦ ਕਰਵਾ ਦਿੱਤਾ।

ਧਾਰਮਕ ਜਥੇਬੰਦੀਆਂ ਨੇ ਦਾਅਵਾ ਕੀਤਾ ਕਿ ਵ੍ਰਿੰਦਾਵਨ ਵਿੱਚ ਅਜਿਹਾ ਕੋਈ ਪ੍ਰੋਗਰਾਮ ਨਹੀਂ ਹੋਣ ਦਿੱਤਾ ਜਾਵੇਗਾ। ਜੇਕਰ ਕਰਨਾ ਹੈ ਤਾਂ ਕਿਤੇ ਬਾਹਰ ਕੀਤਾ ਜਾਵੇ।

ਇਸ ਨੁਮਾਇੰਦੇ ਨੂੰ ਸਵਾਮੀ ਬਾਲੇਂਦੂ ਨੇ ਦੱਸਿਆ, "ਪ੍ਰਸ਼ਾਸਨ ਦੀ ਮਨਜ਼ੂਰੀ ਦੇ ਬਾਵਜੂਦ ਸਾਨੂੰ ਪ੍ਰੋਗਰਾਮ ਨਹੀਂ ਕਰਨ ਦਿੱਤਾ ਗਿਆ। ਆਸ਼ਰਮ ਵਿੱਚ ਪੱਥਰ ਸੁੱਟੇ ਗਏ। ਸ਼ੀਸ਼ੇ ਤੋੜੇ ਗਏ। ਸੰਮੇਲਨ ਵਿੱਚ ਆਏ ਲੋਕਾਂ ਨਾਲ ਕੁੱਟਮਾਰ ਕੀਤੀ ਗਈ ਅਤੇ ਪੁਲਿਸ ਸਭ ਚੁੱਪਚਾਪ ਦੇਖਦੀ ਰਹੀ। ਬੁਲਡੋਜ਼ਰ ਘੁੰਮਾਏ ਗਏ। 500 ਲੋਕਾਂ ਦੇ ਇੱਕ ਥਾਂ ਇਕੱਠੇ ਹੋਣ ਨਾਲ ਧਰਮ ਦੀਆਂ ਚੂਲਾਂ ਹਿੱਲ ਗਈਆਂ। ਇਸ ਤੋਂ ਸਾਬਤ ਹੁੰਦਾ ਹੈ ਕਿ ਧਰਮ ਕਿੰਨਾ ਕਮਜ਼ੋਰ ਹੈ।"

ਬਾਲੇਂਦੂ ਅੱਗੇ ਕਹਿੰਦੇ ਹਨ, "ਪਹਿਲਾਂ ਮੈਂ ਵੀ ਆਸਤਿਕ ਸੀ ਅਤੇ ਪ੍ਰਵਚਨ ਕਰਦਾ ਸੀ। ਪਰ ਬਾਅਦ ਵਿੱਚ ਨਾਸਤਿਕ ਹੋ ਗਿਆ। ਮੇਰੀ ਧਰਮ ਅਤੇ ਰੱਬ ਨਾਲ ਕੋਈ ਸਿੱਧੀ ਲੜਾਈ ਨਹੀਂ ਹੈ। ਮੇਰੀ ਲੜਾਈ ਗਰੀਬੀ ਅਤੇ ਸ਼ੋਸ਼ਣ ਤੋਂ ਹੈ। ਧਰਮ ਦੇ ਨਾਂ ਉੱਤੇ ਗਰੀਬਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਉਹ ਕਹਿੰਦੇ ਹਨ, "ਉਹ

ਆਪਣੀ ਮੁਹਿੰਮ ਜਾਰੀ ਰੱਖਣਗੇ। ਸੰਮੇਲਨ ਦਾ ਉਦੇਸ਼ ਸਮਾਨ ਵਿਚਾਰਾਂ ਵਾਲੇ ਸਾਥੀਆਂ ਨਾਲ ਮਿਲ ਕੇ ਧਰਮ, ਰੱਬ, ਨਾਸਤਿਕਤਾ, ਗਰੀਬੀ, ਸ਼ੋਸ਼ਣ ਅਤੇ ਫਰਜ਼ੀ ਬਾਬਿਆਂ ਉੱਤੇ ਚਰਚਾ ਕਰਨਾ ਸੀ। ਗਰੀਬ ਅਤੇ ਆਮ ਆਦਮੀ ਰੋਟੀ, ਰੋਜ਼ਗਾਰ ਦੇ ਲਈ ਤਰਸ ਰਿਹਾ ਹੈ ਜਦ ਕਿ ਧਰਮ ਦੇ ਧੰਦੇਬਾਜ਼ਾਂ ਦੀਆਂ ਗੋਲਕਾਂ ਭਰ ਰਹੀਆਂ ਹਨ।

"ਨਾਸਤਿਕ ਹੋਣਾ ਗੁਨਾਹ (ਕਸੂਰ, ਗਲਤੀ, ਦੋਸ਼) ਨਹੀਂ ਹੈ। ਭਾਰਤ ਦਾ ਸੰਵਿਧਾਨ ਮੈਨੂੰ ਵੀ ਉਨੇ ਹੀ ਅਧਿਕਾਰ ਦੇਂਦਾ ਹੈ ਜਿੰਨੇ ਇੱਕ ਆਸਤਿਕ ਨੂੰ ਦੇਂਦਾ ਹੈ। ਅਸੀਂ ਉਹਨਾਂ ਦੇ ਪ੍ਰਵਚਨ ਅਤੇ ਯੋਗ ਨੂੰ ਨਹੀਂ ਰੋਕਦੇ ਤਾਂ ਉਨ੍ਹਾਂ ਨੂੰ ਸਾਡੇ ਨਾਸਤਿਕ ਹੋਣ ਤੋਂ ਕਿਆ ਸਮੱਸਿਆ ਹੈ। ਮੇਰਾ ਮੰਨਣਾ ਹੈ ਕਿ ਸਮਾਜ ਵਿੱਚ ਰੱਬ ਅਤੇ ਧਰਮ ਅੰਧਵਿਸ਼ਵਾਸ ਫੈਲਾਉਣ ਦਾ ਕਾਰਨ ਹੈ। ਲੋਕ ਇਹਨਾਂ ਤੋਂ ਦੂਰ ਰਹਿਣਗੇ ਤਾਂ ਵਧੀਆ/ਬਿਹਤਰ ਸਮਾਜ ਬਣਾਇਆ ਜਾ ਸਕਦਾ ਹੈ।"

ਪ੍ਰੋਗਰਾਮ ਵਿੱਚ ਸ਼ਾਮਲ ਹੋਣ ਵ੍ਰਿੰਦਾਵਨ ਪਹੁੰਚੇ ਹਿਮਾਂਸ਼ੂ ਕੁਮਾਰ ਜੀ ਦਾ ਕਹਿਣਾ ਸੀ ਕਿ ਪ੍ਰਦਰਸ਼ਨਕਾਰੀਆਂ ਦੇ ਹੱਥਾਂ ਵਿੱਚ ਤਖਤੀਆਂ ਉੱਤੇ ਲਿਖਿਆ ਸੀ, 'ਨਾਸਤਿਕਾਂ ਨੂੰ ਗ੍ਰਿਫਤਾਰ ਕਰੋ,' 'ਨਾਸਤਿਕਾਂ ਦਾ ਨਾਸ਼ ਹੋਵੇ।'

ਹੈਰਾਨੀ ਦੀ ਗੱਲ ਸੀ ਕਿ ਭਗਵਾਨ ਦੇ ਵਿਚੋਲਿਆਂ ਨੂੰ ਪ੍ਰੋਗਰਾਮ ਰੱਦ ਕਰਾਉਣ ਦੇ ਲਈ ਪ੍ਰਸ਼ਾਸਨ ਦਾ ਸਹਾਰਾ ਲੈਣਾ ਪਿਆ। ਉਹਨਾਂ ਦੇ ਪਾਸ ਤਾਂ ਅਲੌਕਿਕ/ਗ਼ੈਬੀ ਸ਼ਕਤੀਆਂ ਦਾ ਭੰਡਾਰ ਹੋਣਾ ਚਾਹੀਦਾ ਹੈ, ਚਮਤਕਾਰ ਹੋਣਾ ਚਾਹੀਦਾ ਹੈ। ਉਹ ਭਗਵਾਨ ਨੂੰ ਪ੍ਰਾਰਥਨਾ ਕਰਦੇ, ਹਵਨਯੱਗ, ਤੰਤਰ-ਮੰਤਰ ਚਲਾਉਂਦੇ ਹੋਰ ਨਹੀਂ ਤਾਂ ਸੱਭਨਾਂ ਨਾਸਤਿਕਾਂ ਨੂੰ ਸਰਾਪ ਭਸਮ ਹੋਣ ਦਾ ਦੇ ਦੇਂਦੇ ਪਰੰਤੂ ਅਜਿਹਾ ਕੁੱਝ ਨਹੀਂ ਕੀਤਾ ਗਿਆ।

ਡਾਕਟਰ ਨਵੀਨ ਰਮਣ ਜੀ ਦੱਸਦੇ ਹਨ, " ਧਾਰਮਕ ਗੁੰਡਿਆਂ ਦੀ ਨਗਰੀ ਵਿੱਚ ਅਸੀਂ ਸਿੱਧੇ ਸਿੱਧੇ ਗੁੰਡਾਗਰਦੀ ਦੀ ਭੀੜ ਦੇਖੀ ਹੈ। ਪੁਲਿਸ ਦੇ ਜ਼ਰੀਏ ਗੁੰਡਾਗਰਦੀ ਨੂੰ ਅੰਜਾਮ ਪਹੁੰਚਾਇਆ ਗਿਆ। ਪੁਲਿਸ ਵਾਲੇ ਮੱਥੇ ਉੱਤੇ ਟਿੱਕਾ ਲਗਾ ਕੇ ਸਿੱਧੇ ਧਮਕੀ ਦੇ ਰਹੇ ਸਨ ਅਤੇ ਖਾਣ-ਪਾਣ ਸਥਾਨ 'ਅੰਮਾ ਜੀ' ਰੈਸਟੋਰੈਂਟ ਨੂੰ ਬੰਦ ਕਰਾਉਣ ਦੀ ਸੋਚ ਜਾਂ ਚਿੰਤਾ ਵਿੱਚ ਸਨ। ਧਾਰਮਕ ਗੁੰਡੇ ਨਾਸਤਿਕਾਂ ਨੂੰ ਜਾਨ ਤੋਂ ਮਾਰਨ ਦੀ ਧਮਕੀ ਦੇ ਰਹੇ ਸਨ।"

ਅਸਲ ਵਿੱਚ ਵ੍ਰਿੰਦਾਵਨ ਵਿੱਚ ਨਾਸਤਿਕ ਸੰਮੇਲਨ ਨਾਲ ਧਰਮ ਦਾ ਬਾਜ਼ਾਰ ਖਰਾਬ ਹੋਣ ਦਾ ਡਰ ਧਰਮ ਦੀ ਕਮਾਈ ਖਾਣ ਵਾਲਿਆਂ ਵਿੱਚ ਸੀ। ਇਸ ਲਈ ਉਹ ਸੰਮੇਲਨ ਨੂੰ ਰੱਦ ਕਰਾਉਣ ਵਿੱਚ ਜੁਟੇ ਰਹੇ।

ਮਥੁਰਾ, ਵ੍ਰਿੰਦਾਵਨ, ਬਨਾਰਸ, ਪ੍ਰਯਾਗ, ਨਾਸਿਕ, ਤਿਰੁਪਤੀ, ਸ਼ਿਰਡੀ, ਬਦਰੀਨਾਥ, ਕੇਦਾਰਨਾਥ, ਰਿਸ਼ੀਕੇਸ਼ ਵਰਗੇ ਧਰਮ ਸਥਾਨਾਂ ਵਿੱਚ ਧਰਮਾਂਧਾਂ ਦੀ ਭੀੜ ਵੱਧ ਰਹੀ ਹੈ ਤਾਂ ਇਸ ਦਾ ਮਤਲਬ ਹੈ ਧਰਮ ਦੀ ਮਾਰਕਿਟਿੰਗ ਜ਼ੋਰਦਾਰ ਢੰਗ ਨਾਲ ਕੀਤੀ ਜਾ ਰਹੀ ਹੈ। ਧਰਮ ਦੇ ਧੰਦੇਬਾਜ਼ ਚਲਾਕੀ, ਹੁਸ਼ਿਆਰੀ ਨਾਲ ਆਪਣਾ ਧੰਦਾ ਚਮਕਾਉਣ ਵਿੱਚ ਕਾਮਯਾਬ ਹੋ ਰਹੇ ਹਨ। ਇਸ ਲਈ ਕਿ ਇੱਥੇ ਚਮਤਕਾਰ, ਲੋਭ ਲਾਲਚ, ਸੁਖਅਮੀਰੀ, ਸ਼ਾਂਤੀ, ਡਰ ਅਤੇ ਮਨੋਰੰਜਨ ਦਾ ਭਰਪੂਰ ਦਿਖਾਵਾ ਮੌਜੂਦ ਹੈ। ਇਹ ਗੱਲ ਅਲੱਗ ਹੈ ਕਿ ਸ਼ਰਧਾਲੂਆਂ ਨੂੰ ਮਿਲਦਾ ਕੁੱਝ ਨਹੀਂ ਹੈ, ਉਹ ਲੁੱਟੇ ਜਾ ਰਹੇ ਹਨ। ਹਾਂ, ਧਰਮ ਦੇ ਧੰਦੇਬਾਜ਼ਾਂ ਦੇ ਖ਼ਜਾਨੇ ਜ਼ਰੂਰ ਭਰ ਰਹੇ ਹਨ।

ਵ੍ਰਿੰਦਾਵਨ ਦੇ ਸੰਮੇਲਨ ਵਿੱਚ ਨਾਸਤਿਕਾਂ ਦਾ ਜਿਹੜਾ ਉਤਸ਼ਾਹ ਦੇਖਿਆ ਗਿਆ, ਕੀ ਉਹ ਯੂਰਪ ਦੇ ਪ੍ਰੁੰਨਰ ਜਾਗਰਣ ਅੰਦੋਲਨ ਦੀ ਤਰ੍ਹਾਂ ਨਾਸਤਿਕ ਧਾਰਾ ਨੂੰ ਵਧਾਉਣ ਵਾਲਾ ਸਾਬਤ ਹੋ ਸਕਦਾ ਹੈ? ਕੀ ਧਰਮ ਦੇ ਪਖੰਡਾਂ ਅਤੇ ਢੌਂਗੀਆਂ ਤੋਂ ਜਨਤਾ ਅੱਕ ਰਹੀ ਹੈ? ਜੇਕਰ ਸੱਚਮੁੱਚ ਅਜਿਹਾ ਹੋ ਰਿਹਾ ਹੈ ਤਾਂ ਲੋਕ ਪ੍ਰਗਤੀਸ਼ੀਲਤਾ, ਜਾਗਰੂਕਤਾ ਵੱਲ ਵੱਧ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਭਾਰਤ ਦੇ ਧਰਮਸਥਾਨ ਵੀਰਾਨ ਨਜ਼ਰ ਆਉਣ ਲੱਗਣਗੇ। ਯੂਰਪ ਦੇ ਚਰਚ ਬੰਦ ਹੋ ਗਏ ਹਨ, ਨੀਲਾਮ ਹੋ ਰਹੇ ਹਨ ਭਾਰਤ ਵਿੱਚ ਨਿਧਰਮੀ ਹੀ ਦੇਸ਼ ਦੇ ਧਰਮਸਥਾਨਾਂ ਦੀ ਲੁੱਟ ਬੰਦ ਕਰਵਾ ਸਕਦੇ ਹਨ।

ਧੰਨਵਾਦ ਸਾਹਿਤ ਮੈਗਜ਼ੀਨ 'ਸਾਰਿਤਾ' ਨਵੰਬਰ (ਦੂਜਾ) 2016 ਵਿੱਚੋਂ

# ਤਰਕਸ਼ੀਲ ਵਰਕਰ ਨੇ ਕੀਤੀ ਆਪਣੇ ਪਿੰਡ 'ਚ ਨਵੀਂ ਸ਼ੁਰੂਆਤ



ਤਰਕਸ਼ੀਲ ਵਰਕਰ ਨੇ ਕੀਤੀ ਆਪਣੇ ਪਿੰਡ ਚੁ ਨਵੀਆਂ ਪਿਰਤਾਂ ਪਾਉਣ ਦੀ ਸ਼ੁਰੂਆਤ.. ਤਰਕਸ਼ੀਲ ਸੁਸਾਇਟੀ ਭਾਰਤ ਦੀ ਇਕਾਈ ਜ਼ੀਰਾ ਦੇ ਸਰਗਰਮ ਵਰਕਰ "ਤਰਸੇਮ ਸਿੰਘ ਜੱਜ" ਜੀ ਦੇ ਪਿਛਲੇ ਦਿਨੀਂ ਪਿਤਾ ਦਰਬਾਰਾ ਸਿੰਘ ਜੀ ਉਮਰ ਕਰੀਬ 79 ਸਾਲ ਦੀ ਮੌਤ ਹੋ ਗਈ ਸੀ ..ਤਰਸੇਮ ਨੂਰਪੁਰ ਜੀ ਨੇ ਸਸਕਾਰ ਅਤੇ ਫੁੱਲ ਚੁਗਣ ਦੌਰਾਨ ਕੀਤੀਆਂ ਜਾਂਦੀਆਂ ਲਗਭਗ ਸਾਰੀਆਂ ਪਰੰਪਰਿਕ, ਰੀਤੀ ਰਿਵਾਜਾਂ, ਕਰਮ ਕਾਂਡਾਂ ਨੂੰ ਨਕਾਰਦੇ ਹੋਏ ਸਧਾਰਨ ਤਰੀਕੇ ਨਾਲ ਆਪਣੇ ਪਿਤਾ ਜੀ ਦਾ ਸਸਕਾਰ ਕਿਤਾ.. ਪਰ ਇਹ ਸਭ ਕਾਸੇ ਨੂੰ ਕਰਨ ਲਈ ਉਸਨੂੰ ਆਪਣੇ ਰਿਸ਼ਤੇਦਾਰਾਂ, ਇਲਾਕਾ ਨਿਵਾਸੀਆਂ,ਖਾਸ ਕਰ ਔਰਤਾਂ ਦੇ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ ਅਤੇ ਬੜਾ ਸਮਾਜਿਕ, ਮਾਨਸਿਕ ਦਬਾਅ ਝੱਲਣਾ ਪਿਆ .. ਪਰ ਉਸਦੇ ਭਰਾ ਬਖਸ਼ੀਸ਼ ਸਿੰਘ ਨੂਰਪੁਰ ਅਤੇ ਉਹਨਾਂ ਦੇ ਸਪੁੱਤਰ ਜਗਮੀਤ ਸਿੰਘ ਜੀ ਦੇ ਭਰਭੂਰ ਸਾਥ, ਸਹਿਯੋਗ ਸਕਦਾ ਤਰਸੇਮ ਜੀ ਨੇ ਹੌਂਸਲਾ ਨਹੀਂ ਛੱਡਿਆ.. ਤੇ ਥੋਥੇ ਤੇ ਵੇਲਾ ਵਿਹਾ ਚੁਕੇ ਰੀਤੀ ਰਿਵਾਜਾਂ ਨੂੰ ਨਹੀਂ ਨਿਭਾਇਆ... ਜਿਸ ਤੋਂ ਸਬਕ ਸਿਖਦੇ ਹੋਏ ਇਸੇ ਪਿੰਡ ਨੂਰਪੁਰ ਇੱਕ ਆਮ ਪਰਿਵਾਰ ਨੇ ਆਪਣੇ ਪਰਿਵਾਰਕ ਮੈਂਬਰ ਦੀ ਮੌਤ ਤੇ ਥੋਥੇ-ਫੋਕੇ ਰੀਤੀ ਰਿਵਾਜ ਨਹੀਂ ਕੀਤੇ.. ਇਸਤੋਂ ਵੀ ਅੱਗੇ ਵੱਧ ਕੇ ਆਪਣੇ ਪਿਤਾ ਜੀ ਦੇ ਭੋਗ ਤੇ ਆਮ ਰਵਾਇਤ ਵਾਂਗ ਕਿਸੇ ਵੀ ਧਾਰਮਿਕ ਸਥਾਨ ਨੂੰ ਮਾਈਕ ਸਹਾਇਤਾ, ਮੰਜਾ ਬਿਸਤਰਾ ਆਦਿ ਸਮਾਨ ਨਾਂ ਦੇ ਕਿ ਪਹਿਲੀ ਵਾਰ ਕਿਸੇ ਪਿੰਡ ਵਾਸੀ ਦੁਆਰਾ ਅਜਿਹੇ ਸਮੇਂ ਪਿੰਡ ਦੇ ਸਰਕਾਰੀ ਸਕੂਲ ਨੂੰ ਪੰਜ ਹਜਾਰ ਰੁਪਏ ਸਹਾਇਤਾ ਦੇ ਕੇ ਆਪਣੇ ਪਿੰਡ ਵਿੱਚ ਬਿਲਕੁਲ ਨਵੀਂ ਅਤੇ ਇਤਿਹਾਸਕ ਪਿਰਤ ਦੀ ਸ਼ੁਰੂਆਤ ਕੀਤੀ...

ਰਿਪੋਰਟ ਕਰਤਾ ਗੁਰਪ੍ਰੀਤ ਮੱਲੋਕੇ

# ਵਿਗਿਆਨ ਸੰਚਾਰ ਅਤੇ ਮੀਡੀਆ ਕਾਰਜ ਵਿਧੀ

**ਏ.ਐਨ.ਝਾਅ**



ਇਸ ਵਿੱਚ ਕੋਈ ਅਤਿਕਥਨੀ ਨਹੀਂ ਕਿ ਕਿਸੇ ਕੌਮ ਦੀ ਤਰੱਕੀ ਉਸਦੇ ਲੋਕਾਂ ਦੀ ਤਰੱਕੀ ਉੱਪਰ ਨਿਰਭਰ ਕਰਦੀ ਹੈ। ਜਿੰਨੀ ਦੇਰ ਤੱਕ ਮਨੁੱਖ ਦੀ ਰੂਹਾਨੀਅਤ ਅਤੇ ਸਮਰੱਥਾਵਾਂ ਨੂੰ ਵਿਕਸਤ ਨਹੀਂ ਕੀਤਾ ਜਾਂਦਾ, ਉਦੋਂ ਤੱਕ ਕੋਈ ਹੋਰ ਵਿਕਾਸ ਵੀ ਨਹੀਂ ਹੋ ਸਕਦਾ। ਨਿਰਸੰਦੇਹ ਤੀਜੀ ਦੁਨੀਆਂ ਦੇ ਬਹੁਤ ਸਾਰੇ ਮੁਲਕਾਂ ਦੀ ਬੁਨੀਆਦੀ ਸਮੱਸਿਆ ਕੁਦਰਤੀ ਸਾਧਨਾਂ ਦੀ ਕੰਗਾਲੀ ਨਹੀਂ ਹੈ। ਪਰੰਤੂ ਮਨੁੱਖੀ ਸਰੋਤਾਂ ਦਾ ਨਿਮਨ ਵਿਕਾਸ ਹੈ।

ਇਸ ਲਈ ਇਹਨਾਂ ਮੁਲਕਾਂ ਦਾ ਮੁੱਢਲਾ ਕਾਰਜ ਵਿੱਦਿਆ, ਮੁਹਾਰਤ ਅਤੇ ਲਾਭਦਾਇਕਤਾ ਵਿੱਚ ਸੁਧਾਰ ਕਰਦਿਆਂ ਲੋਕਾਂ ਦੀ ਗੁਣਵਤਾ ਨੂੰ ਵਧਾਉਣਾ ਹੈ। ਮੌਜੂਦਾ ਯੁੱਗ ਵਿੱਚ, ਜਦੋਂ ਵਿਗਿਆਨ ਨੇ ਆਰਥਿਕਤਾ ਦੇ ਹਰ ਖੇਤਰ ਵਿੱਚ ਘੁਸਪੈਠ ਕਰ ਲਈ ਹੈ ਅਤੇ ਸਮਾਜੀ ਆਰਥਿਕ ਪਹਿਲੂ ਦੇ ਹਰ ਇੱਕ ਪੱਖ ਨੂੰ ਪ੍ਰਭਾਵਿਤ ਕਰ ਦਿੱਤਾ ਹੈ, ਇਹ ਕਹਿਣਾ ਤਾਂ ਕੋਈ ਗੱਲ ਰਹਿ ਹੀ ਨਹੀਂ ਜਾਂਦੀ ਕਿ ਉੱਪਰ ਦਰਸਾਏ ਗਏ ਮੰਤਵ ਦੀ ਪ੍ਰਾਪਤੀ ਦੇ ਵਾਸਤੇ ਬੇਹੱਦ ਪ੍ਰਭਾਵਸ਼ਾਲੀ ਇੱਕ ਤਰੀਕਾ ਹੈ ਜਨ ਸਧਾਰਣ ਦੇ ਅੰਦਰ ਵਿਗਿਆਨ ਦੇ ਫਾਇਦਿਆਂ ਬਾਰੇ ਜਾਗਰੂਕਤਾ ਪੈਦਾ ਕਰਨੀ ਅਤੇ ਮਨਾਂ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਪੈਦਾ ਕਰਨਾ।

ਏਥੋਂ ਹੀ ਜਨ ਸੰਚਾਰ ਦੀ ਭੂਮਿਕਾ ਆਰੰਭ ਹੁੰਦੀ ਹੈ। ਜਨ ਸੰਚਾਰ ਦੇ ਉਦਗਮ ਤੋਂ ਪੂਰਵ ਅਸੀਂ ਆਪਣੇ ਗਿਆਨ ਨੂੰ ਲਿਖਕੇ ਹੀ ਸਾਂਝਾ ਕਰ ਸਕਦੇ ਸਾਂ ਅਤੇ ਸੰਭਾਲਕੇ ਰੱਖ ਸਕਦੇ ਸਾਂ। ਸੰਸਾਰ ਦੇ ਖੇਤਰ ਵਿੱਚ ਪ੍ਰਿੰਟਿੰਗ ਪ੍ਰੈਸ ਅਤੇ ਇਸਦੇ ਬਾਦ ਵਿੱਚ ਹੋਰ ਉਪਕਰਣਾਂ ਅਤੇ ਵਿਧੀਆਂ ਦੇ ਵਿੱਚ ਵਰਣਨਯੋਗ ਵਿਕਾਸ ਸਦਕਾ, ਹੁਣ ਕਿਸੇ ਵੀ ਸੰਦੇਸ਼ ਨੂੰ ਲਗਭਗ ਕਿਸੇ ਵੀ ਹੱਦ ਤੱਕ ਦੁਹਰਾਇਆ ਜਾਂ ਨਕਲ ਕੀਤਾ ਜਾ ਸਕਦਾ ਹੈ ਅਤੇ ਮਨੁੱਖ ਦੀ ਵੇਖਣ, ਸੁਣਨ ਅਤੇ ਰਿਕਾਰਡ ਕਰਨ ਦੀ ਯੋਗਤਾ ਨੂੰ ਲਗਭਗ ਅਸੀਮਤਾ ਤੱਕ ਵਧਾਇਆ ਜਾਣਾ ਸੰਭਵ ਹੋ ਸਕਦਾ ਹੈ ਅਤੇ ਇਸ ਤਰ੍ਹਾਂ ਸੂਚਨਾ ਸਾਂਝੀ ਕੀਤੀ ਜਾ ਸਕਦੀ ਹੈ। ਇਤਿਹਾਸ ਵਿੱਚ ਬਹੁਤ ਸਾਰੀਆਂ ਗੱਲਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਸੱਭਿਅਤਾ ਚਿੰਤਕਾਂ ਦੇ ਵਿਚਾਰਾਂ ਨੂੰ ਲੋਕ-ਭਾਸ਼ਾ ਵਿੱਚ ਅਨੁਵਾਦ ਕਰਨ ਦੇ ਕੌਸ਼ਲ ਵਿਚਕਾਰ ਸਿੱਧੇ ਅਨੁਪਾਤ ਨਾਲ ਅਗਾਂਹ ਵਧੀ ਹੈ।

ਸਾਡੇ ਮੁਲਕ ਵਿੱਚ ਜਨ ਸੰਚਾਰ ਦਾ ਪ੍ਰਮੁੱਖ ਮਾਧਿਅਮ (ਮੀਡੀਆ) ਰਹੇ ਹਨ ਅਖਬਾਰ, ਰੇਡੀਓ, ਟੀ.ਵੀ. ਜੋ ਅਜੋਕੀ ਦੇਣ ਹੈ। ਜਨ ਸਧਾਰਣ ਦੇ ਵਾਸਤੇ ਵਿਗਿਆਨ ਦਾ ਪ੍ਰਚਾਰ ਕਰਨਾ ਅਤੇ ਉਸਦੀ ਵਿਆਖਿਆ ਕਰਨ ਦੀ ਜ਼ੁੰਮੇਵਾਰੀ ਕੁਦਰਤੀ ਤੌਰ ਤੇ ਇਹਨਾਂ ਮਾਧਿਅਮਾਂ ਉੱਪਰ ਆਉਂਦੀ ਹੈ। ਉਹ ਵੀ ਇੱਕ ਸਮਾਂ ਸੀ ਜਨ ਮਾਧਿਅਮਾਂ ਵਾਸਤੇ ਵਿਗਿਆਨ ਵਿੱਚ ਕੋਈ ਰੁੱਚੀ ਨਹੀਂ ਸੀ ਹੁੰਦੀ, ਜਾਂ ਸੰਖੇਪ ਵਿੱਚ ਆਖੀਏ, ਮੀਡੀਏ ਦੇ ਵਿਅਕਤੀਆਂ ਵਿੱਚ ਇਸਦੀ ਕੋਈ ਥਾਂ ਨਹੀਂ ਸੀ। ਪਰੰਤੂ ਕਈ ਸਾਲਾਂ ਤੋਂ ਜਨ ਮਾਧਿਅਮਾਂ ਵੱਲੋਂ ਵਿਗਿਆਨ ਦੀ ਰਿਪੋਰਟਿੰਗ ਵਧੀ ਹੈ। ਫੇਰ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪੱਤਰਕਾਰਿਤਾ ਵਿੱਚ ਮੁਕਾਬਲਤਨ ਵਿਗਿਆਨ ਰਿਪੋਰਟਿੰਗ ਇੱਕ ਨਵਾਂ ਖੇਤਰ ਹੈ ਅਤੇ ਸਾਡੇ ਮੁਲਕ ਵਿੱਚ ਵਿਗਿਆਨ ਦੀ ਰਿਪੋਰਟਿੰਗ ਕਰਨ ਵਾਲੇ ਸੱਚੀਂ-ਮੁੱਚੀਂ ਯੋਗਤਾ ਸੰਪਨ ਪੱਤਰਕਾਰਾਂ ਦੀ ਗਿਣਤੀ ਕਾਫ਼ੀ ਨਹੀਂ ਹੈ। ਸੱਭ ਤੋਂ ਵੱਧ ਚਿੰਤਾ ਦੀ ਗੱਲ ਇਹ ਹੈ ਕਿ ਸਾਇੰਸ ਜਰਨਲਿਸਟਾਂ ਨੂੰ ਸਿਖਲਾਈ ਦੇਣ ਦੇ ਵਾਸਤੇ ਸਾਡੇ ਮੁਲਕ ਵਿੱਚ ਕੋਈ ਵਰਣਨਯੋਗ ਸੁਵਿਧਾ ਮੌਜੂਦ ਨਹੀਂ ਹੈ।

ਇਸ ਊਣਤਾਈ ਨੂੰ ਮਹਿਸੂਸ ਕਰਦਿਆਂ ਇੰਡੀਅਨ ਸਾਇੰਸ ਨਿਊਜ਼ ਐਸੋਸੀਏਸ਼ਨ ਨੇ ਵਿਗਿਆਨ ਸੰਚਾਰ ਅਤੇ ਮੀਡੀਆ ਪ੍ਰੰਪਰਾ ਬਾਰੇ ਯੋਜਨਾਵੱਧ ਢੰਗ ਨਾਲ ਇੱਕ ਸਿਖਲਾਈ ਪ੍ਰੋਗਰਾਮ ਆਯੋਜਿਤ ਕਰਨ ਦਾ ਫੈਸਲਾ ਕੀਤਾ। ਏਥੇ ਇਹ ਗੱਲ ਦੱਸਣ ਵਿੱਚ ਸੰਤੁਸ਼ਟੀ ਹੁੰਦੀ ਹੈ ਕਿ ਪੱਛਮੀ ਬੰਗਾਲ ਸਰਕਾਰ ਦੀ ਸਾਇੰਸ ਅਤੇ ਤਕਨੋਲਜ਼ੀ ਕਮੇਟੀ, ਭਾਰਤ ਸਰਕਾਰ ਦੇ ਵਿਗਿਆਨ ਅਤੇ ਤਕਨੋਲੋਜ਼ੀ ਵਿਭਾਗ ਅਤੇ ਕਲਕੱਤਾ ਯੂਨੀਵਰਸਿਟੀ ਨੇ ਇਸ ਪ੍ਰਸ਼ੰਸਾਯੋਗ ਉੱਤਮ ਨੂੰ ਹੱਥਾਂ ਵਿੱਚ ਲੈਣ ਵਾਸਤੇ ਐਸੋਸੀਏਸ਼ਨ ਨੂੰ ਸਹਾਇਤਾ ਵੀ ਪ੍ਰਦਾਨ ਕੀਤੀ।

ਅਜਿਹੇ ਕੋਰਸ ਦੇ ਵਾਸਤੇ ਪਾਠਕ੍ਰਮ ਤਿਆਗ ਕਰਨਾ ਕੋਈ ਸੌਖਾ ਕੰਮ ਨਹੀਂ ਹੁੰਦਾ ਇਸ ਵਿੱਚ ਪਹਿਲਾਂ ਵਰਨਣ ਕੀਤੇ ਗਏ, ਜਨ ਸੰਚਾਰ ਮਾਧਿਅਮਾਂ ਦੀ ਪ੍ਰਕਿਰਤੀ ਵਿੱਚ ਵੱਡੇ ਵਖਰੇਵੇਂ ਹੀ ਕਠਿਨਾਈ ਨਹੀਂ ਪੈਦਾ ਕਰਦੇ ਪਰੰਤੂ ਵੱਖ-ਵੱਖ ਕਿਸਮਾਂ ਦੇ ਸਰੋਤਿਆਂ ਦੀਆਂ ਵਿਭਿੰਨ ਜ਼ਰੂਰਤਾਂ ਵੀ ਇਸ ਕੰਮ ਨੂੰ ਮੁਸ਼ਕਲ ਬਣਾਉਂਦੀਆਂ ਹਨ। ਤਿੰਨਾ ਮਾਧਿਅਮਾਂ ਵਿੱਚੋਂ ਭਾਵੇਂ ਅਖਬਾਰ ਬਹੁਤ ਹੀ ਪੁਰਾਣਾ ਮਧਿਆਮ ਰਹੇ ਹਨ, ਇਸ ਵਿੱਚ ਉਹ ਊਣਤਾਈ ਹੈ ਕਿ ਭਾਰਤ ਵਰਗੇ ਮੁਲਕ ਵਿੱਚ ਜਿੱਥੇ ਬਹੁਤੀ ਗਿਣਤੀ ਲੋਕ ਘੱਟ ਖੜ੍ਹੇ ਲਿਖੇ ਹਨ ਜਾਂ ਬਿਲਕੁਲ ਹੀ ਅਨਪੜ੍ਹ ਹਨ, ਅਖਬਾਰਾਂ ਦੀ ਪਹੁੰਚ ਸਿਰਫ਼ ਕੁੱਝ ਪੜ੍ਹਿਆਂ ਲਿਖਿਆਂ ਤੱਕ ਹੀ ਸੀਮਤ ਹੋ ਜਾਂਦੀ ਹੈ। ਇਸਦੇ ਨਾਲ ਹੀ ਦੂਰ-ਦੁਰਾਡੇ ਇਲਾਕਿਆਂ ਰਹਿੰਦੇ ਲੋਕਾਂ ਤੱਕ ਜਿੱਥੇ ਜ਼ਿੰਦਗੀ ਦੀਆਂ ਜ਼ਰੂਰੀ ਲੋੜਾਂ ਪੁੱਜਦੀਆਂ ਕਰਨ ਦੀ ਕੋਈ ਢੁੱਕਵੀਂ ਵਿਵਸਥਾ ਮੌਜੂਦ ਨਹੀਂ, ਉਥੇ ਅਖਬਾਰ ਅੱਪੜਦਾ ਕਰਨਾ ਤਾਂ ਇੱਕ ਵੱਡੀ ਸਮੱਸਿਆ ਹੈ।

ਅਖ਼ਬਾਰਾਂ ਦੇ ਮੁਕਾਬਲੇ ਵਿੱਚ ਰੇਡੀਓ ਅਤੇ ਟੀ.ਵੀ. ਵਿੱਚ ਸਮੱਰਥਾਵਾਂ ਹਨ। ਕਿਉਂਕਿ ਇਸ ਕਿਸਮ ਦੇ ਸੰਚਾਰ ਦੇ ਸਾਹਮਣੇ ਪੜ੍ਹਾਈ ਲਿਖਾਈ ਜਾਂ ਸਾਖਰਤਾ ਦੀ ਕੋਈ ਰੁਕਾਵਟ ਨਹੀਂ ਹੁੰਦੀ। ਟਰਾਂਸਿਸਟਰ ਨੇ ਤਾਂ ਰੇਡੀਓ ਦੇ ਮਾਧਿਅਮ ਨੂੰ ਹੋਰ ਵੀ ਵੱਧ ਹਰਮਨ ਪਿਆਰਾ ਬਣਾ ਦਿੱਤਾ ਹੈ। ਸਾਡੇ ਮੁਲਕ ਵਿੱਚ ਪੱਤਰਕਾਰਿਤਾ ਦੇ ਕਿਸੇ ਵੀ ਕੋਰਸ ਵਿੱਚ

ਅਖਬਾਰਾਂ ਦੇ ਇਲਾਵਾ ਇਹਨਾਂ ਦੋ ਕਿਸਮਾਂ ਦੇ ਮੀਡੀਆ ਉੱਪਰ ਢੁੱਕਵਾਂ ਬਲ ਦੇਣਾ ਚਾਹੀਦਾ ਹੈ। ਇਹ ਯਾਦ ਰੱਖਣ ਯੋਗ ਹੈ ਕਿ ਅਖਬਾਰ ਦਾ ਚੰਗਾ ਪੱਤਰਕਾਰ ਜਾਂ ਫੀਚਰ ਲੇਖਕ ਜ਼ਰੂਰੀ ਨਹੀਂ ਕਿ ਉਹ ਰੇਡੀਓ ਜਾਂ ਟੀ.ਵੀ. ਦੇ ਵਾਸਤੇ ਵਧੀਆ ਸਖ਼ਸੀਅਤ ਸਾਬਿਤ ਹੋਵੇਗਾ। ਇਹੋ ਗੱਲ ਦੂਜੇ ਪਾਸੇ ਵੀ ਢੁੱਕਦੀ ਹੈ।

ਜਨ ਸੰਚਾਰ ਦੇ ਖੇਤਰ, ਇੱਕ ਸਮਾਂ ਅਜਿਹਾ ਵੀ ਸੀ ਜਦੋਂ ਇਹ ਸਮਝਿਆ ਜਾਂਦਾ ਸੀ ਕਿ ਸਰੋਤਾਂ ਉਤਸਾਹੀਨ ਜਾਂ ਗੈਰ ਸਰਗਰਮ ਹੈ, ਅਤੇ ਜੋ ਕੁਝ ਉਸ ਸਾਹਮਣੇ ਪਰੋਸਿਆ ਜਾਂਦਾ ਹੈ ਉਹ ਉਸਨੂੰ ਹਾਜ਼ਮ ਕਰਨ ਜਾਂ ਆਤਮਸਾਤ ਕਰਨ ਲਈ ਇੰਤਜ਼ਾਰ ਕਰ ਰਿਹਾ ਹੈ। ਸਰੋਤਿਆਂ ਦਾ ਪਿਛੋਕੜ, ਉਹਨਾਂ ਦੀਆਂ ਵਿਸ਼ੇਸ਼ ਲੋੜਾਂ, ਕਿਸੇ ਖਾਸ ਸੰਚਾਰ ਪ੍ਰਤੀ ਉਹਨਾਂ ਦਾ ਹੁੰਗਾਰਾ ਆਦਿ ਬਾਰੇ ਕੋਈ ਵਿਚਾਰ ਹੀ ਨਹੀਂ ਸੀ ਕੀਤਾ ਜਾਂਦਾ। ਸੰਖੇਪ ਵਿੱਚ ਇਹ ਕਿ ਸਰੋਤਿਆਂ ਦੀ ਪਛਾਣ ਸਨਾਖ਼ਤ ਕਰਨ ਨੂੰ ਕੋਈ ਬਣਦਾ ਮਹੱਤਵ ਨਹੀਂ ਸੀ ਦਿੱਤਾ ਜਾਂਦਾ। ਮਾੜੇ ਪੱਖੋਂ ਇਹ ਰੁਝਾਨ ਅਜੇ ਵੀ ਪ੍ਰਚੱਲਤ ਹੈ ਕਿ ਇਹ ਹਮੇਸ਼ਾ ਮਹਿਸੂਸ ਨਹੀਂ ਕੀਤਾ ਜਾਂਦਾ ਕਿ ਸੂਚਨਾ ਨੂੰ ਉਹਨਾਂ ਸ਼ਬਦਾਂ ਵਿੱਚ ਪ੍ਰਸਤੁਤ ਕੀਤਾ ਜਾਵੇ ਜਿਹਨਾਂ ਨੂੰ ਸਰੋਤਾ ਸਮਝ ਸਕਦਾ ਹੈ, ਨਹੀਂ ਤਾਂ ਕੋਈ ਸੰਚਾਰ ਹੋਵੇਗਾ ਹੀ ਨਹੀਂ।

ਇਹੋ ਕਾਰਣ ਹੈ ਕਿ, ਬਹੁਤ ਸਾਰੇ ਮਾਮਲਿਆਂ ਵਿੱਚ, ਪਰੋਸੀ ਗਈ ਸੂਚਨਾ ਗਿਣਾਤਮਕ ਪੱਖੋਂ ਬਹੁਤ ਵਿਸ਼ਾਲ ਹੋ ਸਕਦੀ ਹੈ, ਪਰ ਵਿੱਕਤੀ ਨੂੰ ਜਿਸ ਸੂਚਨਾ ਦੀ ਅਤਿਅੰਤ ਅਵੱਸ਼ਕਤਾ ਹੁੰਦੀ ਹੈ, ਉਹ ਸੂਚਨਾ ਉਸਨੂੰ ਨਹੀਂ ਮਿਲਦੀ। ਜਨ ਸੰਚਾਰ ਮੀਡੀਆ ਨੂੰ ਗ੍ਰਾਹਕ ਦੀਆਂ ਲੋੜਾਂ ਪ੍ਰਤੀ ਵੱਧ ਉੱਤਰਦਾਈ ਬਣਨਾ ਪਵੇਗਾ। ਵਿਗਿਆਨ ਦੇ ਖੇਤਰ ਵਿੱਚ ਵਿਸ਼ੇਸ਼ ਤੌਰ ਤੇ ਹਕੀਕਤ ਹੈ। ਅੱਜ ਦਾ ਸਰੋਤਾ ਇਸ ਬਾਰੇ ਵੀ ਕਾਫ਼ੀ ਚੇਤਨ ਹੈ ਕਿ ਉਹ ਕੀ ਚਾਹੁੰਦਾ ਹੈ ਆਮ ਤੌਰ ਤੇ ਜਲਦੀ ਕੀਤਿਆਂ ਉਹ ਆਪਣਾ ਮਨ ਨਹੀਂ ਬਦਲਦਾ, ਜਦੋਂ ਤੱਕ ਇਹ ਨਾ ਜਤਾਇਆ ਜਾਵੇ ਕਿ ਬਦਲਾਉ ਵਿੱਚ ਉਸਦਾ ਹੀ ਲਾਭ ਹੈ। ਇਸ ਸੰਬੰਧ ਵਿੱਚ ਖੇਤੀਬਾੜੀ ਦੇ ਆਧੁਨਿਕ ਢੰਗਾਂ ਅਤੇ ਰਸਾਇਣਕ ਖਾਦਾਂ ਦੀ ਵਰਤੋਂ ਬਾਰੇ ਸਾਡੇ ਕਿਸਾਨਾਂ ਦੇ ਨਜ਼ਰੀਏ ਦੇ ਉਦਾਹਰਣ ਦਿੱਤੇ ਜਾ ਸਕਦੇ ਹਨ। ਇਸ ਕਰਕੇ ਜਨ-ਸਾਧਾਰਣ ਨਾਲ ਸਹੀ ਕਿਸਮ ਦਾ ਤਾਲਮੇਲ ਸਥਾਪਤ ਕਰਨ ਵਿੱਚ ਵਿਗਿਆਨ ਜਰਨਲਿਸਟਾਂ ਨੂੰ ਉਹਨਾਂ ਦੀ ਮਹੱਤਵਪੂਰਣ ਭੂਮਿਕਾ ਬਾਰੇ ਬੇਹੱਦ ਚੇਤਨ ਹੋਣਾ ਪਵੇਗਾ। ਇਸ ਤਰ੍ਹਾਂ ਦੇ ਤਾਲਮੇਲ ਦੀ ਗੈਰ ਮੌਜੂਦਗੀ ਵਿੱਚ ਵਿਗਿਆਨ ਇੱਕ ਕਿਸਮ ਦਾ ਰਹੱਸ਼ ਹੀ ਰਹੇਗਾ ਜਿਸ ਬਾਰੇ ਅਚੰਭਾ ਹੀ ਕੀਤਾ ਜਾ ਸਕਦਾ ਹੈ, ਨਾ ਸਾਡੇ ਨਿੱਤਾ ਪ੍ਰਤੀ ਦੇ ਜੀਵਨ ਵਿੱਚ ਲਾਗੂ ਕਰਨ ਵਾਲੀ ਕੋਈ ਸ਼ੈਅ ਅਤੇ ਇਸ ਤਰ੍ਹਾਂ ਕਰਕੇ ਸਾਡੀ ਹੋਣੀ ਨੂੰ ਬਦਲਣ ਦਾ ਇੱਕ ਸਾਧਨ।

ਏਸੇ ਸੰਦਰਭ ਵਿੱਚ, ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ ਸਰੋਤਿਆਂ ਵਿੱਚ ਨਾ ਸਿਰਫ਼ ਵਿੱਕਤੀ ਹੀ ਸ਼ਾਮਲ ਹੈ ਪਰੰਤੂ ਸੰਚਾਰ ਦਾ ਮਕਸਦ ਵੀ ਸ਼ਾਮਲ ਹੈ। ਉਦਾਹਰਣ ਵਾਸਤੇ, ਕਿਸੇ ਨੋਬਲ ਪੁਰਸਕਾਰ ਜੇਤੂ ਦੇ ਵਿਗਿਆਨਕ ਯੋਗਦਾਨ ਬਾਰੇ ਆਰਟੀਕਲ ਪ੍ਰਸਤੁਤ ਕਰਨ ਦਾ ਢੰਗ, ਖੇਤੀਬਾੜੀ ਦੀਆਂ ਫ਼ਸਲਾਂ ਵਾਸਤੇ ਕੀਟਨਾਸ਼ਕਾਂ ਦੀ ਵਰਤੋਂ ਦੇ ਨਫ਼ੇ-ਨੁਕਸਾਨਾਂ ਬਾਰੇ ਚਰਚਾ ਕਰਨ ਵਾਲੀ ਆਰਟੀਕਲ ਪ੍ਰਸਤੁਤ ਕਰਨ ਦੇ ਢੰਗ ਨਾਲੋਂ ਬੁਨਿਆਦੀ ਤੌਰ ਤੇ ਵੱਖਰਾ ਹੋਵੇਗਾ।

ਹੁਣ ਗੱਲ ਏਥੇ ਆ ਜਾਂਦੀ ਹੈ ਕਿ ਸਾਇੰਸ ਜਰਨਲਿਸਟ ਦੀਆਂ ਲਾਜ਼ਮੀ ਯੋਗਤਾਵਾਂ ਕੀ ਹੋਣੀਆਂ ਚਾਹੀਦੀਆਂ ਹਨ? ਇਹ ਤਾਂ ਸਰਬ ਪ੍ਰਵਾਨਤ ਹੋਵੇਗਾ ਹੀ ਕਿ ਉਸਦਾ ਮੁੱਢਲਾ ਪਿਛੋਕੜ ਵਿਗਿਆਨ ਨਾਲ ਸੰਬੰਧਿਤ ਹੋਵੇ। ਵਿਗਿਆਨ ਦਿਨ ਪ੍ਰਤੀ ਦਿਨ ਗੁੰਝਲਦਾਰ ਬਣਦਾ ਜਾ ਰਿਹਾ ਹੈ ਅਤੇ ਕਿਸੇ ਵਿਗਿਆਨਕ ਘਟਨਾ ਦਾ ਅਸਲੀ ਮਹੱਤਵ ਮਹਿਸੂਸ ਕਰਨ ਜਾਂ ਕਿਸੇ ਵਿਸ਼ੇਸ਼ ਅਨੁਸ਼ਾਸ਼ਨ (ਵਿਸ਼ੇ) ਵਿੱਚ ਨਵੀਆਂ ਉਪਲੱਬਧੀਆਂ ਦੇ ਮਹੱਤਵ ਨੂੰ ਭਾਂਪਣ ਦੇ ਵਾਸਤੇ, ਵਿਗਿਆਨ ਜਰਨਲਿਸਟ ਘਟਨਾ ਦੀ ਵਾਸਤਵਿਕਤਾ ਦਾ ਮੁਲੰਕਣ ਕਰਨ ਦੇ ਲਈ ਠੀਕ ਤਰ੍ਹਾਂ ਲੈਸ ਹੋਣਾ ਚਾਹੀਦਾ ਹੈ। ਇਹ ਗੱਲ ਨਹੀਂ ਹੈ ਕਿ ਉਸਨੂੰ ਖੋਜ ਜਾਂ ਕਾਢ ਦੀਆਂ ਸਾਰੀਆਂ ਤਕਨੀਕਾਂ ਬਾਰੇ ਜਾਣਕਾਰੀ ਹੋਵੇ। ਉਸਤੋਂ ਉਮੀਦ ਇਹ ਕੀਤੀ ਜਾਂਦੀ ਹੈ ਕਿ ਉਹ ਸਰੋਤ ਸਮੱਗਰੀ ਨੂੰ ਪਛਾਨਣ ਦੇ ਸਮਰੱਥ ਹੋਵੇ ਅਤੇ ਉਸਦਾ ਢੁੱਕਵੇਂ ਢੰਗ ਨਾਲ ਵਿਸ਼ਲੇਸ਼ਣ ਕਰਨ ਅਤੇ ਉਸ ਉੱਪਰ ਕੰਮ ਕਰਨ ਦੀ ਸਥਿਤੀ ਵਿੱਚ ਹੋਵੇ। ਅਕਸਰ, ਇਹੋ ਜਿਹੀਆਂ ਰਿਪੋਰਟਾਂ ਵੀ ਸਾਹਮਣੇ ਆਉਂਦੀਆਂ ਹਨ ਜਿਹਨਾਂ ਵਿੱਚੋਂ ਘਟਨਾ ਦੇ ਸਹੀ ਵਿਗਿਆਨਕ ਮਹੱਤਵ ਦੀ ਢੁੱਕਵੀਂ ਪ੍ਰਸ਼ੰਸਾ ਦੇ ਮੁਕਾਬਲੇ ਵਿੱਚ ਸਨਸਨੀਖੇਜ਼ਵਾਦ ਅਤੇ ਓਪਰੇ ਵਿਖਾਵੇ ਦੀ ਬੂ ਆਉਂਦੀ ਹੈ।

ਇੱਕ ਵਧੀਆ ਸਾਇੰਸ ਜਰਨਲਿਸਟ ਬੇਸ਼ੱਕ ਉਹ ਹੁੰਦਾ ਹੈ ਜਿਹੜਾ ਆਪਣੀ ਰਿਪੋਰਟ ਦੇ ਵਿਗਿਆਨਕ ਅੰਸ਼ਾਂ ਅਤੇ ਆਪਣੀ ਪੱਤਰਕਾਰਿਤਕ ਸੁਗੰਧ ਵਿੱਚ ਸੰਤੁਲਨ ਬਣਾਕੇ ਰੱਖਦਾ ਹੈ ਅਤੇ ਪੱਤਰਕਾਰਿਤਾ ਦੇ ਅਸਲੀ ਅਸਰਦਾਰ ਕੋਰਸ ਦੀ ਸਫ਼ਲਤਾ ਮੁੱਖ ਤੌਰ ਤੇ ਨਵੇਂ ਉੱਭਰ ਰਹੇ ਜਰਨਲਿਸਟ ਵਿੱਚ ਇਸ ਭਾਵਨਾ ਨੂੰ ਵਿਕਸਤ ਕਰਨ ਦੀ ਯੋਗਤਾ ਉੱਪਰ ਮੁਨਸੱਰ ਕਰਦੀ ਹੈ।

**ਅਨੁਵਾਦ :- ਸਰਜੀਤ ਤਲਵਾਰ**


## ਵਿਗਿਆਨ ਜੋਤ

**ਨੂੰ ਘਰ ਘਰ ਪਹੁੰਚਾਉਣ ਲਈ ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।**

'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।

**ਪੰਜ ਪਾਠਕ ਬਣਾਉਣ ਵਾਲੇ ਨੂੰ**

*70 ਰੁਪਏ ਮੁੱਲ ਦੀਆਂ ਕਿਤਾਬਾਂ*

ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਦਸ ਪਾਠਕ ਬਣਾਉਣ ਵਾਲੇ ਨੂੰ**

*160 ਰੁਪਏ ਮੁੱਲ ਦੀਆਂ ਕਿਤਾਬਾਂ*

ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਵੀਹ ਪਾਠਕ ਬਣਾਉਣ ਵਾਲੇ ਨੂੰ**

*340 ਰੁਪਏ ਮੁੱਲ ਦੀਆਂ ਕਿਤਾਬਾਂ*

ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਪੰਜਾਹ ਪਾਠਕ ਬਣਾਉਣ ਵਾਲੇ ਨੂੰ**

*1000 ਰੁਪਏ ਮੁੱਲ ਦੀਆਂ ਕਿਤਾਬਾਂ ਅਤੇ ਇੱਕ ਪ੍ਰਸ਼ੰਸਾ ਪੱਤਰ*

ਇਨਾਮ ਵਜੋਂ ਭੇਜੇ ਜਾਣਗੇ।

ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫ਼ਟ ਸਮੇਤ ਹੇਠ ਲਿਖੇ ਪਤੇ 'ਤੇ ਭੇਜੀ ਜਾਵੇ :

**ਅਮਿੱਤ ਮਿੱਤਰ**

ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਬਰਨਾਲਾ - 148101 (ਪੰਜਾਬ)

ਨੋਟ ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਹੀ ਉਪਲੱਬਧ ਹੋਣਗੀਆਂ ਤੇ ਮਿਲਣਗੀਆਂ।

✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।

✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

# ਸ਼ੰਕਾ ਨਿਵਿਰਤੀ

## ਮੇਘ ਰਾਜ ਮਿੱਤਰ

**ਪ੍ਰਸ਼ਨ** (1):- ਜੇ ਕੋਈ ਵਿਅਕਤੀ ਧਾਰਮਿਕ ਵਿਚਾਰਾਂ ਨੂੰ ਤਿਆਗ ਕੇ ਨਾਸਤਿਕ ਬਣ ਗਿਆ ਹੋਵੇ ਤਾਂ ਕੀ ਉਹ ਨਾਸਤਿਕ ਵਿਚਾਰਾਂ ਨੂੰ ਤਿਆਗ ਕੇ ਧਾਰਮਿਕ ਵੀ ਬਣ ਸਕਦਾ ਹੈ?

**ਉੱਤਰ**:- ਅਸਲ ਵਿੱਚ ਸੁਆਲ ਧਾਰਮਿਕ ਵਿਚਾਰਾਂ ਨੂੰ ਤਿਆਗ ਕੇ ਨਾਸਤਿਕ ਬਣ ਜਾਣ ਦਾ ਜਾਂ ਮੁੜ ਜਾਣ ਦਾ ਨਹੀਂ ਸਗੋਂ ਸੁਆਲ ਇਹ ਬਣਦਾ ਹੈ ਕਿ ਕੋਈ ਅਕਲ ਵਾਲਾ ਵਿਅੱਕਤੀ ਬੇਅਕਲ ਬਣ ਸਕਦਾ ਹੈ? ਮੇਰਾ ਜੁਆਬ ਹੈ ਕਿ ਇਹ ਅਸੰਭਵ ਹੈ ਹਾਂ ਜਾਣ ਬੁੱਝ ਕੇ ਜਾਂ ਪਰਦਾ ਪਾਉਣ ਲਈ ਅਜਿਹਾ ਕੀਤਾ ਜਾ ਸਕਦਾ ਹੈ।

**ਪ੍ਰਸ਼ਨ**(2):- ਮਾਤਾ ਆਉਣੀ ਜਾਂ ਕਸਰ ਹੋਣ ਵਰਗੇ ਮਾਨਸਿਕ ਰੋਗੀ ਨੂੰ ਮੁੱਢਲੀ ਸਹਾਇਤਾ ਕੀ ਦਿੱਤੀ ਜਾਵੇ ਤੇ ਇਸਦਾ ਪੂਰਾ ਇਲਾਜ ਕੀ ਹੈ?

**ਉੱਤਰ**:- ਅਜਿਹੇ ਮਾਨਸਿਕ ਰੋਗੀਆਂ ਨੂੰ ਕੁਝ ਸਮੇਂ ਲਈ ਇਕੱਲਾ ਛੱਡ ਦਿੱਤਾ ਜਾਵੇ। ਉਸਨੂੰ ਇਹ ਅਹਿਸਾਸ ਨਾ ਹੋਣ ਦਿਉ ਕਿ ਕੋਈ ਵੀ ਵਿਅਕਤੀ ਉਸਦੀ ਨਿਗਰਾਨੀ ਕਰ ਰਿਹਾ ਹੈ। ਹਿਸਟੀਰੀਆ ਦੇ ਦੌਰੇ ਦੀ ਸਭ ਤੋਂ ਵੱਡੀ ਨਿਸ਼ਾਨੀ ਇਹ ਹੈ ਕਿ ਇਹ ਬੰਦਿਆਂ ਦੀ ਹਾਜ਼ਰੀ ਵਿੱਚ ਹੀ ਪੈਂਦਾ ਹੈ। ਜੇ ਬੰਦੇ ਉੱਥੇ ਹੋਣਗੇ ਹੀ ਨਹੀਂ ਤਾਂ ਇਹ ਦੌਰਾ ਪਵੇਗਾ ਹੀ ਨਹੀਂ। ਅਜਿਹੇ ਰੋਗੀ ਨੂੰ ਸਦਾ ਲਈ ਠੀਕ ਕਰਨ ਵਾਸਤੇ ਤਰਕਸ਼ੀਲ ਸੁਸਾਇਟੀ ਭਾਰਤ ਦੀਆਂ ਮੁੱਢਲੀਆਂ ਪੰਜ ਕਿਤਾਬਾਂ ਪੜਨ ਲਈ ਦਿੱਤੀਆਂ ਜਾਣ ਜੇ ਉਹ ਰੋਗੀ ਉਹ ਕਿਤਾਬਾਂ ਪੜ੍ਹ ਜਾਵੇਗਾ ਤਾਂ ਉਸਨੂੰ ਜਿੰਦਗੀ ਭਰ ਲਈ ਦੌਰਾ ਪਵੇਗਾ ਹੀ ਨਹੀਂ। ਅਨਪੜ੍ਹ ਰੋਗੀਆਂ ਨੂੰ ਇਹਨਾਂ ਕਿਤਾਬਾਂ ਵਿਚਲੀਆਂ ਸੱਚੀਆਂ ਘਟਨਾਵਾਂ ਸੁਣਾਈਆਂ ਜਾ ਸਕਦੀਆਂ ਹਨ। ਤਰਕਸ਼ੀਲ ਚਣੌਤੀ ਬਾਰੇ ਦੱਸਿਆ ਜਾ ਸਕਦਾ ਹੈ। ਸਾਧਾਂ ਸੰਤਾਂ ਦੀਆਂ ਚਲਾਕੀਆਂ ਬਾਰੇ ਦਰਸਾਇਆ ਜਾ ਸਕਦਾ ਹੈ। ਪਾਠਕਾਂ ਦੀ ਜਾਣਕਾਰੀ ਲਈ ਕਿਤਾਬਾਂ ਹੇਠ ਲਿਖੀਆਂ ਹਨ।

(1) ਦੇਵ ਪੁਰਸ਼ ਹਾਰ ਗਏ
(2) ਰੌਸ਼ਨੀ
(3) ਤਰਕਬਾਣੀ
(4) ਤਰਕਜ਼ੋਤੀ
(5) ਭੂਤਾਂ ਪ੍ਰੇਤਾਂ ਨਾਲ ਯੁੱਧ ਕਿਵੇਂ?

ਇਹ ਕਿਤਾਬਾਂ ਦਾ ਸੈਟ ਸਿਰਫ਼ 200/- ਵਿੱਚ ਤਰਕਭਾਰਤੀ ਪ੍ਰਕਾਸ਼ਨ ਬਰਨਾਲਾ ਤੋਂ ਮੰਗਵਾਇਆ ਜਾ ਸਕਦਾ ਹੈ। ਫੋਨ : 78377-18723

**ਪ੍ਰਸ਼ਨ**(1):- ਤਰਕਸ਼ੀਲ ਮੈਂਬਰ ਸਮਾਜ ਵਿੱਚ ਕਿਸਤਰਾਂ ਦੇ ਕੰਮ ਕਰ ਸਕਦੇ ਹਨ?

**ਉੱਤਰ**:- ਤਰਕਸ਼ੀਲਾਂ ਦਾ ਮੁੱਖ ਉਦੇਸ਼ ਸਮਾਜ ਨੂੰ ਚੰਗਾ ਤੇ ਰਹਿਣ ਯੋਗ ਬਣਾਉਣਾ ਹੈ। ਇਸ ਲਈ ਸਮਾਜ ਵਿੱਚੋਂ ਬੁਰਾਈਆਂ ਨੂੰ ਲੱਭਣਾ ਤੇ ਉਹਨਾਂ ਨੂੰ ਦੂਰ ਕਰਨਾ ਕਰਵਾਉਣਾ ਹੀ ਤਰਕਸ਼ੀਲਾਂ ਦਾ ਉਦੇਸ਼ ਹੈ। ਕਈ ਕਿਸਮ ਦੀਆਂ ਬੁਰਾਈਆਂ ਸਾਡੇ ਸਮਾਜ ਵਿੱਚ ਉਪਲੱਬਧ ਹਨ।

(1) ਜਾਤਾਂ ਪਾਤਾਂ ਤੇ ਆਧਾਰਤ ਵਿਤਕਰੇ ਬਾਜ਼ੀ
(2) ਅਮੀਰ ਗਰੀਬ ਵਿੱਚ ਵੱਡਾ ਖੱਪਾ
(3) ਬੇਰੁਜ਼ਗਾਰੀ
(4) ਅੰਧ ਵਿਸਵਾਸ਼
(5) ਧਰਮਾਂ ਦੇ ਮੱਤਭੇਦਾਂ ਕਾਰਨ ਦੰਗੇ
(6) ਭ੍ਰਿਸ਼ਟਾਚਾਰ
(7) ਅਗਿਆਨਤਾ
(8) ਲਿੰਗ ਭੇਦ
(9) ਵਾਤਾਵਰਣ ਦੀ ਗੰਦਗੀ

**ਪ੍ਰਸ਼ਨ**(2):- ਜੇ ਸਮੁੰਦਰੀ ਜਵਾਰ ਭਾਟਿਆ ਦਾ ਕਾਰਨ ਚੰਦਰਮਾ ਦਾ ਗੁਰੂਤਾ ਆਕਰਸ਼ਣ ਹੈ ਤਾਂ ਮਨੁੱਖੀ ਮਨ ਤੇ ਇਸਦਾ ਪ੍ਰਭਾਵ ਕਿਉਂ ਨਹੀਂ ਪੈ ਸਕਦਾ?

**ਉੱਤਰ**:- ਅਸੀਂ ਸਮਝਦੇ ਹਾਂ ਕਿ ਜੇ ਚੰਦਰਮਾ ਦੀ ਖਿਚ ਸ਼ਕਤੀ ਨਾਲ ਸਮੁੰਦਰੀ ਪਾਣੀ ਵਿੱਚ ਜਵਾਰ ਭਾਟਾ ਆ ਸਕਦਾ ਹੈ ਤਾਂ ਮਨੁੱਖੀ ਮਨ ਵਿੱਚ ਤਰਲ ਪਦਾਰਥ ਭਰਿਆ ਹੁੰਦਾ ਹੈ ਤਾਂ ਉਸ ਤੇ ਵੀ ਕੋਈ ਨਾ ਕੋਈ ਪ੍ਰਭਾਵ ਜ਼ਰੂਰ ਪੈਂਦਾ ਹੈ। ਜਵਾਰ ਤੇ ਭਾਟਿਆਂ ਦੇ ਦਿਨਾਂ ਵਿੱਚ ਅਪਰਾਧਾਂ ਦੀ ਗਿਣਤੀ ਵਧੇਰੇ ਹੋ ਜਾਂਦੀ ਹੈ ਇਸ ਦੀ ਅਸਲੀਅਤ ਤੇ ਮੈਨੂੰ ਸੰਕਾ ਹੈ। ਪਰ ਫਿਰ ਵੀ ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਮਨੁੱਖੀ ਦਿਮਾਗ ਵਿੱਚ ਤਰਲ ਪਦਾਰਥ ਭਰਿਆ ਹੁੰਦਾ ਹੈ ਇਸ ਲਈ ਇਸ ਉਪਰ ਗੁਰੂਤਾ ਆਕਰਸ਼ਣ ਆਪਣਾ ਪ੍ਰਭਾਵ ਜਰੂਰ ਪਾਉਂਦਾ ਹੀ ਹੈ, ਪਰ ਜੇ ਇਹ ਪੈਂਦਾ ਹੈ ਤਾਂ ਇਸਦਾ ਕੋਈ ਹੱਲ ਵੀ ਨਹੀਂ ਹੈ। ਕਿਸੇ ਵੀ ਕਿਸਮ ਦੇ ਪੂਜਾ ਪਾਠ ਨਾਲ ਇਸ ਪ੍ਰਭਾਵ ਨੂੰ ਘਟਾਇਆ ਜਾਂ ਵਧਾਇਆ ਨਹੀਂ ਜਾ ਸਕਦਾ ਹੈ। ਦੁਨੀਆਂ ਦਾ ਕੋਈ ਵੀ ਜੋਤਸ਼ੀ ਇਸਨੂੰ ਘਟਾਉਣ ਦੇ ਕੋਈ ਤਰਕਪੂਰਣ ਹੱਲ ਨਹੀਂ ਦੇ ਸਕਦਾ ਹੈ।

**ਪ੍ਰਸ਼ਨ**(3):- ਜੇ ਜੀਵਨ ਦਾ ਵਿਕਾਸ 300 ਕਰੋੜ ਸਾਲ ਪਹਿਲਾਂ ਇੱਕ ਸੈੱਲ ਤੋਂ ਸ਼ੁਰੂ ਹੋਇਆ ਸੀ ਤਾਂ ਉਹ ਪਹਿਲਾਂ ਸੈੱਲ ਕਿਵੇਂ ਹੋਂਦ ਵਿੱਚ ਆਇਆ ਸੀ?

ਧਰਤੀ ਤੇ ਜੀਵਨ ਦੀ ਸ਼ੁਰੂਆਤ 350 ਕਰੋੜ ਵਰ੍ਹੇ ਪਹਿਲਾ ਹੋਈ ਸੀ ਇਸ ਗੱਲ ਦੀ ਪੁਸ਼ਟੀ ਵਿਗਿਆਨਕਾਂ ਨੇ ਕੀਤੀ ਹੈ। ਉਸ ਸਮੇਂ ਧਰਤੀ ਤੇ ਬਹੁਤ ਸਾਰੇ ਜੁਆਲਾਂ ਮੁਖੀ ਫਟ ਰਹੇ ਸਨ ਤੇ ਧਰਤੀ ਤੇ ਬਹੁਤ ਸਾਰੀਆਂ ਉਥਲਾਂ ਪੁਥਲਾਂ ਹੋ ਰਹੀਆਂ ਸਨ। ਅਸਮਾਨੀ ਬਿਜਲੀ ਵਾਰ ਵਾਰ ਗਰਜ ਰਹੀ ਸੀ। ਇਸ ਕਰਕੇ ਹਾਈਡ੍ਰੋਜਨ ਤੇ ਆਕਸੀਜਨ ਜੁੜਕੇ ਪਾਣੀ ਬਣਦਾ ਰਿਹਾ ਅਤੇ ਕਾਰਬਨ ਤੇ ਨਾਈਟ੍ਰੋਜਨ ਨੇ ਜੁੜਕੇ ਅਮੋਨੀਆਂ ਬਣਾ ਦਿੱਤੀ। ਇਸ ਤਰ੍ਹਾਂ ਬਣੀਆਂ ਅਮੋਨੀਆਂ ਮਿਥੇਨ ਤੇ ਪਾਣੀ ਨੇ ਮਿਲਕੇ ਬਿਜਲੀ ਦੀ ਸਹਾਇਤਾ ਨਾਲ ਪਹਿਲਾਂ ਸੈੱਲ ਸਿਰਜ ਦਿੱਤਾ। ਇਸ ਗੱਲ ਦੀ ਪੁਸ਼ਟੀ 1935 ਵਿੱਚ ਰੂਸੀ ਵਿਗਿਆਨਕ ਡਾਕਟਰ ਉਪੇਰਨ ਨੇ ਕੀਤੀ ਹੈ ਤੇ ਉਸਤੋਂ ਬਾਅਦ ਸਟਾਨਲੇ ਮਿਲਰ ਤੇ 1953 ਵਿੱਚ ਕੀਤੀ ਹੈ। ਇਸ ਤਰ੍ਹਾਂ ਪਹਿਲੇ ਜੀਵਨ ਦੀ ਉਤਪਤੀ ਕਰਨ ਵਾਲੇ ਇਹ ਸੈੱਲ ਹੋਂਦ ਵਿੱਚ ਆਏ। ਬਾਕੀ ਵਿਕਾਸ ਇਹਨਾਂ ਸੈੱਲਾਂ ਤੋਂ ਹੁੰਦਾ ਗਿਆ।

**ਪ੍ਰਸ਼ਨ**(4):- ਕੀ ਹਿਪਨੋਟਿਜ਼ਮ ਰਾਹੀਂ ਪਿਛਲੇ ਜਨਮ ਬਾਰੇ ਜਾਣਿਆ ਜਾ ਸਕਦਾ ਹੈ?

**ਉੱਤਰ**:-ਤਰਕਸ਼ੀਲ ਸੁਸਾਇਟੀ ਭਾਰਤ ਪਿਛਲੇ ਜਨਮਾਂ ਵਿੱਚ ਯਕੀਨ ਨਹੀਂ ਕਰਦੀ, ਕਿਉਂਕਿ ਅੱਜ ਤੱਕ ਕੋਈ ਵੀ ਵਿਗਿਆਨਕ ਇਸ ਗੱਲ ਦੀ ਪੁਸ਼ਟੀ ਨਹੀਂ ਕਰ ਸਕਿਆ ਕਿ ਪਿਛਲੇ ਜਨਮਾਂ ਦੀ ਜਾਣਕਾਰੀ ਨਵੇਂ ਪੈਦਾ ਹੋਣ ਵਾਲੇ ਬੱਚੇ ਵਿੱਚ ਕਿਵੇਂ ਪ੍ਰਵੇਸ਼ ਕੀਤੀ ਹੈ। ਅਸੀਂ ਸਮਝਦੇ ਹਾਂ ਕਿ ਪੂਰਬ ਜਨਮਾਂ ਵਾਲੀ ਗੱਲ ਪੂਰੀ ਤਰ੍ਹਾਂ ਝੂਠੀ ਹੈ। ਇਸ ਲਈ ਸੰਮੋਹਣ ਰਾਹੀਂ ਇਸਦੀ ਜਾਣਕਾਰੀ ਹੋਣ ਦੀ ਗੱਲ ਵੀ ਸੰਭਵ ਨਹੀਂ ਹੈ। ਹਾਂ ਕਿਸੇ ਵੀ ਵਿਅੱਕਤੀ ਦੇ ਬਚਪਨ ਦੀਆਂ ਕੁਝ ਘਟਨਾਵਾਂ ਯਾਦ ਕਰਵਾਈਆਂ ਜਾ ਸਕਦੀਆਂ ਹਨ।

**ਪ੍ਰਸ਼ਨ**(5):- ਕਈ ਵਾਰ ਸੁੱਤਾ ਹੋਇਆ ਇਨਸਾਨ ਡਰ ਜਾਂਦਾ ਹੈ ਉਸਦੇ ਹੱਥ ਪੈਰ ਵੀ ਨਹੀਂ ਹਿੱਲਦੇ ਆਵਾਜ ਵੀ ਨਹੀਂ ਨਿਕਲਦੀ ਅਜਿਹਾ ਕਿਉਂ ਹੁੰਦਾ ਹੈ?

**ਉੱਤਰ**:- ਮੈਂ ਅਜਿਹੇ ਕਈ ਵਿਅੱਕਤੀ ਵੇਖੇ ਹਨ ਜਿਹੜੇ ਬੋਲਣ ਲਗਿਆਂ ਹਕਲਾਉਂਦੇ ਹਨ ਪਰ ਗਾਉਣ ਸਮੇਂ ਵਧੀਆਂ ਗਾਉਂਦੇ ਹਨ। ਅਜਿਹੇ ਵਿਅਕਤੀ ਵੀ ਵੇਖੇ ਹਨ ਜਿਹੜੇ ਨਸ਼ੇ ਦੀ ਹਾਲਤ ਵਿੱਚ ਕਮਲੀਆਂ ਬੋਲੀਆ ਗੱਲਾਂ ਕਰਨ ਲੱਗ ਜਾਂਦੇ ਹਨ। ਕੁਝ ਭਲੇਮਾਨਸ ਕਮਰੇ ਵਿੱਚ ਵਧੀਆ ਲੈਕਚਰ ਦਿੰਦੇ ਹਨ ਪਰ ਸਟੇਜ਼ ਤੇ ਜਾਕੇ ਉਹਨਾਂ ਦੀ ਆਵਾਜ਼ ਹੀ ਨਹੀਂ ਨਿਕਲਦੀ। ਇਸ ਤਰ੍ਹਾਂ ਸੁੱਤੇ ਪਏ ਵਿਅਕਤੀਆਂ ਨਾਲ ਵੀ ਵਾਪਰਦਾ ਹੈ। ਕਿਉਂਕਿ ਕਿਸੇ ਵੀ ਵਿਅੱਕਤੀ ਦੀ ਆਵਾਜ਼ ਜਾਂ ਹਰਕਤਾਂ ਦਾ ਕੰਟਰੋਲ ਦਿਮਾਗ ਕੋਲ ਹੁੰਦਾ ਹੈ। ਹੁਣ ਜੇ ਕੁਝ ਸਮੇਂ ਲਈ ਦਿਮਾਗ ਕ੍ਰਿਆ ਕਰਨੀ ਬੰਦ ਕਰ ਜਾਵੇ ਜਾਂ ਘਟ ਜਾਵੇ ਤਾਂ ਉਸ ਹਾਲਤ ਵਿੱਚ ਅਜਿਹਾ ਵਾਪਰ ਜਾਂਦਾ ਹੈ। ਮਿਰਗੀ ਦੇ ਦੌਰਿਆ ਵਿੱਚ ਵਿਅੱਕਤੀ ਦੀ ਸਥਿਤੀ ਵੀ ਅਜਿਹੀ ਹੋ ਜਾਂਦੀ ਹੈ।



**ਪ੍ਰਸ਼ਨ (6):- ਤੁਹਾਡੀ ਪੁਸਤਕ 'ਸਮੇਂ ਦਾ ਇਤਿਹਾਸ' ਵਿੱਚ ਲਿਖਿਆ ਹੈ ਕਿ ਕਿਸੇ ਸਮੇਂ ਸਮਾਂ ਵਾਪਸ ਮੁੜੇਗਾ ਕੀ ਅਜਿਹਾ ਸੱਚਮੁੱਚ ਵਾਪਰੇਗਾ?**

**ਉੱਤਰ**:- ਜੇ ਅਸੀਂ ਗੁਬਾਰੇ ਵਿੱਚ ਹਵਾ ਭਰ ਰਹੇ ਹਾਂ ਤੇ ਗੁਬਾਰਾ ਫੁੱਲਦਾ ਜਾਵੇਗਾ। ਹਵਾ ਨਿਕਲਣ ਤੇ ਇਹ ਸੁੰਗੜੇਗਾ ਵੀ ਜ਼ਰੂਰ। ਇਹ ਸੱਚਾਈ ਹੈ ਅੱਜ ਸਾਡਾ ਬ੍ਰਹਿਮੰਡ ਪੁਲਾੜ ਵਿੱਚ ਊਰਜਾ ਦੀ ਘਣਤਾ ਘੱਟਣ ਕਾਰਨ ਫੈਲ ਰਿਹਾ ਹੈ। ਸਾਰੀਆਂ ਗਲੈਕਸੀਆਂ ਦਾ ਇੱਕ ਦੂਜੇ ਤੋਂ ਦੂਰ ਜਾਣਾ ਇਸ ਹਕੀਕਤ ਦੀ ਪੁਸ਼ਟੀ ਕਰਦਾ ਹੈ। ਪਰ ਜੇ ਬ੍ਰਹਿਮੰਡ ਦੀ ਕਿਸੇ ਕਾਰਨ ਕਰਕੇ ਇਹ ਪੁਲਾੜ ਊਰਜਾ ਘਣਤਾ ਵਧਣੀ ਸ਼ੁਰੂ ਹੋ ਜਾਵੇਗੀ ਤਾਂ ਗਲੈਕਸੀਆਂ ਇੱਕ ਦੂਜੇ ਦੇ ਨੇੜੇ ਵੀ ਆਉਣਾ ਸ਼ੁਰੂ ਕਰਨਗੀਆਂ। ਫਿਰ ਸਮਾਂ ਵੀ ਵਾਪਸ ਮੁੜੇਗਾ।

**ਪ੍ਰਸ਼ਨ**(7):- ਜਹਾਜ਼ ਲੰਘ ਜਾਂਦਾ ਹੈ ਪਰ ਉਸਦੀ ਆਵਾਜ ਬਾਅਦ ਵਿੱਚ ਆਉਂਦੀ ਹੈ?

**ਉੱਤਰ**:- ਜਹਾਜ਼ ਤੇ ਆਵਾਜ਼ ਸੁਣਨ ਵਾਲੇ ਵਿਅਕਤੀ ਵਿਚਕਾਰਲੀ ਦੂਰੀ ਕਾਫੀ ਹੁੰਦੀ ਹੈ। ਆਵਾਜ਼ ਦੀ ਰਫ਼ਤਾਰ 330 ਮੀਟਰ ਪ੍ਰਤੀ ਸੈਕਿੰਡ ਹੁੰਦੀ ਹੈ। ਪਰ ਬਹੁਤ ਸਾਰੇ ਜਹਾਜ਼ਾਂ ਦੀ ਰਫ਼ਤਾਰ ਇੱਕ ਹਜ਼ਾਰ ਮੀਟਰ/ਪ੍ਰਤੀ ਤੋਂ ਵੱਧ ਹੁੰਦੀ ਹੈ। ਇਸ ਲਈ ਅਜਿਹੇ ਜਹਾਜ਼ ਪਹਿਲਾਂ ਲੰਘ ਜਾਂਦੇ ਹਨ ਪਰ ਉਹਨਾਂ ਦੀ ਆਵਾਜ਼ ਬਾਅਦ ਵਿੱਚ ਸੁਣਾਈ ਦਿੰਦੀ ਹੈ।

**ਪ੍ਰਸ਼ਨ**(8):- ਤੁਸੀਂ ਕਿਵੇਂ ਕਹਿ ਸਕਦੇ ਹੋ ਕਿ ਸਰੀਰ ਵਿੱਚ ਆਤਮਾ ਨਹੀਂ ਹੁੰਦੀ?

**ਉੱਤਰ** :- ਵਿਗਿਆਨ ਵਿੱਚ ਕਿਸੇ ਵੀ ਚੀਜ਼ ਦੀ ਹੋਂਦ ਨੂੰ ਤਦ ਹੀ ਮੰਨਿਆ ਜਾਂਦਾ ਹੈ ਜੇਕਰ ਉਸਦਾ ਆਕਾਰ, ਭਾਰ ਅਤੇ ਹੋਂਦ ਮਹਿਸੂਸ ਕੀਤੀ ਜਾ ਸਕਦੀ ਹੋਵੇ। ਆਤਮਾ ਦਾ ਭਾਰ ਅਤੇ ਆਕਾਰ ਅੱਜ ਤੱਕ ਕੋਈ ਵੀ ਵਿਅੱਕਤੀ ਸਿੱਧ ਨਹੀਂ ਕਰ ਸਕਿਆ। ਸਾਡਾ ਸਰੀਰ ਸੈੱਲਾਂ, ਅੰਗਾਂ ਅਤੇ ਅੰਗਪ੍ਰਣਾਲੀਆਂ ਦਾ ਸਮੂਹ ਹੈ। ਭੋਜਨ ਖਾਣ ਨਾਲ ਸਾਡੇ ਸੈੱਲਾਂ ਨੂੰ ਊਰਜਾ ਮਿਲਦੀ ਹੈ। ਜਿਸ ਨਾਲ ਅੰਗ ਚਲਦੇ ਹਨ ਅਤੇ ਅੰਗਪ੍ਰਣਾਲੀਆਂ ਕਾਰਜ ਕਰਦੀਆਂ ਹਨ। ਅੰਗ ਪ੍ਰਣਾਲੀਆਂ ਦੇ ਤਾਲਮੇਲ ਨਾਲ ਹੀ ਸਰੀਰ ਚੱਲਦਾ ਹੈ। ਕਿਸੇ ਵੀ ਕਾਰਨ ਕਰਕੇ ਜੇ ਸਾਡੇ ਸੈੱਲਾਂ ਨੂੰ ਊਰਜਾ ਮਿਲਣੀ ਬੰਦ ਹੋ ਜਾਂਦੀ ਹੈ ਤਾਂ ਸੈੱਲ ਅੰਗਾਂ ਤੇ ਅੰਗ ਅੰਗਪ੍ਰਣਾਲੀਆਂ ਦਾ ਕਾਰਜ ਰੁਕਵਾ ਦਿੰਦੇ ਹਨ ਇਸਤਰ੍ਹਾਂ ਸਰੀਰ ਦੀ ਮੌਤ ਹੋ ਜਾਂਦੀ ਹੈ। ਕਈ ਹਾਲਤਾਂ ਵਿਚ ਡਾਕਟਰ ਇਸ ਰੁਕੇ ਕਾਰਜਾਂ ਨੂੰ ਦੁਵਾਰਾ ਚਾਲੂ ਵੀ ਕਰਵਾ ਦਿੰਦੇ ਹਨ। ਇਸਤਰ੍ਹਾਂ ਸਰੀਰ ਵਿੱਚ ਕੋਈ ਆਤਮਾ ਨਹੀਂ ਹੁੰਦੀ।

**ਪ੍ਰਸ਼ਨ**(9):- ਕੀ ਖ਼ੂਨ ਮਨੁੱਖੀ ਸਰੀਰ ਤੋਂ ਬਾਹਰ ਵੀ ਪੈਦਾ ਕੀਤਾ ਜਾ ਸਕਦਾ ਹੈ?

**ਉੱਤਰ** :- ਵਿਗਿਆਨ ਹਮੇਸ਼ਾ ਵਿਕਸਤ ਹੁੰਦਾ ਰਹਿੰਦਾ ਹੈ ਜੇ ਅੱਜ ਖ਼ੂਨ ਸਰੀਰ ਤੋਂ ਬਾਹਰ ਪੈਦਾ ਨਹੀਂ ਕੀਤਾ ਜਾ ਸਕਦਾ ਤਾਂ ਆਉਣ ਵਾਲੇ ਕੱਲ੍ਹ ਨੂੰ ਇਹ ਜ਼ਰੂਰ ਪੈਦਾ ਕੀਤਾ ਜਾ ਸਕੇਗਾ।

**ਪ੍ਰਸ਼ਨ**(10):- ਵਿਗਿਆਨ ਕੀ ਹੈ?

**ਉੱਤਰ**:- ਪ੍ਰਯੋਗਾਂ, ਪ੍ਰੀਖਣ ਰਾਹੀਂ ਪ੍ਰਾਪਤ ਤੇ ਲੜੀਵੱਧ ਕੀਤਾ ਗਿਆਨ ਹੀ ਵਿਗਿਆਨ ਹੈ।

**ਪ੍ਰਸ਼ਨ**(11):- ਐਮ. ਕੁਲਬਰਗੀ ਦੀ ਮੌਤ ਦਾ ਕਾਰਨ ਕੀ ਹੈ?

**ਉੱਤਰ**:- ਤਰਕਸ਼ੀਲ ਵਿਚਾਰਧਾਰਾਂ ਬਹੁਤ ਸਾਰੇ ਪੰਥਾਂ ਦੇ ਹਿੱਤਾਂ ਨਾਲ ਟਕਰਾਉਂਦੀ ਹੈ। ਇਸ ਲਈ ਅਜਿਹੇ ਬਾਬੇ ਅਤੇ ਉਹਨਾਂ ਦੀਆਂ ਸੰਸਥਾਵਾਂ ਦੇ ਮੁਖੀ ਤੇ ਚੇਲੇ ਅਜਿਹੇ ਤਰਕਸ਼ੀਲਾਂ ਨੂੰ ਆਪਣੀ ਵਿਚਾਰਧਾਰਾਂ ਦੇ ਫੈਲਾਉਣ ਦੇ ਰਾਹ ਵਿੱਚ ਰੋੜਾ ਸਮਝਣ ਲੱਗ ਜਾਂਦੇ ਹਨ। ਇਸ ਲਈ ਬਹੁਤ ਸਾਰੇ ਤਰਕਸ਼ੀਲ ਇਹਨਾਂ ਸੰਸਥਾਵਾਂ ਵਲੋਂ ਕਤਲ ਕੀਤੇ ਗਏ ਹਨ ਐਮ. ਕਲਬੁਰਗੀ ਵੀ ਅਜਿਹੀ ਹੀ ਇੱਕ ਸੰਸਥਾ ਦੇ ਪ੍ਰਚਾਰਕਾਂ ਵੱਲੋਂ ਕਤਲ ਕਰ ਦਿੱਤਾ ਗਿਆ ਸੀ।

**ਪ੍ਰਸ਼ਨ**(12):- ਮੀਡੀਆਂ ਤੇ ਵਿਖਾਏ ਜਾਂਦੇ ਪਾਖੰਡੀਆਂ ਤੇ ਤਰਕਸ਼ੀਲ ਸੰਸਥਾਵਾਂ ਨੱਥ ਕਿਉਂ ਨਹੀਂ ਪਾਉਂਦੀਆਂ?

**ਉੱਤਰ**:- ਮੀਡੀਆਂ ਨੂੰ ਸਰਕਾਰਾਂ ਨੇ ਕੰਟਰੋਲ ਕਰਨਾ ਹੁੰਦਾ ਹੈ। ਲੋਕਾਂ ਨੂੰ ਲਾਈਲੱਗ ਤੇ ਅੰਧਵਿਸਵਾਸ਼ੀ ਬਣਾ ਕੇ ਰੱਖਣਾ ਸਮੇਂ ਦੀ ਸਲਾਹ ਦੀ ਲੋੜ ਹੈ। ਇਸ ਲਈ ਸਮੇਂ ਦੀ ਸਰਕਾਰ ਇਹ ਸਾਰਾ ਕੁਝ ਕਰਵਾ ਰਹੀ ਹੈ। ਤਰਕਸ਼ੀਲ ਆਪਣੇ ਘੇਰਿਆਂ ਵਿੱਚ ਆਉਣ ਵਾਲੇ ਵਿਅਕਤੀਆਂ ਨੂੰ ਤਾਂ ਜਾਗਰੂਕ ਕਰ ਲੈਂਦੇ ਹਨ ਪਰ ਲੋਕਾਂ ਨੇ ਉਹਨਾਂ ਐਨਾ ਸਮਰੱਥ ਨਹੀਂ ਕੀਤਾ ਕਿ ਉਹ ਸਰਕਾਰਾਂ ਦਾ ਮੁਕਾਬਲਾ ਕਰ ਸਕਣ।

**ਪ੍ਰਸ਼ਨ**(13):- ਕੀ ਪਾਣੀ ਦੇ ਵੱਡੇ ਸਰੋਤ ਵਿੱਚ ਕਿਸੇ ਤਰ੍ਹਾਂ ਦੀ ਖਿੱਚ ਸ਼ਕਤੀ ਹੰਦੀ ਹੈ ਕਿ ਸੁਭਾਵਿਕ ਸੈਰ ਕਰਨ ਗਿਆ ਵਿਅਕਤੀ ਉਸ ਵੱਲ ਖਿੱਚਿਆ ਜਾਂਦਾ ਹੈ।

**ਉੱਤਰ**:- ਪਦਾਰਥ ਜਿੰਨਾ ਵੱਧ ਹੋਵੇਗਾ ਉਸਦੀ ਖਿੱਚ ਸ਼ਕਤੀ ਵੀ ਜਿਆਦਾ ਹੋਵੇਗੀ ਪਰ ਅਜਿਹਾ ਨਹੀਂ ਹੁੰਦਾ ਕਿ ਉਹ ਵਿਅਕਤੀ ਸੈਰ ਕਰਨ ਗਿਆ ਹੀ ਉਸ ਵੱਲ ਖਿੱਚਿਆ ਜਾ ਸਕੇ। ਫਿਰ ਤਾਂ ਸਮੁੰਦਰਾਂ ਵਿੱਚ ਫਿਰਦੀਆਂ ਕਿਸ਼ਤੀਆਂ ਤਾਂ ਤੁਰੰਤ ਜਾ ਡੁੱਬਦੀਆਂ। ਸੋ ਕਿਸੇ ਅਜਿਹੇ ਵਿਅੱਕਤੀਆਂ ਦੀ ਮੌਤ ਦੇ ਕਾਰਨ ਕੁਝ ਹੋਰ ਹੁੰਦੇ ਹਨ ਪਰ ਮੀਡੀਆਂ ਕੁਝ ਗੱਲਾਂ ਨੰ ਸਨਸ਼ਨੀਖੇਜ਼ ਬਣਾਉਣ ਲਈ ਅਜਿਹੀਆਂ ਘਟਨਾਵਾਂ ਦਾ ਪ੍ਰਚਾਰ ਕਰਕੇ ਉਹਨਾਂ ਨੂੰ ਅਣਸੁਲਝੇ ਰਹੱਸ਼ ਬਣਾ ਦਿੰਦਾ ਹੈ।

## ਇਨਕਲਾਬ ਦੀ ਦਸਤਕ

**ਫ਼ਿਲਮ ਇਨਕਲਾਬ ਦੀ ਦਸਤਕ** ਸਾਡੇ ਸਮਾਜ ਵਿੱਚ ਫੈਲਾਈ ਜਾ ਰਹੀ ਧਾਰਮਿਕ ਅਸਿਹਣਸ਼ੀਲਤਾ ਦੇ ਰਾਜਨੀਤਿਕ ਕਾਰਨਾਂ ਨੂੰ ਬੜੀ ਬਾਖੂਬੀ ਨਾਲ ਪਰਦਾਫਾਸ਼ ਕਰਦੀ ਹੈ। ਇਹ ਫ਼ਿਲਮ ਕੁੱਝ ਤਰਕਸ਼ੀਲ ਨੌਜਵਾਨਾਂ ਦੇ ਨਿੱਜੀ ਯਤਨਾਂ ਦਾ ਸਿੱਟਾ ਹੈ। ਇਸ ਵਿੱਚ ਕਲਾਕਾਰ ਜੱਗੀ ਭੰਗੂ, ਬਲਜਿੰਦਰ ਭੜੀ ਅਤੇ ਵਿੱਕੀ ਭੰਗੂ ਹਨ। ਫ਼ਿਲਮ ਦੇ ਲੇਖਕ ਅਤੇ ਸੰਪਾਦਕ **ਗੁਰਪ੍ਰੀਤ ਰਾਏ ਹਨ ਜਿੰਨ੍ਹਾਂ ਨਾਲ ਤੁਸੀਂ** ਮੋਬਾਈਲ 95018-19152 'ਤੇ ਸੰਪਰਕ ਕਰ ਸਕਦੇ ਹੋ। ਹਰ ਨੌਜਵਾਨ ਨੂੰ ਇਹ ਫ਼ਿਲਮ ਵੇਖਣੀ ਅਤੇ ਅੱਗੇ ਵਿਖਾਉਣੀਂ ਚਾਹੀਦੀ ਹੈ, ਫ਼ਿਲਮ ਨੂੰ ਪ੍ਰਾਪਤ ਕਰਨ ਲਈ ਜਾਂ ਡਾਊਨਲੋਡ ਕਰਨ ਲਈ ਗੁਰਪ੍ਰੀਤ ਰਾਏ ਨਾਲ ਸੰਪਰਕ ਕਰੋ। ਤਰਕਸ਼ੀਲ ਸੁਸਾਇਟੀ ਭਾਰਤ ਨੌਜਵਾਨਾਂ ਦੇ ਇਸ ਯਤਨ ਨੂੰ ਜੀ ਆਇਆਂ ਕਹਿੰਦੀ ਹੈ।




# 'ਪੁਸਤਕ ਲੋਕ ਅਰਪਣ ਅਤੇ ਸੰਵਾਦ ਸਮਾਰੋਹ' ਬਹੁਤ ਕਾਮਯਾਬੀ ਨਾਲ ਸਿਰੇ ਚੜ੍ਹਿਆ



ਈਸਟ ਇੰਡੀਅਨ ਡੀਫੈਂਸ ਕਮੇਟੀ ਵੈਨਕੂਵਰ (ਕੈਨੇਡਾ) ਵਲੋਂ 'ਪੁਸਤਕ ਲੋਕ ਅਰਪਣ ਅਤੇ ਸੰਵਾਦ ਸਮਾਰੋਹ' ਪ੍ਰੋਗਰੈਸਿਵ ਕਲਚਰਲ ਸੈਂਟਰ ਸਰ੍ਹੀ ਵਿਖੇ ਕਰਵਾਇਆ ਗਿਆ ਜਿਸਦੇ ਮੁੱਖ ਮਹਿਮਾਨ ਪੰਜਾਬ ਤੋਂ ਆਏ ਹੋਏ ਉੱਘੇ ਸਾਹਿਤਕਾਰ ਅਜਮੇਰ ਸਿੱਧੂ ਸਨ। ਸਮਾਰੋਹ ਦੀ ਪ੍ਰਧਾਨਗੀ ਡਾ. ਰਘਬੀਰ ਸਿੰਘ (ਸਿਰਜਣਾ), ਡਾ. ਨਿਰਮਲ ਸਿੰਘ (ਪੰਜਾਬੀ ਸੱਥ ਲਾਂਬੜਾ) ਤੇ ਕਾਮਰੇਡ ਹਰਭਜਨ ਚੀਮਾ ਨੇ ਕੀਤੀ। ਪਰਮਿੰਦਰ ਕੌਰ ਸਵੈਚ ਦੀਆਂ ਪੁਸਤਕਾਂ "ਤਵਾਰੀਖ਼ ਬੋਲਦੀ ਹੈ ਤੇ ਹੋਰ ਨਾਟਕ" (ਨਾਟ-ਸੰਗ੍ਰਹਿ) ਅਤੇ "ਲਹਿਰਾਂ ਦੀ ਵੇਦਨਾ" (ਕਾਵਿ-ਸੰਗ੍ਰਹਿ) ਇਸ ਮੌਕੇ ਲੋਕ ਅਰਪਣ ਕੀਤੇ ਗਏ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਹਰਭਜਨ ਚੀਮਾ ਨੇ ਜਿੱਥੇ ਆਏ ਲੋਕਾਂ ਨੂੰ ਜੀ ਆਇਆਂ ਕਿਹਾ ਉੱਥੇ ਉਸਨੇ ਈਸਟ ਇੰਡੀਅਨ ਡੀਫੈਂਸ ਕਮੇਟੀ ਦੇ ਕੰਮਾਂ-ਕਾਰਾਂ ਬਾਰੇ ਦਸਦਿਆਂ ਕਿਹਾ ਕਿ ਇਹ ਲੋਕ ਪੱਖੀ ਕਾਰਜਾਂ, ਸੰਘਰਸ਼ਾਂ ਅਤੇ ਲੋਕ ਪੱਖੀ ਸਾਹਿਤ ਲਈ ਸਰਗਰਮ ਜਥੇਬੰਦੀ ਹੈ।ਇਸਦੀ ਹੀ ਸਰਗਰਮ ਮੈਂਬਰ ਪਰਮਿੰਦਰ ਸਵੈਚ ਦੀ ਸਾਹਿਤ ਨੂੰ ਦੇਣ ਤੇ ਕਮਿਊਨਿਟੀ ਵਿੱਚ ਕੰਮ ਕਰਨ ਬਾਰੇ ਥੋੜੇ ਸ਼ਬਦਾਂ ਵਿੱਚ ਜਾਣਕਾਰੀ ਸਾਂਝੀ ਕੀਤੀ ਤੇ ਕਿਹਾ ਕਿ ਪਰਮਿੰਦਰ ਦਾ ਸਾਹਿਤ ਹਨੇਰਿਆਂ ਵਿੱਚ ਲੋਅ ਛੱਡਦਾ ਸਾਹਿਤ ਹੈ।ਪਹਿਲੇ ਸੈਸ਼ਨ ਵਿੱਚ ਅਜਮੇਰ ਸਿੱਧੂ ਨੇ 'ਕਨੇਡਾ ਦਾ ਪੰਜਾਬੀ ਨਾਟਕ ਮੂਲ ਸਰੋਕਾਰ(ਪਰਮਿੰਦਰ ਕੌਰ ਸਵੈਚ ਦੀ ਨਾਟਕਕਾਰੀ ਦੇ ਸੰਦਰਭ ਵਿੱਚ)' ਪੜ੍ਹਿਆ। ਉਹਨਾਂ ਕਿਹਾ ਕਿ ਕੈਨੇਡਾ ਦਾ ਨਾਟਕ/ ਸਾਹਿਤ ਪਰਵਾਸ ਦੀ ਸੰਵੇਦਨਾ ਨੂੰ ਖ਼ੂਬਸੂਰਤੀ ਨਾਲ ਫੜ ਰਿਹਾ ਹੈ। ਕੈਨੇਡਾ ਦੀ ਧਰਤੀ ਉੱਤੇ ਪੰਜਾਬੀ ਨਾਟਕ ਦੀ ਸਿਰਜਣਾ ਦੇ ਖੇਤਰ ਵਿੱਚ ਸਵੈਚ ਦਾ ਨਾਂ ਵੀ ਸ਼ਾਮਲ ਹੈ। ਪਰਮਿੰਦਰ ਦੇ ਨਾਟਕ ਦਾ ਮਿਸ਼ਨ ਸਮਾਜਿਕ ਯਥਾਰਥ ਨੂੰ ਮਹਿਜ਼ ਸਮਝਣ ਦਾ ਨਹੀਂ, ਨਾ ਹੀ ਉਸਦੀ ਵਿਆਖਿਆ ਦਾ ਹੈ ਬਲਕਿ ਸਮਾਜ ਨੂੰ ਕ੍ਰਾਂਤੀਕਾਰੀ ਤਬਦੀਲੀ ਵੱਲ ਲਿਜਾਣ ਦਾ ਹੈ। ਇਸ ਪੇਪਰ ਉੱਤੇ ਹੋਈ ਬਹਿਸ ਵਿੱਚ ਗੁਰਪ੍ਰੀਤ ਸਿੰਘ, ਨਿਰਮਲ ਸਿੰਘ ਕਿੰਗਰਾ, ਅਜਮੇਰ ਰੋਡੇ, ਸੁਰਜੀਤ ਕਲਸੀ, ਹਰਜੀਤ ਦੌਧਰੀਆ ਅਤੇ ਅਨਮੋਲ ਸਵੈਚ ਆਦਿ ਨੇ ਹਿੱਸਾ ਲਿਆ।

ਦੂਜੇ ਸੈਸ਼ਨ ਵਿੱਚ 'ਵਿਗਿਆਨ ਜੋਤ' ਦੇ ਸੰਪਾਦਕ ਅਜਮੇਰ ਸਿੱਧੂ ਨੇ 'ਲਹਿਰਾਂ ਦੀ ਲੋਕ ਪੱਖੀ ਵੇਦਨਾ ਦਾ ਕਾਵਿ ਚਿੰਤਨ-ਲਹਿਰਾਂ ਦੀ ਵੇਦਨਾ' ਪੇਪਰ ਪੜ੍ਹਿਆ। ਉਹਨਾਂ ਕਿਹਾ ਕਿ ਪਰਮਿੰਦਰ ਦਾ ਕਾਵਿ ਚਿੰਤਨ ਕਿਸੇ ਇੱਕ ਵਰਗ, ਦੇਸ, ਕਾਲ ਜਾਂ ਨਸਲ ਦੇ ਲੋਕਾਂ ਤੱਕ ਸੀਮਤ ਨਹੀਂ ਇਸਦਾ ਘੇਰਾ ਵਿਸ਼ਾਲ ਹੈ। ਉਹ ਹੱਕ, ਸੱਚ ਅਤੇ ਇਨਸਾਫ਼ ਲਈ ਜੂਝਦੀਆਂ ਧਿਰਾਂ ਦੀ ਪੈਰਵਈ ਕਰਦੀ ਹੈ। ਇਹ ਉਸਦੀ ਕਵਿਤਾ ਦੀ ਵਿਸ਼ੇਸ਼ਤਾ ਹੈ ਕਿ ਇਸ ਵਿੱਚ ਪਰਵਾਸੀ ਤੇ ਆਵਾਸੀ ਚੇਤਨਾ ਦਾ ਬਰਾਬਰ ਦਾ ਮੇਲਜੋਲ ਹੈ। ਇਸ ਪੇਪਰ ਉੱਤੇ ਬਹਿਸ ਸ਼ੁਰੂ ਕਰਦਿਆਂ ਅੰਮ੍ਰਿਤ ਦੀਵਾਨਾ ਨੇ ਕਿਹਾ ਕਿ ਪਰਮਿੰਦਰ ਦੀ ਕਵਿਤਾ ਦੀ ਸਿਧਾਂਤਕਾਰੀ ਵਿੱਚ ਇਸਦਾ ਸਿੱਧਾ ਸਬੰਧ ਜੀਵਨ ਸੱਚ ਨਾਲ ਜੁੜਦਾ ਹੈ। ਇਸ ਬਹਿਸ ਵਿੱਚ ਮਨਜੀਤ ਕੰਗ, ਗੁਰਪ੍ਰੀਤ ਸਿੰਘ, ਜਰਨੈਲ ਸੇਖਾ, ਅਮਰੀਕ ਪਲਾਹੀ, ਸੁਰਜੀਤ ਕਲਸੀ, ਮੋਹਣ ਗਿੱਲ, ਗੁਰਬਚਨ ਕੌਰ ਢਿੱਲੋਂ, ਗੁਰਦਰਸ਼ਨ ਬਾਦਲ ਆਦਿ ਨੇ ਹਿੱਸਾ ਲਿਆ ਤੇ ਕਵਿਤਾ ਦੀ ਪੁਣਛਾਣ ਕਰਦੇ ਹੋਏ ਆਪਦੇ ਵਿਚਾਰ ਸਾਂਝੇ ਕੀਤੇ।ਡਾ. ਨਿਰਮਲ ਸਿੰਘ ਨੇ ਕਿਹਾ ਕਿ ਜਿਹੜਾ ਸਾਹਿਤ ਲੋਕਾਂ ਦੀ ਰੂਹ ਵਿੱਚ ਉੱਤਰ ਜਾਵੇ, ਉਹ ਹਮੇਸ਼ਾਂ ਜਿਊਂਦਾ ਰਹਿੰਦਾ ਹੈ। ਅਜਿਹੇ ਸਾਹਿਤ ਦੀ ਸਿਰਜਣਹਾਰ ਪਰਮਿੰਦਰ ਵਧਾਈ ਦੀ ਹੱਕਦਾਰ ਹੈ। ਡਾ. ਰਘਬੀਰ ਸਿੰਘ ਨੇ ਪ੍ਰਧਾਨਗੀ ਭਾਸ਼ਨ ਦਿੰਦਿਆ ਕਿਹਾ ਕਿ ਪਰਮਿੰਦਰ ਲੋਕ ਪੱਖੀ ਕਵਿਤਾ ਤੇ ਨਾਟਕ ਦੀ ਸਿਰਜਕ ਹੈ। ਇਹ ਲੋਕ ਦੋਖੀ ਪ੍ਰਬੰਧ ਨੂੰ ਖ਼ਤਮ ਕਰਨ ਲਈ ਤਤਪਰ ਹੈ ਅਤੇ ਇਨਕਲਾਬੀ ਲਹਿਰਾਂ ਦੀ ਵਿਰਾਸਤ ਨੂੰ ਸਾਂਭਣ ਅਤੇ ਉਭਰਨ ਲਈ ਸੱਦਾ ਦਿੰਦੀ ਹੈ।ਇਸ ਦੌਰਾਨ ਪਰਮਿੰਦਰ ਨੇ ਵੀ ਆਪਣੀਆਂ ਕੁੱਝ ਕਵਿਤਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਇਸ ਸਮਾਰੋਹ ਵਿੱਚ ਬਹੁਤ ਸਾਰੀਆਂ ਹੋਰ ਵੀ ਉੱਘੀਆਂ ਸ਼ਖ਼ਸ਼ੀਅਤਾਂ ਨਾਮਵਰ ਲੇਖਕ ਜੋਗਿੰਦਰ ਸ਼ਮਸ਼ੇਰ, ਹਰਦਮ ਸਿੰਘ ਮਾਨ, ਸੋਹਣ ਪੂਨੀ, ਡਾ. ਜਸਵਿੰਦਰ ਸਿੰਘ(ਵਿਨੀਪੈਗ), ਡਾ. ਜਸ ਮਲਕੀਤ, ਸੁਰਿੰਦਰ ਸਿੰਘ ਮੰਗੂਵਾਲ, ਕ੍ਰਿਪਾਲ ਬੈਂਸ, ਪਰਸ਼ੋਤਮ ਦੁਸਾਂਝ, ਸੇਵਾ ਬਿਨਿੰਗ ਅਤੇ ਹੋਰ ਬਹੁਤ ਸਾਰੇ ਹੋਣਹਾਰ ਕਲਾਕਾਰ ਬੱਚੇ ਅਤੇ ਸਾਹਿਤ ਸਨੇਹੀ ਪਹੁੰਚੇ ਹੋਏ ਸਨ। ਅੰਤ ਵਿੱਚ ਸੰਤੋਖ ਢੇਸੀ ਨੇ ਸਮਾਗਮ ਤੇ ਪਹੁੰਚੇ ਸਾਰੇ ਲੋਕਾਂ ਦਾ ਧੰਨਵਾਦ ਕੀਤਾ। ਇਸ ਸਮਾਰੋਹ ਦੀ ਮੰਚ ਸੰਚਾਲਨਾ ਦੀ ਜ਼ੁੰਮੇਵਾਰੀ ਜਸਵੀਰ ਮੰਗੂਵਾਲ ਨੇ ਬਾਖੂਬੀ ਨਿਭਾਈ।

# ਮਹੱਤਵਪੂਰਨ ਕਿਤਾਬਾਂ ਜੋ ਤੁਹਾਡੇ ਜੀ



# ਵਨ ਨੂੰ ਨਵੀਂ ਸੇਧ ਦੇ ਸਕਦੀਆਂ ਹਨ







## ਤਰਕਭਾਰਤੀ ਪ੍ਰਕਾਸ਼ਨ

ਪੁਰਾਣੀ ਸਬਜ਼ੀ ਮੰਡੀ,
ਕੱਚਾ ਕਾਲਜ ਰੋਡ,
ਬਰਨਾਲਾ-148101

ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਜਾਂ ਡਾਕ ਰਾਹੀਂ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ

ਮੋ. 78377 18723 ਜਾਂ @AFGI-BDAGDD

# ਵਿਗਿਆਨਕ ਖ਼ਬਰਾਂ





**✪ ਧਰਤੀ ਦਾ ਅੰਤ ਹੈ ਨੇੜੇ, ਜਿਊਂਦੇ ਰਹਿਣਾ ਹੈ ਤਾਂ ਲੱਭਣਾ ਹੋਵੇਗਾ ਨਵਾਂ 'ਗ੍ਰਹਿ' ਸਟੀਫਨ ਹਾਕਿੰਗ**

ਸਦੀ ਦੇ ਸਭ ਤੋਂ ਮਸ਼ਹੂਰ ਵਿਗਿਆਨੀ ਸਟੀਫਨ ਹਾਕਿੰਗ ਨੇ ਇਹ ਕਹਿ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ ਕਿ ਧਰਤੀ 'ਤੇ ਮਨੁੱਖ ਜਾਤੀ ਦੀ ਉਮਰ ਹੁਣ 1000 ਸਾਲ ਤੋਂ ਵੀ ਘੱਟ ਬਚੀ ਹੈ। ਸਟੀਫਨ ਹਾਕਿੰਗ ਨੇ ਸਪੱਸ਼ਟ ਕਿਹਾ ਹੈ ਕਿ ਜਾਂ ਤਾਂ ਮਨੁੱਖ ਨੂੰ ਦੂਜੀ ਧਰਤੀ ਲੱਭਣੀ ਹੋਵੇਗੀ ਜਾਂ ਫਿਰ ਇਹ ਮਨੁੱਖ ਜਾਤੀ ਦਾ ਅੰਤ ਹੋਵੇਗਾ। ਆਕਸਫੋਰਡ ਯੂਨੀਅਨ ਡਿਬੇਟਿੰਗ ਸੁਸਾਇਟੀ ਵਿੱਚ ਇੱਕ ਸਪੀਚ ਦੌਰਾਨ ਹਾਕਿੰਗ ਨੇ ਦੁਨੀਆਂ ਭਰ ਦੇ ਦੇਸ਼ਾਂ ਲਈ ਚੁਣੌਤੀ ਜਾਰੀ ਕੀਤੀ ਹੈ।

**ਇਨਸਾਨ ਨੂੰ ਲੱਭਣੀ ਹੋਵੇਗੀ ਦੂਜੀ ਧਰਤੀ:** 74 ਸਾਲ ਦੇ ਸਟੀਫਨ ਨੇ ਕਿਹਾ ਕਿ ਉਂਝ ਤਾਂ ਇਨਸਾਨ ਬ੍ਰਹਿਮੰਡ ਦੇ ਸਭ ਤੋਂ ਛੋਟੇ ਹਿੱਸਿਆ ਵਿੱਚੋਂ ਇੱਕ ਹੈ ਪਰ ਫਿਰ ਵੀ ਉਸਨੇ ਇਸਦੇ ਬਾਰੇ ਆਪਣੀ ਇੱਕ ਸਮਝ ਵਿਕਸਿਤ ਕਰ ਲਈ ਹੈ। ਉਨ੍ਹਾਂ ਨੇ ਇਹ ਵੀ ਸਾਫ਼ ਕਿਹਾ ਹੈ ਕਿ ਹੁਣ ਇਸ ਗੱਲ ਦੀ ਆਸ ਬਹੁਤ ਘੱਟ ਹੈ ਕਿ ਅਸੀਂ ਹੋਰ 1000 ਸਾਲ ਇਸ ਧਰਤੀ 'ਤੇ ਲੰਘਾ ਸਕਾਂਗੇ ਇਸ ਲਈ ਸਾਨੂੰ ਇਸ ਗੱਲ ਦੀ ਕੋਸ਼ਿਸ਼ ਸ਼ੁਰੂ ਕਰ ਦੇਣੀ ਚਾਹੀਦੀ ਹੈ ਕਿ ਧਰਤੀ ਵਰਗਾ ਹੀ ਕੋਈ ਦੂਜਾ ਗ੍ਰਹਿ ਸਾਡੀ ਪਹੁੰਚ ਵਿੱਚ ਹੋਵੇ। ਸਟੀਫਨ ਦਾ ਕਹਿਣਾ ਹੈ ਕਿ ਅਗਲੀ ਸਦੀ ਵਿੱਚ ਧਰਤੀ 'ਤੇ ਲੋਕਾਂ ਨੂੰ ਵਾਤਾਵਰਣ ਦੀ ਤਬਦੀਲੀ ਅਤੇ ਪ੍ਰਮਾਣੂ ਦਹਿਸ਼ਤਵਾਦ ਨਾਲ ਨਜਿੱਠਣਾ ਹੋਵੇਗਾ। ਹਾਕਿੰਗ ਨੇ ਆਪਣੀ ਸਪੀਚ ਵਿੱਚ ਯੂਨੀਵਰਸ, ਆਇੰਸਟੀਨ, ਮਿਥਸ ਅਤੇ ਈਸ਼ਵਰ ਦੀ ਵੀ ਗੱਲ ਕੀਤੀ। ਹਾਕਿੰਗ ਨੇ ਕਿਹਾ ਕਿ ਰੋਜ ਅਤੇ ਥਿਊਰੀਕਲ ਫਿਜ਼ਿਕਸ ਦੇ ਲਿਹਾਜ ਨਾਲ ਚੰਗਾ ਸਮਾਂ ਆਉਣ ਵਾਲਾ ਹੈ। ਪਿਛਲੇ 50 ਸਾਲਾਂ ਵਿੱਚ ਯੂਨੀਵਰਸ ਨੂੰ ਲੈ ਕੇ ਸਾਡੀ ਸੋਚ ਵਿੱਚ ਕਾਫੀ ਬਦਲਾਅ ਆਏ ਹਨ। ਮੈਂ ਇਸ ਗੱਲ ਤੋਂ ਖੁਸ਼ ਹਾਂ ਕਿ ਇਸ ਵਿੱਚ ਕੁਝ ਯੋਗਦਾਨ ਮੇਰਾ ਵੀ ਹੈ। ਜੇ ਮਨੁੱਖੀ ਸੱਭਿਅਤਾ ਨੂੰ ਬਣੇ ਰਹਿਣਾ ਹੈ ਤਾਂ ਉਸ ਨੂੰ ਧਰਤੀ ਛੱਡਣੀ ਹੋਵੇਗੀ। ਇਹ ਵੀ ਹੋ ਸਕਦਾ ਹੈ ਕਿ ਧਰਤੀ ਨੂੰ ਖ਼ਤਮ ਹੋਣ ਵਿੱਚ ਹਜ਼ਾਰ ਜਾਂ ਦਸ ਹਜਾਰ ਸਾਲ ਲੱਗ ਜਾਣਗੇ ਪਰ ਇਸ ਤੋਂ ਪਹਿਲਾਂ ਸਾਨੂੰ ਪੁਲਾੜ ਦੇ ਕਿਸੇ ਦੂਜੇ ਗ੍ਰਹਿ 'ਤੇ ਸ਼ਿਫਟ ਹੋ ਜਾਣਾ ਚਾਹੀਦਾ ਹੈ। ਇਸ ਨਾਲ ਧਰਤੀ ਖ਼ਤਮ ਹੋਣ ਤੋਂ ਬਾਅਦ ਵੀ ਮਨੁੱਖੀ ਸੱਭਿਅਤਾ ਦੇ ਖ਼ਤਮ ਹੋਣ ਦਾ ਖ਼ਤਰਾ ਨਹੀਂ ਰਹੇਗਾ।

**✪ ਐਰੋਬਿਕ ਕਸਰਤ ਨਾਲ ਵਧਦੈ ਦਿਮਾਗ ਦਾ ਆਇਤਨ**

**ਅਮਰੀਕਾ ਵਿੱਚ ਹੋਈ ਇੱਕ ਖੋਜ਼ ਤੋਂ ਪਤਾ ਲੱਗਾ ਹੈ ਕਿ ਹਲਕੀ ਦਿਮਾਗੀ ਕਮਜ਼ੋਰੀ ਐੱਮ. ਸੀ. ਆਈ. ਵਾਲੇ ਵਿਅਕਤੀ ਜੇ ਤੇਜ਼ ਚੱਲਦੇ, ਦੌੜਦੇ, ਯੋਗਿਗ ਜਾਂ ਹਫ਼ਤੇ ਵਿੱਚ ਚਾਰ ਵਾਰ ਤੈਰਾਕੀ ਵਰਗੇ ਐਰੋਬਿਕ ਕਸਰਤ ਕਰਦੇ ਹਨ, ਦੇ ਦਿਮਾਗ ਦੇ ਆਇਤਨ ਵਿੱਚ ਵਾਧੇ ਨਾਲ ਦਿਮਾਗੀ ਕੰਮ ਵਿੱਚ ਵਾਧਾ ਹੁੰਦਾ ਹੈ।**

**ਅਮਰੀਕਾ ਦੇ ਨਾਰਥ ਕੈਰੋਲਿਨਾ ਦੀ ਵੇਕ ਫਾਰੈਸਟ ਯੂਨੀਵਰਸਿਟੀ ਦੇ ਜਿਓਗਜੂਲ ਕਿਮ ਨੇ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਕਸਰਤ ਲਾਭਕਾਰੀ ਹੈ। ਅਧਿਐਨ ਵਿੱਚ ਕਿਹਾ ਗਿਆ ਹੈ ਕਿ ਐੱਮ. ਸੀ. ਆਈ ਵਾਲੇ ਵਿਅਕਤੀਆਂ ਵਿੱਚ ਇਸ ਦਾ ਪ੍ਰਭਾਵ ਯਾਦਦਾਸਤ ਅਤੇ ਵਿਚਾਰ ਕੌਸ਼ਲ 'ਤੇ ਪੈਂਦਾ ਹੈ ਅਤੇ ਇਸ ਨਾਲ ਅਲਜਾਈਮਰ ਰੋਗ ਦੇ ਵਿਕਸਿਤ ਹੋਣ ਦਾ ਖ਼ਤਰਾ ਹੁੰਦਾ ਹੈ। ਇਹ ਦਿਮਾਗੀ ਵਹਿਮ ਦੀ ਆਮ ਕਿਸਮ ਹੈ। ਵੇਥ ਫਾਰੈਸਟ ਯੂਨੀਵਰਸਿਟੀ ਦੇ ਲੌਰਾ ਡੀ ਬੇਕਰ ਨੇ ਕਿਹਾ ਕਿ ਇੱਥੋਂ ਤੱਕ ਕਿ ਥੋੜ੍ਹੇ ਸਮੇਂ ਬਾਅਦ ਅਸੀਂ ਐਰੋਬਿਕ ਕਸਰਤ ਨੂੰ ਮੋਹਰੀ ਰੂਪ ਨਾਲ ਦਿਮਾਗ ਵਿੱਚ ਇੱਕ ਖਾਸ ਬਦਲਾਅ ਨਹੀਂ ਦੇਖਦੇ ਹਾਂ।**

**✪ ਐਕਸਪ੍ਰਟ ਦੀ ਸਲਾਹ- ਬ੍ਰਾਹਮੀ ਤੇ ਅਸ਼ਵਗੰਧਾ ਦੇ ਜ਼ਿਆਦਾ ਇਸਤੇਮਾਲ ਨਾਲ ਹੋ ਸਕਦਾ ਹੈ ਨੁਕਸਾਨ**

ਚੰਡੀਗੜ੍ਹ : ਇਨ੍ਹਾਂ ਦਿਨਾਂ ਵਿੱਚ ਬਿਨ੍ਹਾਂ ਜਾਣਕਾਰੀ ਤੋਂ ਬ੍ਰਾਹਮੀ ਤੇ ਅਸ਼ਵਗੰਧਾ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਜ਼ਿਆਦਾ ਮਾਤਰਾ ਵਿੱਚ ਇਸਦੇ ਇਸਤੇਮਾਲ ਨਾਲ ਸਾਈਡ ਇਫੈਕਟ ਹੋ ਸਕਦੇ ਹਨ। ਇਹ ਕਹਿਣਾ ਸੀ ਪ੍ਰੋਫੈਸਰ ਰਿਚਾ ਸ਼੍ਰੀ ਅਤੇ ਡਾਕਟਰ ਮੁਜ਼ਮਿਲ ਅਹਮਦ ਦਾ। ਉਹਨਾਂ ਲੋਕਾਂ ਨੂੰ ਬਚਾਉਣ ਅਤੇ ਇਹਨਾਂ ਦਾ ਜ਼ਿਆਦਾ ਇਸਤੇਮਾਲ ਰੋਕਣ ਦੀ ਗੱਲ ਕਹੀ ਹੈ। ਇਸ ਵਰਕਸ਼ਾਪ ਦਾ ਉਦਘਾਟਨ ਪ੍ਰੋਫੈਸਰ ਆਰਸੀ ਮਹਾਜਨ ਨੇ ਕੀਤਾ।

**✪ ...ਤਾਂ ਦਿਮਾਗ ਵਿੱਚ ਚਿੱਪ ਲਗਵਾ ਕੇ ਯਾਦਾਸ਼ਤ ਵੀ ਵਧਾ ਸਕਣਗੇ ਇਨਸਾਨ**

ਇਨਸਾਨਾਂ ਦੇ ਦਿਮਾਗ ਵਿੱਚ ਚਿੱਪ ਲਗਾਕੇ ਯਾਦਾਸ਼ਤ ਨੂੰ ਸੁਪਰਮੈਨ ਦੀ ਤਰ੍ਹਾਂ ਵਧਾ ਲੈਣਾ ਚਾਹੇ ਕਿਸੇ ਕਲਪਨਿਕ ਫ਼ਿਲਮ ਦੀ ਕਹਾਣੀ ਵਰਗਾ ਲੱਗਦਾ ਹੈ। ਪਰ ਨੇੜੇ ਦੇ ਭਵਿੱਖ ਵਿੱਚ ਇਹ ਸੰਭਵ ਹੋ ਸਕਦਾ ਹੈ। ਅਮਰੀਕਾ 'ਚ ਅਜਿਹੀ ਹੀ ਚਿੱਪ ਨੂੰ ਚੂਹਿਆਂ ਅਤੇ ਬੰਦਰਾਂ ਉੱਪਰ ਅਜਮਾਇਆ ਜਾ ਚੁੱਕਿਆ ਹੈ। ਇਸ ਪਰਿਨਾਮ 'ਚ ਮਿਲੀ ਸਫ਼ਲਤਾ ਦੇ ਬਾਅਦ ਅੰਦਾਜੇ ਲਗਾਏ ਜਾ ਰਹੇ ਹਨ ਕਿ ਇੱਕ

ਦਿਨ ਇਹ ਮਨੁੱਖਾਂ ਲਈ ਉਤਪਾਦਾਂ ਦੀ ਤਰ੍ਹਾਂ ਬਜ਼ਾਰ ਵਿੱਚ ਉਲਬੱਧ ਹੋਣਗੀਆਂ।

ਇਹ ਚਿੱਪ ਯੂਨੀਵਰਸਿਟੀ ਔੱਫ ਸਦਰਨ ਕੈਲਿਫੋਰਨਿਆ 'ਚ ਵਾਇਓਕੈਮੀਕਲ ਇੰਜੀਨੀਅਰਿੰਗ ਦੇ ਪ੍ਰੋਫੈਸਰ ਥੀਓਡੋਰ ਬੇਰਗਰ ਦੇ ਦਿਮਾਗ ਦੀ ਉਪਜ ਹੈ। ਇਸ ਚਿੱਪ ਨੂੰ ਬੇਰਗਰ ਅਜਿਹੇ ਸੌੱਫਟਵੇਅਰ ਨਾਲ ਲੈਸ ਕਰ ਰਹੇ ਹਨ ਜਿਹੜੇ ਘੱਟ ਸਮੇਂ ਦੀ ਯਾਦਾਸਤ ਨੂੰ ਲੰਬੇ ਸਮੇਂ ਦੀ ਯਾਦਾਸ਼ਤ ਵਿੱਚ ਬਦਲ ਸਕਦਾ ਹੈ। ਮਤਲਬ ਜਿਹੜੀਆਂ ਗੱਲਾਂ ਇਨਸਾਨੀ ਦਿਮਾਗ ਵਿੱਚੋਂ ਕੁੱਝ ਘੰਟਿਆਂ ਬਾਅਦ ਨਿਕਲ ਜਾਂਦੀਆਂ ਸੀ, ਉਹ ਸਾਲਾਂ ਤੱਕ ਯਾਦ ਰਹਿਣਗੀਆਂ। ਦਿਮਾਗੀ ਚਿੱਪ ਨੂੰ ਇਸ ਤਰ੍ਹਾਂ ਡਿਜ਼ਾਇਨ ਕੀਤਾ ਜਾ ਰਿਹਾ ਹੈ ਕਿ ਉਹ ਸੰਕੇਤਾਂ ਦਾ ਉਸ ਤਰ੍ਹਾਂ ਦਾ ਹੀ ਪੈਟਰਨ ਤਿਆਰ ਕਰੇ, ਜਿਵੇਂ ਲੰਬੇ ਸਮੇਂ ਦੀ ਯਾਦਾਸ਼ਤ ਦੇ ਸਮੇਂ ਦਿਮਾਗ ਵਿੱਚ ਤਿਆਰ ਹੁੰਦਾ ਹੈ।

ਪ੍ਰੋਫੈਸਰ ਬ੍ਰੇਗਰ ਨੇ ਇਸ ਤੋਂ ਪਹਿਲਾਂ 20 ਸਾਲ ਦਾ ਸਮਾਂ ਬਰੈਨ ਪ੍ਰੌਸਥੇਸਿਸ ਕੰਪਿਊਟਰ ਇੰਮਪਲਾਂਟ੍ਸ ਵਿਕਸਿਤ ਕਰਦੇ ਹੋਏ ਬਿਤਾਇਆ। ਦਿਮਾਗ ਵਿੱਚ ਕਿਸੇ ਬਾਹਰੀ ਅੰਗ ਦੀ ਤਰ੍ਹਾਂ ਕੰਮ ਕਰਨ ਵਾਲਾ ਇਹ ਡਿਵਾਇਸ ਆਉਣ ਵਾਲੇ ਸਮੇਂ ਵਿੱਚ ਲੋਕਾਂ ਲਈ ਕਾਫ਼ੀ ਲਾਹੇਵੰਦ ਹੋ ਸਕਦਾ ਹੈ।

ਹਾਲਾਂਕਿ ਹੁਣ ਮਨੁੱਖਾਂ ਦੀ ਯਾਦਾਸ਼ਤ ਨੂੰ ਵਧਾਉਣ ਦੇ ਲਈ ਉਹਨਾਂ ਨੇ ਬਰਾਯਨ ਜੌਨਸਨ ਨਾਮ ਦੇ ਟੈਕਨੋਲਜੀ ਮਾਹਰ ਨਾਲ ਹੱਥ ਮਿਲਾਇਆ ਹੈ। ਜੌਨਸਨ ਨੇ ਇਸ ਕੰਮ ਨੂੰ ਅੱਗੇ ਵਧਾਉਣ ਦੇ ਲਈ ਬ੍ਰੇਗਰ ਨੂੰ 100 ਮਿਲੀਅਨ ਡੌਲਰ (669 ਕਰੋੜ ਰੁਪੈ) ਦਾ ਫ਼ੰਡ ਦਿੱਤਾ ਹੈ।

### ✪ ਡਾਇਬਟੀਜ ਮਰੀਜ਼ਾਂ ਦੇ ਲਈ ਆਰਟੀਫਿਸ਼ੀਅਲ ਪੈਂਕ੍ਰਿਯਾਜ

ਡਾਇਬਟੀਜ ਮਰੀਜਾਂ ਨੂੰ ਹੁਣ ਇੰਸੁਲਿਨ ਦੇ ਇੰਜੈਕਸ਼ਨ ਦੀ ਜ਼ਰੂਰਤ ਨਹੀਂ ਹੋਣੀ, ਕਿਉਂਕਿ ਇਹ ਕੰਮ ਆਰਟੀਫਿਸ਼ੀਅਲ ਪੈਂਕ੍ਰਿਯਾਜ ਕਰੇਗਾ। ਇਹ ਪੈਂਕ੍ਰਿਯਾਜ ਟਾਇਪ-1 ਡਾਇਬਟੀਜ ਰੋਗੀਆਂ ਦੇ ਸਰੀਰ ਵਿੱਚ ਲਗਾਤਾਰ ਸ਼ੂਗਰ ਲੇਵਲ ਦੀ ਜਾਂਚ ਕਰਕੇ ਜ਼ਰੂਰੀ ਮਾਤਰਾ ਵਿੱਚ ਇੰਸੁਲਿਨ ਰਿਲੀਜ਼ ਕਰੂਗਾ। ਇਹ ਹਰ ਪੰਜ ਮਿੰਟ ਦੇ ਅੰਤਰਾਲ ਤੇ ਗੁਲੂਕੋਜ ਲੇਵਲ ਦੀ ਜਾਂਚ ਕਰਦਾ ਹੈ। ਮਨੁੱਖੀ ਸਰੀਰ 'ਚ ਲਗਾਤਾਰ ਇੰਸੁਲਿਨ ਦੀ ਸਪਲਾਈ ਕਰਨਾ ਪੈਂਕ੍ਰਿਯਾਜ ਦਾ ਕੰਮ ਹੁੰਦਾ ਹੈ। ਪਰ ਡਾਇਬਟੀਜ ਰੋਗੀਆਂ ਵਿੱਚ ਪੈਂਕ੍ਰਿਯਾਜ ਇੰਸੁਲਿਨ ਨਹੀਂ ਬਣਾ ਪਾਉਂਦਾ। ਇਹ ਆਰਟੀਫਿਸ਼ੀਅਲ ਪੈਂਕ੍ਰਿਯਾਜ ਉਹੀ ਕੰਮ ਕਰੇਗਾ।

ਮਿਨਿਮੇਡ 670ਜੀ ਨਾਮ ਦੇ ਡਿਵਾਇਸ ਨੂੰ ਅਮਰੀਕਾ ਦਾ ਫ਼ੂਡ ਐਂਡ ਡੱਰਗ ਐਡਮਿਨਿਸਟ੍ਰੇਸ਼ਨ (ਐਫਡੀਏ) ਨੇ 14 ਵਰ੍ਹੇ ਜਾਂ ਉਸਤੋਂ ਉੱਪਰ ਦੇ ਲੋਕਾਂ ਦੇ ਲਈ ਇਸ ਨੂੰ ਮਨਜ਼ੂਰੀ ਦੇ ਦਿੱਤੀ ਹੈ। ਐਫਡੀਏ ਦੇ ਨਿਰਦੇਸ਼ਕ ਜੇਫ੍ਰੀ ਸ਼ੁਰੇਨ ਨੇ ਕਿਹਾ ਕਿ ਇਹ ਆਪਣੀ ਤਰ੍ਹਾਂ ਦੀ ਪਹਿਲੀ ਤਕਨੀਕ ਹੈ, ਜੋ ਲੋਕਾਂ ਨੂੰ ਅਜ਼ਾਦੀ ਦੇ ਨਾਲ ਜੀਣ ਵਿੱਚ ਸਮੱਰਥ ਬਣਾਏਗਾ।

### ✪ ਪਿਤਾ ਚਾਹੁੰਦੇ ਸੀ ਵਪਾਰ ਵਿੱਚ ਫਾਇਦਾ, ਸੰਤ ਦੇ ਕਹਿਣ ਤੇ 13 ਸਾਲ ਦੀ ਬੇਟੀ ਨੂੰ ਸਕੂਲ ਛੁਡਵਾਕੇ 68 ਦਿਨ ਤੱਕ ਵਰਤ ਰੱਖਵਾਇਆ, ਹਾਰਟ ਅਟੈਕ ਨਾਲ ਚਲੀ ਗਈ ਬੱਚੀ ਦੀ ਜਾਨ

ਹੈਦਰਾਬਾਦ ਦੀ 13 ਸਾਲ ਦੀ ਬੱਚੀ ਦੀ 68 ਦਿਨ ਤੱਕ ਵਰਤ ਰੱਖਣ ਤੋਂ ਬਾਅਦ ਮੌਤ ਹੋ ਗਈ। ਵਰਤ ਖੋਲ੍ਹਣ ਤੋਂ ਦੋ ਦਿਨ ਬਾਅਦ ਉਸ ਨੂੰ ਦਿਲ ਦਾ ਦੌਰਾ ਪਿਆ ਸੀ। ਐਨਜੀਓ ਬਲਾਲਾ ਹੱਕੁਲਾ ਸੰਘਮ ਦਾ ਆਰੋਪ ਹੈ ਕਿ ਬੱਚੀ ਨੂੰ ਜਬਰਦਸਤੀ ਵਰਤ ਰੱਖਵਾਇਆ ਗਿਆ ਸੀ। ਹੈਦਰਾਬਾਦ ਪੁਲਿਸ ਇਸ ਸ਼ਿਕਾਇਤ ਤੇ ਜਾਂਚ ਕਰ ਰਹੀ ਹੈ।

ਲੰਬੇ ਸਮੇਂ ਤੱਕ ਵਰਤ ਰੱਖਣ ਵਾਲੀ ਇਹ ਪਰੰਪਰਾ ਜੈਨ ਸਮੁਦਾਇ ਦਾ ਇੱਕ ਅੰਗ ਹੈ, ਲੇਕਿਨ ਸਮਾਜ ਦੇ ਲੋਕ ਇਸ ਘਟਨਾ ਉੱਪਰ ਇਸ ਲਈ ਸਵਾਲ ਉਠਾ ਰਹੇ ਹਨ, ਕਿਉਂਕਿ ਲੜਕੀ ਨਾਬਾਲਿਗ ਸੀ। ਆਰਾਧਨਾ ਨਾਮ ਦੀ ਇਹ ਬੱਚੀ 8ਵੀਂ ਕਲਾਸ ਵਿੱਚ ਪੜ੍ਹਦੀ ਸੀ। ਆਰਾਧਨਾ ਦੇ ਪਿਤਾ ਲਛਮੀਚੰਦ ਸਮਧਾਰੀ ਦੀ ਸਿਕੰਦਰਾਬਾਦ ਦੇ ਪੋਟ ਬਾਜ਼ਾਰ ਇਲਾਕੇ 'ਚ ਗਹਿਨਿਆਂ ਦੀ ਦੁਕਾਨ ਹੈ ਕੰਮ ਵਧੀਆ ਨਹੀਂ ਚੱਲ ਰਿਹਾ ਸੀ। ਪਰਿਵਾਰ ਇੱਕ ਜੈਨ ਸੰਤ ਦਾ ਅਨੁਯਾਯੀ ਹੈ। ਦੱਸਿਆ ਜਾ ਰਿਹਾ ਹੈ ਕਿ ਸੰਤ ਨੇ ਲਛਮੀਚੰਦ ਨੂੰ ਕਿਹਾ ਸੀ ਕਿ ਜੇਕਰ ਉਸਦੀ ਬੇਟੀ ਚੇਤ ਦੇ ਮਹੀਨੇ 'ਚ ਲੰਬਾ ਵਰਤ ਰੱਖੇਗੀ ਤਾਂ ਕਾਰੋਬਾਰ ਵਧੀਆ ਚੱਲੇਗਾ। ਇਸਦੇ ਫੇਰ ਵਿੱਚ ਫਸੇ ਲਛਮੀਚੰਦ ਨੇ ਆਪਣੀ ਬੇਟੀ ਨੂੰ ਸਕੂਲ ਛਡਵਾ ਕੇ ਵਰਤ ਰੱਖਣ ਦਾ ਆਦੇਸ਼ ਦਿੱਤਾ। 1 ਅਕਤੂਬਰ ਨੂੰ ਵਰਤ ਪੂਰਾ ਵੀ ਹੋ ਗਿਆ। ਤਰਲ ਭੋਜਨ ਸ਼ੁਰੂ ਕਰ ਦਿੱਤਾ ਗਿਆ। ਪਰ ਦੋ ਦਿਨਾਂ ਬਾਅਦ ਉਸਦੀ ਸੇਹਤ ਖ਼ਰਾਬ ਹੋ ਗਈ। ਉਸ ਨੂੰ ਹਸਪਤਾਲ ਲੈ ਕੇ ਗਏ। ਪਰ ਹਾਰਟ ਅਟੈਕ ਹੋਣ ਕਰਕੇ ਉਸਦੀ ਮੌਤ ਹੋ ਗਈ। 7 ਅਕਤੂਬਰ ਨੂੰ ਸਮਾਜ ਦੇ ਹੀ ਇੱਕ ਵਿਅਕਤੀ ਨੇ ਕੇਸ ਦਰਜ਼ ਕਰਵਾਇਆ, ਫਿਰ ਜਾ ਕੇ ਮਾਮਲਾ ਸਾਹਮਣੇ ਆਇਆ। ਹੁਣ ਪਰਿਵਾਰ ਵਾਲੇ ਦਾਅਵਾ ਕਰ ਰਹੇ ਹਨ ਕਿ ਆਰਾਧਨਾ ਪਹਿਲਾਂ ਵੀ 41 ਦਿਨਾਂ ਦਾ ਉਪਵਾਸ ਕਰ ਚੁੱਕੀ ਸੀ। ਮੌਤ ਦੇ ਲਈ ਪਰਿਵਾਰ ਨੂੰ ਜ਼ਿਮੇਵਾਰ ਠਹਿਰਾਉਣ ਤੇ ਬੱਚੀ ਦੇ ਦਾਦਾ ਮਾਨਕਚੰਦ ਨੇ ਕਿਹਾ ਕਿ ਉਹਨਾਂ ਨੇ ਕੁੱਝ ਨਹੀਂ ਛੁਪਾਇਆ। ਸਾਰੇ ਜਾਣਦੇ ਸੀ ਕਿ ਆਰਾਧਨਾ ਵਰਤ ਰੱਖ ਰਹੀ ਹੈ। ਲੋਕ ਉਸ ਨਾਲ ਸੈਲਫੀ (ਫੋਟੋ) ਵੀ ਲੈਂਦੇ ਸੀ। ਹੁਣ ਕੁਝ ਲੋਕ ਉਂਗਲੀ ਉਠਾ ਰਹੇ ਹਨ ਕਿ ਉਸਨੂੰ ਵਰਤ ਰੱਖਣ ਦੀ ਇਜ਼ਾਜਤ ਕਿਉਂ ਦਿੱਤੀ। ਆਰਾਧਨਾ ਦੇ ਵਰਤ ਖ਼ਤਮ ਹੋਣ ਦਾ ਅਖ਼ਬਾਰ ਵਿੱਚ ਵਾਕਾਇਦਾ ਵਿਗਿਆਪਨ ਵੀ ਦਿੱਤਾ ਗਿਆ ਸੀ। ਵਰਤ ਖੋਲ੍ਹਣ ਦੇ ਕ੍ਰਿਆਕਰਮ 'ਪਾਰਨਾ' ਵਿੱਚ ਤੇਲੰਗਾਨਾ ਦੇ ਮੰਤਰੀ ਪਰਿਹਾਰ ਗੌੜ ਅਤੇ ਜਹੀਰਾਬਾਦ ਦੇ ਸਾਂਸਦ ਬੀਬੀ ਪਾਟਿਲ ਸ਼ਾਮਿਲ ਹੋਏ ਸੀ। ਕਾਚੀਗੁਡਾ ਦੇ ਜੈਨ ਮੁਨੀ ਰਵਿੰਦਰ ਸਥਾਨਕ ਦਾ ਕਹਿਣਾ ਹੈ ਸੰਥਾਰਾ ਆਮਤੌਰ ਤੇ ਬਜ਼ੁਰਗਾਂ ਦੇ ਲਈ ਹੈ, ਜਿਹੜੇ ਆਪਣਾ ਜੀਵਨ ਜੀਅ ਚੁੱਕੇ ਹਨ ਅਤੇ ਸੰਨਿਆਸ ਲੈਣਾ ਚਾਹੁੰਦੇ ਹਨ। ਵਰਤ ਜਾਂ ਤਪੱਸਿਆ ਦੇ ਲਈ ਕਿਸੇ ਨਾਲ ਜ਼ਬਰਦਸਤੀ ਨਹੀਂ ਕੀਤੀ ਜਾ ਸਕਦੀ। ਸੰਥਾਰਾ ਅਜਿਹੀ ਰਸਮ ਹੈ ਕਿ ਜਿਸ ਵਿੱਚ ਬਜ਼ੁਰਗ ਜੈਨੀ ਸਾਧ ਖਾਣਾ ਪੀਣਾ ਤਿਆਗ ਦਿੰਦੇ ਹਨ।

### ✪ ਯੂਰੋਪ ਵਿੱਚ ਹੋਮਿਓਪੈਥੀ ਦੀ ਮਾਨਤਾ ਤੇ ਬਹਿਸ

ਹੋਮਿਓਪੈਥੀ ਐਕਯੂਪੰਕਚਰ ਦੇ ਵਾਂਗੂ ਪੁਰਾਣੀ ਚਾਹੇ ਨਾ ਹੋਵੇ ਪਰ ਇਹ ਜਰਮਨੀ ਦੀ ਸਵਦੇਸ਼ੀ ਵੈਕਲਿਪਕ ਅਤੇ ਪਰੰਪਰਾਗਤ ਚਿਕਿਤਸਾ ਵਿਧੀ ਹੈ। ਉੱਥੇ ਇਸਦੇ ਡਾਕਟਰਾਂ ਦੀ ਭਰਮਾਰ ਹੈ। ਉੱਚ ਵਰਗ ਦੇ ਜਰਮਨ ਇਸਦੇ ਪ੍ਰਸ਼ੰਸਕ ਹਨ। ਜਰਮਨੀ ਨੇ ਹੋਮਿਓਪੈਥੀ ਨੂੰ ਕਾਨੂੰਨੀ ਦਰਜ਼ਾ ਦੇ ਰੱਖਿਆ ਹੈ। ਜਿੱਥੇ ਹੋਰਨਾਂ ਬਹੁਤ ਸਾਰੀਆਂ ਪੈਥੀਆਂ ਨੂੰ ਵਿਗਿਆਨਿਕ ਮਾਪਦੰਡਾਂ ਉਪਰ ਖਰਾ ਉਤਰਨਾ ਪਿਆ ਹੈ, ਹੋਮਿਓਪੈਥੀ ਦੇ ਨਾਲ ਅਜਿਹੀ ਗੱਲ ਨਹੀਂ ਹੈ। ਇਸਦਾ ਇਲਾਜ਼



ਵਧੀਆ ਬੀਮਾ ਦੇ ਦਾਇਰੇ ਵਿੱਚ ਆਉਂਦਾ ਹੈ ਮੈਡੀਸਨ ਦੇ ਪ੍ਰੋਫੈਸਰ ਨੌੱਰਵਰਟ ਸਕਮੇਲੇ ਵਰਗੇ ਵਿਰੋਧੀ ਇਸਤੋਂ ਪਰੇਸ਼ਾਨ ਹਨ। ਉਹ ਕਹਿੰਦੇ

ਹਨ, ਜੇਕਰ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਾਣੀ ਵਿੱਚ ਯਾਦਾਸ਼ਤ ਹੁੰਦੀ ਹੈ, ਤਾਂ ਤੁਹਾਨੂੰ ਇੱਕ ਸਿੰਗ ਦੇ ਕਲਪਨਿਕ ਜਾਨਵਰ ਯੂਨਿਕੌਰਨ ਤੇ ਵੀ ਯਕੀਨ ਕਰਨਾ ਹੋਵੇਗਾ।

200 ਸਾਲ ਪਹਿਲਾਂ ਸੈਮੂਅਲ ਹੈਨੀਮੈਨ ਦੁਆਰਾ ਖ਼ੋਜ਼ ਕੀਤੇ ਜਾਣ ਤੋਂ ਬਾਅਦ ਅਜਿਹੇ ਮੁੱਦੇ ਉਠਾਏ ਜਾ ਰਹੇ ਹਨ। ਉਹ ਵਿਸ਼ਵਾਸ ਕਰਦੇ ਹਨ ਕਿ ਜ਼ਹਰੀਲੇ ਪਦਾਰਥ (ਟੌਕਿਸਨ) ਦੀ ਸੂਖਮ ਖੁਰਾਕਾਂ ਤੋਂ ਮਰੀਜ਼ ਠੀਕ ਹੋ ਸਕਦਾ ਹੈ। ਹੋਮੀਓਪੈਥੀ ਆਪਣੇ ਕੈਮੀਕਲ ਦੇ ਇੱਕ ਅੰਸ਼ ਦਾ ਅਰਬਾਂ ਜਾਂ ਖ਼ਰਬਾਂ ਹਿੱਸਾ ਪਾਣੀ ਜਾਂ ਸ਼ੱਕਰ ਵਿੱਚ ਮਿਲਾਉਂਦੇ ਹਨ। ਸਮਾਨਯਤ ਦਵਾ ਵਿੱਚ ਇੱਕ ਵੀ ਅਣੂ ਬਾਕੀ ਨਹੀਂ ਰਹਿ ਜਾਂਦਾ। ਫਿਰ ਵੀ, ਇਸ ਚਿਕਿਤਸਾ ਵਿਧੀ ਤੇ ਵਿਸ਼ਵਾਸ ਕਰਨ ਵਾਲੇ ਕਹਿੰਦੇ ਹਨ- ਇਹ ਘੋਲ ਦਵਾਈ ਨੂੰ ਅਸਰਦਾਰ ਬਣਾਉਂਦਾ ਹੈ, ਬਸ਼ਰਤੇ ਡਾਕਟਰ ਇਸਨੂੰ ਮਿਲਾਉਣ ਦੀ ਸਹੀ ਤਕਨੀਕ ਦਾ ਉਪਯੋਗ ਕਰੇ। ਹੋਮਿਓਪੈਥੀ ਦਾ ਪੁਨਰਜਨਮ 1970 ਵਿੱਚ ਸ਼ੁਰੂ ਹੋਇਆ, ਹੁਣ ਇੱਕ ਸਾਬਕਾ ਰਾਸ਼ਟਰਪਤੀ ਦੀ ਪਤਨੀ ਵੇਰੋਨਿਕਾ ਕਾਰਸਟੇਨਸ ਸਹਿਤ ਜਰਮਨ ਉੱਚ ਵਰਗ ਇਸਦਾ ਉਪਯੋਗ ਕਰਨ ਲੱਗਾ। ਹੋਮਿਓਪੈਥੀ ਦੇ ਅੰਤਰਰਾਸ਼ਟਰੀ ਪੱਧਰ ਉੱਪਰ ਪ੍ਰਸਾਰ ਦੇ ਨਾਲ ਵਿਵਾਦ ਵੀ ਖੜ੍ਹੇ ਹੋਣ ਲੱਗੇ। ਆਸਟ੍ਰੇਲੀਆ ਦੀ ਮੈਡੀਕਲ ਰਿਸਰਚ ਕਾਊਂਸਲ ਨੇ ਪਿਛਲੇ ਸਾਲ ਇਸਦਾ ਵਿਰੋਧ ਕੀਤਾ ਹੈ। ਬ੍ਰਿਟੇਨ ਅਤੇ ਸਿਵਟ੍ਰਜਰਲੈਂਡ ਵਿੱਚ ਬਹਿਸ ਚੱਲ ਰਹੀ ਹੈ।

ਕੁਝ ਲੋਕਾਂ ਨੂੰ ਪੂਰਾ ਵਿਸ਼ਵਾਸ ਹੈ, ਕਿ ਉਹਨਾਂ ਨੂੰ ਹੋਮਿਓਪੈਥੀ ਤੋਂ ਫਾਇਦਾ ਹੋਇਆ ਹੈ। ਕਿਸੇ ਚੀਜ਼ ਤੇ ਵਿਸ਼ਵਾਸ ਦੇ ਕਾਰਨ ਉਸਦਾ ਪ੍ਰਭਾਵ ਹੋਣ ਕਰਕੇ ਅਜਿਹਾ ਸੰਭਵ ਹੈ। ਫਿਰ ਵੀ ਸਕਮੇਕੇ ਸਹਿਤ ਜਰਮਨ ਪ੍ਰੋਫੈਸਰ ਅਤੇ ਡਾਕਟਰਾਂ ਦੇ ਸਮੂਹ ਨੇ ਘੋਸ਼ਣਾ-ਪੱਤਰ ਜਾਰੀ ਕੀਤਾ। ਉਹਨਾਂ ਦਾ ਤਰਕ ਹੈ- ਹੋਮਿਓਪੈਥੀ ਵਿਸ਼ਵਾਸ ਤੇ ਅਧਾਰਿਤ ਵਿਧੀ ਹੈ, ਜੋ ਮਰੀਜ਼ਾਂ ਡਾਕਟਰਾਂ ਦੇ ਆਪਣੇ ਆਪ ਨੂੰ ਧੋਖਾ ਦੇਣ ਤੇ ਨਿਰਭਰ ਕਰਦੀ ਹੈ। ਬ੍ਰੇਮੈਨ ਉਪਰ ਮਈ ਵਿੱਚ ਹੋਮਿਓਪੈਥੀ ਲੱਾਬੀ ਨੇ ਜਵਾਬੀ ਹਮਲਾ ਬੋਲਿਆ। ਹੋਮਿਓਪੈਥੀ ਦੇ ਪ੍ਰਭਾਵ ਤੇ ਇੱਕ ਰਿਸਰਚ ਪ੍ਰਕਾਸ਼ਿਤ ਕੀਤੀ ਗਈ। ਇਸ ਲੜਾਈ ਵਿੱਚ ਸਿਆਸੀ ਲੀਡਰ ਵੀ ਸਾਹਮਣੇ ਆਏ ਹਨ। ਪਬਲਿਕ ਹੈੱਲਥ ਇਸ਼ਯੋਰੇਂਸ ਕਮੇਟੀ ਦੇ ਚੇਅਰਮੈਨ ਯੋਸੇਫ ਹੇਕੇਨ ਨੇ ਕਿਹਾ- ਉਹ ਹੋਮਿਓਪੈਥੀ ਨੂੰ ਇੰਸ਼ਯੋਰੇਂਸ ਸੂਚੀ ਤੋਂ ਹਟਾਉਣ ਦੇ ਪੱਖ ਵਿੱਚ ਹਨ। ਦੂਜੇ ਪੱਖ ਵਿੱਚ ਹੋਮਿਓਪੈਥੀ ਲੱਾਬੀ ਦੀ ਨੇਤਾ ਕੌਨੇਲਿਯਾ ਬਾਜਿਕ ਕਹਿੰਦੀ ਹੈ- ਅਸੀਂ ਪਰੇਸ਼ਾਨ ਨਹੀਂ ਹਾਂ ਕਿਉਂਕਿ ਹੋਮਿਓਪੈਥੀ ਕੰਮ ਕਰਦੀ ਹੈ। ਵੱਡੀ ਗਿਣਤੀ ਵਿੱਚ ਇਲਾਜ਼ ਕਰਵਾਉਣ ਲਈ ਆਉਣ ਵਾਲੇ ਲੋਕ ਵੀ ਅਜਿਹਾ ਹੀ ਸੋਚਦੇ ਹਨ।



ਪ੍ਰਕਿਰਤੀ ਮੰਨਦੇ ਹੋਏ ਰੱਖਿਆ ਗਿਆ। ਉਹਨਾਂ ਨੇ ਕਿਹਾ, 'ਇਸ ਸੰਸਕਾਰ ਨਾਲ ਜਯਾ ਨੂੰ ਮੁਕਤੀ ਪ੍ਰਾਪਤ ਹੋਵੇਗੀ।' ਸੰਸਕਾਰ ਨਾਲ ਜੁੜੇ ਹੋਏ ਕੁਝ ਹੋਰ ਕ੍ਰਮ ਅਜੇ ਵੀ ਬਾਕੀ ਹਨ। ਜਿਹੜੇ ਅਗਲੇ ਪੰਜ ਦਿਨਾਂ ਤੱਕ ਪੂਰੇ ਕੀਤੇ ਜਾਣਗੇ।

**ਮੇਰੀ ਭੈਣ ਨਾਸਤਿਕ ਸੀ, ਜਿਸਨੂੰ ਦਫ਼ਨਾਇਆ ਗਿਆ:** ਜੈਲਲਿਤਾ ਦਾ ਸੌਤੇਲਾ ਭਰਾ ਵਰਦਰਾਜੂ ਮੁੱਖ ਤੌਰ ਤੇ ਇਹਨਾਂ ਰਸਮਾਂ ਵਿੱਚ ਸ਼ਾਮਿਲ ਰਿਹਾ। ਉਸਨੇ ਕਿਹਾ ਪਾਰਟੀ ਨੂੰ ਜੈਲਲਿਤਾ ਦੀਆਂ ਮੰਨਤਾਵਾਂ ਦਾ ਸਨਮਾਨ ਕਰਨਾ ਚਾਹੀਦਾ ਸੀ। ਉਹ ਵੱਖਰੀ ਗੱਲ ਹੈ ਕਿ ਮੇਰੀ ਭੈਣ ਨਾਸਤਿਕ ਸੀ, ਉਹ ਹਿੰਦੂ ਤਿਉਹਾਰਾਂ ਅਤੇ ਮੰਨਤਾਵਾਂ ਨੂੰ ਨਹੀਂ ਮੰਨਦੀ ਸੀ, ਕਿਉਂ ਉਸਦੀ ਪਾਰਟੀ ਨੇ ਉਸਨੂੰ ਦਫਨਾਉਣ ਦਾ ਫੈਸਲਾ ਕੀਤਾ? ਉਸਦੇ ਅੰਤਿਮ ਸੰਸਕਾਰ ਤੋਂ ਸਾਨੂੰ ਦੂਰ ਕਿਉਂ ਰੱਖਿਆ ਗਿਆ।' ਜੈਲਲਿਤਾ ਦੇ ਮੈਸੂਰ ਅਤੇ ਮੇਲੂਕੋਟੇ ਵਾਲੇ ਭਤੀਜੇ ਨੇ ਵੀ ਰਸਮਾਂ ਵਿੱਚ ਹਿੱਸਾ ਲੈ ਕੇ ਦੁੱਖ ਜਾਹਿਰ ਕੀਤਾ ਉਹ ਵਰਦਰਾਜੂ ਦੇ ਨਾਲ ਦਾਹ ਸੰਸਕਾਰ ਵਿੱਚ ਸ਼ਾਮਿਲ ਰਿਹਾ।

**ਜਯਾ ਨੂੰ ਕਿਉਂ ਦਫਨਾਇਆ ਗਿਆ?**

ਜੈਲਲਿਤਾ ਦੇ ਨਜ਼ਦੀਕੀ ਲੋਕਾਂ ਦੇ ਮੁਤਾਬਿਕ, 'ਅੱਮਾ' ਕਿਸੇ ਜਾਤੀ ਅਤੇ ਧਾਰਮਿਕ ਪਹਿਚਾਣ ਤੋਂ ਪਰੇ ਸੀ, ਇਸ ਲਈ ਪੇਰਿਯਾਰ, ਅੰਨਾ ਦੁਰਈ ਅਤੇ ਐਮ. ਜੀ. ਆਰ. ਵਰਗੇ ਜਯਾਦਾਤਰ ਵੱਡੇ ਦ੍ਰਿੜ ਨਾਸਤਿਕ ਨੇਤਾਵਾਂ ਦੀ ਤਰ੍ਹਾਂ ਉਸਦੇ ਸਰੀਰ ਨੂੰ ਵੀ ਦਫਨਾਉਣ ਦਾ ਫੈਸਲਾ ਕੀਤਾ ਗਿਆ।

ਇਸਦੇ ਨਾਲ ਵੱਡੇ ਦ੍ਰਵਿਡ ਨੇਤਾਵਾਂ ਨੂੰ ਦਫਨਾਉਣ ਦਾ ਇੱਕ ਕਾਰਣ ਇਹ ਵੀ ਸੀ ਕਿ ਉਹ ਘੋਸ਼ਿਤ ਤੌਰ ਤੇ ਨਾਸਤਿਕ ਸਨ, ਨਾਸਤਿਕਤਾ ਦ੍ਰਵਿਡ ਅੰਦੋਲਨ ਦੀ ਇੱਕ ਅਹਿਮ ਪਹਿਚਾਣ ਹੈ, ਜਿਸਨੇ ਬ੍ਰਾਹਮਣਵਾਦ ਨੂੰ ਖਾਰਿਜ ਕੀਤਾ, ਕਿਉਂਕਿ ਉਸ ਸਮੇਂ ਸਰੀਰ ਦਾਨ ਕਰਨ ਦੀ ਪਰੰਪਰਾ ਨਹੀਂ ਸੀ ਅਤੇ ਨਾ ਹੀ ਕੋਈ ਹਸਪਤਾਲ ਸਰੀਰ ਲੈਂਦਾ ਸੀ ਨਾ ਹੀ ਕੋਈ ਸਰੀਰ ਦਾਨ ਕਰਦਾ ਸੀ। ਦ੍ਰਵਿਡ ਨੇਤਾ (ਮੂਲ ਨਿਵਾਸੀ) ਸਿਧਾਂਤਕ ਰੂਪ ਤੋਂ ਭਗਵਾਨ ਅਤੇ ਹੋਰ ਪ੍ਰਤੀਕਾਂ ਵਿੱਚ ਯਕੀਨ ਨਹੀਂ ਰੱਖਦੇ ਸੀ। ਇਸ ਤਰ੍ਹਾਂ ਦ੍ਰਵਿਡ ਅਨਦੋਲਨ ਦੇ ਵੱਡੇ ਨੇਤਾਵਾਂ ਨੇ ਉਦੋਂ ਕਿਸੇ ਵੀ ਰੀਤਿ ਰਿਵਾਜ ਤੋਂ ਪਿੱਛੇ ਹੱਟਕੇ ਮ੍ਰਿਤਕ ਦੇਹ ਨੂੰ ਬਿਨਾਂ ਕਿਸੇ ਰੀਤੀ ਰਿਵਾਜ ਦੇ ਉਸ ਨੂੰ ਦਫਨਾਉਣ ਦੀ ਪਰੰਪਰਾ ਹੈ। ਇਸ ਨੂੰ ਜੈਲਲਿਤਾ ਨੇ ਵੀ ਜਿਉਂਦੇ ਜੀ ਆਪਣੇ ਦ੍ਰਵਿਡ ਨੇਤਾਵਾਂ ਜਾਂ ਮੂਲ ਨਿਵਾਸੀਆਂ ਦੇ ਸਿਧਾਂਤਕ ਰੂਪ ਤੋਂ ਭਗਵਾਨ ਅਤੇ ਹੋਰ ਪ੍ਰਤੀਕਾਂ ਵਿੱਚ ਯਕੀਨ ਨਾ ਰੱਖਦੇ ਹੋਏ ਇਸ ਪਰੰਪਰਾ ਨੂੰ ਉਹਨਾਂ ਦੀ ਤਰ੍ਹਾਂ ਅੱਗੇ ਵਧਾਉਣ ਨੂੰ ਕਿਹਾ।

## ✪ ਮੁੱਕਤੀ ਦਿਵਾਉਣ ਲਈ ਦੋਬਾਰਾ ਕੀਤਾ ਗਿਆ ਜੈਲਲਿਤਾ ਦਾ ਅੰਤਿਮ ਸੰਸਕਾਰ

ਤਮਿਲਨਾਡੂ ਦੀ ਸਾਬਕਾ ਮੁੱਖ ਮੰਤਰੀ ਜੈਲਲਿਤਾ ਦੇ ਦੇਹਾਂਤ ਨੂੰ ਅਜੇ 10 ਦਿਨ ਵੀ ਨਹੀਂ ਹੋਏ ਅਤੇ ਉਹਨਾਂ ਦੇ ਬਾਰੇ ਵਾਦ ਵਿਵਾਦ ਦੀਆਂ ਖ਼ਬਰਾਂ ਆਉਣੀਆਂ ਸ਼ੁਰੂ ਹੋ ਗਈਆਂ। ਜਾਣਕਾਰੀ ਦੇ ਮੁਤਾਬਿਕ ਜੈਲਲਿਤਾ ਨੂੰ 'ਮੁੱਕਤੀ' ਪ੍ਰਾਪਤ ਹੋਵੇ, ਇਸ ਲਈ ਉਸਦੇ ਰਿਸ਼ਤੇਦਾਰਾਂ ਨੇ ਮੰਗਲਵਾਰ ਨੂੰ ਉਸ ਦਾ ਹਿੰਦੂ ਰੀਤੀ-ਰਿਵਾਜ਼ਾ ਨਾਲ ਅੰਤਿਮ ਸੰਸਕਾਰ ਕੀਤਾ। ਰਿਸ਼ਤੇਦਾਰਾਂ ਦਾ ਮਨਣਾ ਹੈ ਕਿ ਜੈਲਲਿਤਾ ਨੂੰ ਦਫ਼ਨਾਇਆ ਗਿਆ, ਨਾ ਕਿ ਉਸਦਾ ਦਾਹ ਸੰਸਕਾਰ ਕੀਤਾ ਗਿਆ, ਇਸ ਲਈ 'ਮੋਕਸ਼' ਪ੍ਰਾਪਤੀ ਦੇ ਲਈ ਮੰਗਲਵਾਰ ਨੂੰ ਸ਼੍ਰੀਰੰਗਪਟਨਾ 'ਚ ਕਾਵੇਰੀ ਨਦੀ ਦੇ ਤਟ ਤੇ ਉਸਦਾ ਦਾਹ ਸੰਸਕਾਰ ਕੀਤਾ ਗਿਆ। ਦਾਹ ਸੰਸਕਾਰ ਵਿੱਚ ਜਯਾ ਦੀ ਦੇਹ ਦੀ ਥਾਂ ਤੇ ਇੱਕ ਗੁੱਡੀ ਨੂੰ ਉਸਦੀ

## ✪ ਅੰਧਵਿਸ਼ਵਾਸੀ ਪਾਖੰਡੀ ਟੀਵੀ ਚੈਨਲਾਂ ਤੇ ਬੈਨ:

ਨੇਪਾਲ ਦੇ ਪ੍ਰਧਾਨ ਮੰਤਰੀ ਸ਼੍ਰੀ ਓ ਪੀ ਔਲੀ ਜੀ ਨੇ ਭਾਰਤ ਦੇ ਸਾਰੇ ਵਿਕਾਊ ਬ੍ਰਾਹਮਣੀ ਅੰਧਵਿਸ਼ਵਾਸੀ ਪਾਖੰਡੀ ਟੀਵੀ ਚੈਨਲਾਂ ਤੇ ਬੈਨ ਲਗਾ ਦਿੱਤਾ ਹੈ। ਜਿਸਦਾ ਮੂਲ ਕਾਰਨ ਇਹਨਾਂ ਚੈਨਲਾਂ ਵੱਲੋਂ ਦਿਨ ਰਾਤ ਅੰਧਵਿਸ਼ਵਾਸ ਨੂੰ ਬੜਾਵਾ ਦੇਣਾ ਹੈ।

ਕੁਬੇਰ ਲੱਛਮੀ ਧੰਨ ਵਰਸ਼ਾ ਯੰਤਰ, ਹਨੂਮਾਨ ਰਕਸ਼ਾ ਕੱਵਚ ਆਦਿ! ਨੇਪਾਲ ਦੇ ਪ੍ਰਧਾਨ ਮੰਤਰੀ ਭਲੀ ਭਾਂਤੀ ਜਾਨਦੇ ਹਨ ਕਿ ਜੇ ਧੰਨ ਵਰਸ਼ਾ ਯੰਤਰ ਏਨਾ ਕਾਰਗਰ ਹੁੰਦਾ ਤਾਂ ਭਾਰਤ ਦੇ 20 ਕਰੋੜ ਲੋਕ ਭੁੱਖ ਨਾਲ ਨਾ ਮਰਦੇ। ਜੇ ਹਨੂਮਾਨ ਰਕਸ਼ਾ ਯੰਤਰ ਏਨਾ ਫਾਇਦੇਮੰਦ ਹੁੰਦਾ ਤਾਂ ਭਾਰਤ ਦੇ ਸਾਰੇ ਰਾਜਨੇਤਾਵਾਂ ਨੂੰ Z+ ਜਾਂ Y ਸ਼੍ਰੇਣੀ ਦੀ ਸੁਰੱਖਿਆ ਲੈਣ ਦੀ ਲੋੜ ਨਹੀਂ ਸੀ, ਗਲ ਵਿੱਚ ਹਨੂਮਾਨ ਰਕਸ਼ਾ ਕਵਚ ਲਟਕਾ ਲੈਂਦੇ।



# ਨਾ ਇਹ ਗੁੰਝਲਦਾਰ ਬੁਝਾਰਤ ਨਾ ਹੀ ਗੋਰਖਧੰਧਾ

ਕੀ ਮਨੁੱਖ ਨੂੰ ਵਾਕਿਆ ਹੀ ਧਰਮ ਜਾਂ ਰੱਬ ਦੀ ਜਰੂਰਤ ਹੈ- ?

ਸਾਡੇ ਸਮੇਂ ਦਾ ਸੱਭ ਤੋਂ ਵੱਡਾ ਸਵਾਲ
ਕਮਿਊਨਿਜ਼ਮ ਬਨਾਮ ਵਿਅੱਕਤੀਵਾਦ ਨਹੀਂ,
ਨਾ ਹੀ ਯੂਰਪ ਬਨਾਮ ਅਮਰੀਕਾ ਜਾਂ ਪੂਰਬ ਬਨਾਮ ਪੱਛਮ ਹੈ,
ਸਵਾਲ ਇਹ ਹੈ ਕਿ
ਕੀ ਮਨੁੱਖ ਰੱਬ ਤੋਂ ਬਿਨਾ ਜਿਉਣ ਦਾ ਹੌਸਲਾ ਕਰ ਸਕਦਾ ਹੈ??-ਵਿਲ ਡਰਾਂਟ

ਧਰਮ ( ਮਜ਼ਹਬ) ਅਫੀਮ ਹੈ ,ਜੋ ਮਨੁੱਖ ਨੂੰ ਨਸ਼ੇੜੀ ਬਣਾਉਂਦਾ ਹੈ। ਇਸ ਦਾ ਤਿਆਗ ਕਰਕੇ ਹੀ ਆਦਮੀ ਸਾਫ ਸੁਥਰਾ ਅਤੇ ਲੋਕ ਹਿਤ ਵਾਲਾ ਜੀਵਨ ਜਿਉਂ ਸਕਦਾ ਹੈ। ਕਾਰਲ ਮਾਰਕਸ

--------

ਇਹ ਸਵਾਲ ਸਭ ਤੋਂ ਅਹਿਮ ਹੈ ਕਿ ਕੀ ਮਨੁੱਖ ਨੂੰ ਵਾਕਿਆ ਹੀ ਕਿਸੇ ਧਰਮ ਜਾਂ ਰੱਬ ਦੀ ਜਰੂਰਤ ਹੈ? ਅੱਜ ਤੋਂ ਅੱਧੀ ਸਦੀ ਪਹਿਲਾਂ ਪ੍ਰੋ: ਮੋਹਨ ਸਿੰਘ ਦੀ ਰੁਬਾਈ ਬਹੁਤ ਮਸ਼ਹੂਰ ਹੋਈ-'ਰੱਬ ਇੱਕ ਗੁੰਝਲਦਾਰ ਬੁਝਾਰਤ, ਰੱਬ ਇਕ ਗੋਰਖਧੰਧਾ,'ਇਹਦੇ 'ਚ ਉਹਨਾਂ ਨੇ ਲਾਈਲੱਗ ਮੋਮਨਾਂ ਨਾਲੋਂ ਕਾਫਰ ਖੋਜ਼ੀਆਂ ਦੀ ਵਡਿਆਈ ਕੀਤੀ ਸੀ। ਅੱਧੀ ਸਦੀ ਬਾਦ ਹੁਣ ਬਹੁਤ ਕੁਝ ਸਪੱਸ਼ਟ ਹੋ ਚੁੱਕਿਆ ਹੈ। ਇਸ ਲਈ ਮੈਂ ਇਸ ਰੁਬਾਈ ਨੂੰ ਅੱਜ ਦੇ ਹਿਸਾਬ ਨਾਲ ਇਸ ਤਰ੍ਹਾਂ ਲਿਖਿਆ ਹੈ ' ਨਾ ਰੱਬ ਗੁੰਝਲਦਾਰ ਬੁਝਾਰਤ ,ਨਾ ਇਹ ਗੋਰਖਧੰਧਾ। ਆਪਣੇ ਮਨ ਦੇ ਡਰ 'ਚੋਂ ਹੀ ਰੱਬ ਸਿਰਜ ਲੈਂਦਾ ਹੈ ਬੰਦਾ। ਭਾਈ ,ਪੰਡਿਤ ,ਮੁੱਲਾਂ ਇਹ ਡਰ ਹੋਰ ਵਧਾਉਂਦੇ ਰਹਿੰਦੇ ,ਇਸੇ ਆਸਰੇ ਚਲਦਾ ਵਿਹਲੜ ਸ਼ੈਤਾਨਾਂ ਦਾ ਧੰਧਾ। ' ਰੱਬ ਜਾਂ ਧਰਮ ਡਰ ਦਾ ਬਿਜ਼ਨਿਸ (ਵਪਾਰ) ਹੈ। ਉਰਦੂ ਦਾ ਸ਼ੇਅਰ ਹੈ ਕਿ ' ਆਦਮੀ ਕੇ ਜ਼ਿਹਨ ਮੇਂ ਥਾ ਇਕ ਭਿਆਨਕ ਖ਼ੌਫ਼ ,ਉਸਕਾ ਕਿਸੀ ਨੇ ਖੁਦਾ ਨਾਮ ਰੱਖ ਦੀਆ। ' ਸਿਕੰਦਰ ਮਹਾਨ ਦੇ ਹਮਲੇ ਤੋਂ ਪਹਿਲਾਂ ਭਾਰਤ 'ਚ ਰੱਬ ਦਾ ਕਿਤੇ ਕੋਈ ਜ਼ਿਕਰ ਨਹੀਂ ਮਿਲਦਾ। ਰਿਗ ਵੇਦ ਕਿਉਂਕਿ ਸਿਕੰਦਰ ਦੀ ਆਮਦ ਤੋਂ ਪਹਿਲਾਂ ਰਚਿਆ ਗਿਆ ਸੀ ,ਇਸ ਲਈ ਉਸ ਵਿਚ ਰੱਬ ਦਾ ਕੋਈ ਜ਼ਿਕਰ ਨਹੀ। ਇਸ ਵਿਚ ਸਿਰਫ ਦੇਵਤਿਆਂ ਦਾ ਜ਼ਿਕਰ ਹੈ ਅਤੇ ਸੁਰ -ਅਸੁਰ ( ਆਰੀਅਨ-ਦਰਾਵੜ) ਦੀਆਂ ਲੜਾਈਆਂ ਦਾ ਜ਼ਿਕਰ ਹੈ। ( ਰਿਗ ਵੇਦ ਦਾ ਲਿਖਾਰੀ ਕੋਈ ਇਕ ਨਹੀਂ ,ਇਹ ਸੈਂਕੜੇ ਆਰੀਅਨ ਰਿਸ਼ੀਆਂ( ਬ੍ਰਹਿਮਣਾਂ) ਦੇ ਸਲੋਕਾਂ ਦਾ ਸੰਗ੍ਰਿਹ ਹੈ ਜਿਸਨੂੰ ਬਾਅਦ 'ਚ ਸੰਪਾਦਤ ਕਰਕੇ ਸੰਗ੍ਰਿਹ ਕੀਤਾ ਗਿਆ। ਯਹੂਦੀਆਂ ਦੇ ਪੈਗੰਬਰ ਮੂਸਾ ਨੇ ਸਭ ਤੋਂ ਪਹਿਲਾਂ ਰੱਬ ਦੀ ਕਲਪਨਾ ਕੀਤੀ ਕਿ ਦੇਵਤਿਆਂ ਤੋਂ ਉਪਰ ਇਕ ਰੱਬ ਵੀ ਹੈ। ਇਕ ਰੱਬ ਦਾ ਇਹ ਸਿਧਾਂਤ ਲੈਕੇ ਹੀ ਸਿਕੰਦਰ ਭਾਰਤ ਆਇਆ ਅਤੇ ਫਿਰ ਰੱਬਾਂ ਦਾ ਜਿਵੇਂ ਹੜ੍ਹ ਹੀ ਆ ਗਿਆ, ਸਭ ਨੇ ਆਪੋ ਆਪਣੇ ਰੱਬ ਸਿਰਜ ਲਏ। ਮਰਦ ਪ੍ਰਧਾਨ ਸਮਾਜ ਹੋਣ ਕਾਰਨ ਸਭ ਨੇ ਰੱਬ ਦੀ ਕਲਪਨਾ ਮਰਦ ਦੇ ਰੂਪ 'ਚ ਹੀ ਕੀਤੀ। ਜੇ ਕਿਤੇ ਇਸਤਰੀ ਪ੍ਰਧਾਨ ਸਮਾਜ ਹੁੰਦਾ ਤਾਂ ਰੱਬ ਦੀ ਕਲਪਨਾ ਇਸਤਰੀ ਦੇ ਰੂਪ 'ਚ ਹੀ ਕੀਤੀ ਜਾਣੀ ਸੀ।



ਅਮਰਜੀਤ ਢਿੱਲੋਂ
ਦਬੜ੍ਹੀਖਾਨਾ

ਈਸਾ ਮਸੀਹ ਤੋਂ ਤਕਰੀਬਨ ਅੱਠ ਕੁ ਹਜਾਰ ਸਾਲ ਪਹਿਲਾਂ ਮਨੁੱਖੀ ਸੱਭਿਅਤਾ ਦੀ ਸ਼ੁਰੂਆਤ ਹੋਈ,ਜਦੋਂ ਮਨੁੱਖ ਖੇਤੀ ਕਰਨ ਲੱਗਿਆ। ਉਸਤੋਂ ਪਹਿਲਾਂ ਮਨੁੱਖ ਇਕ ਪਸ਼ੂ ਸੀ ਅਤੇ ਦੂਜੇ ਪਸ਼ੂਆਂ ਵਾਂਗ ਹੀ ਜੰਗਲਾਂ 'ਚ ਵਿਚਰਦਾ ਸੀ। ਉਹ ਬਹੁਤਾ ਸਮਾਂ ਰੁੱਖਾਂ 'ਤੇ ਬੈਠ ਕੇ ਬਤੀਤ ਕਰਦਾ। ਜਦੋਂ ਮਨੁੱਖ ਰੁੱਖ ਤੋਂ ਹੇਠਾਂ ਉਤਰਿਆ , ਦੋ ਪੈਰਾਂ 'ਤੇ ਤੁਰਨ ਲੱਗਾ ਅਤੇ ਉਸਨੇ ਅਗਲੇ ਪੈਰਾਂ ਦੀ ਵਰਤੋਂ ਹੱਥਾਂ ਦੇ ਤੌਰ 'ਤੇ ਸ਼ੁਰੂ ਕੀਤੀ ਤਾਂ ਮਨੁੱਖ ਦੂਜੇ ਜਾਨਵਰਾਂ ਨਾਲੋਂ ਵੱਖਰਾ ਹੋ ਗਿਆ ਅਤੇ ਇਥੋਂ ਹੀ ਕਿਰਤ ਦੀ ਸ਼ੁਰੂਆਤ ਹੋਈ। ਅਸਲ ਵਿਚ ਕਿਰਤ ਹੀ ਮਨੁੱਖੀ ਸੱਭਿਅਤਾ ਦੀ ਸ਼ੁਰੂਆਤ ਹੈ। ਕਿਰਤ ਦੀ ਲੁਟ ਲਈ ਇਕ ਨਵੀਂ ਲੁਟੇਰੀ ਜਮਾਤ ਹੋਂਦ ਆਈ 'ਚ ਆਈ। ਬਕੌਲ ਪ੍ਰੋ: ਮੋਹਨ ਸਿੰਘ ' ਦੋ ਧੜਿਆਂ 'ਚ ਖ਼ਲਕਤ ਵੰਡੀ ਇਕ ਲੋਕਾਂ ਦਾ ਇਕ ਜੋਕਾਂ ਦਾ ' । ਇਹ ਜੋਕਾਂ ( ਲੁਟੇਰੀ ਜਮਾਤ) ਹੀ ਹਮੇਸ਼ਾ ਧਰਮ ਨੂੰ ਕਵੱਚ ਦੇ ਤੌਰ 'ਤੇ ਵਰਤਦੀਆਂ ਆ ਰਹੀਆਂ ਹਨ। ਸੱਭਿਅਤਾ ਦੇ ਸ਼ੁਰੂਆਤੀ ਦੌਰ 'ਚ ਅਸਮਾਨੀ ਬਿਜਲੀ ,ਮੀਂਹ,ਹਨੇਰੀ ,ਗੜ੍ਹੇ ,ਤੂਫਾਨ , ਭੁਚਾਲ ,ਹੜ੍ਹ ਅਤੇ ਹੋਰ ਕੁਦਰਤੀ ਆਫ਼ਤਾਂ ਮਨੁੱਖ ਦੇ ਮਨ 'ਚ ਡਰ ਦਾ ਸੰਚਾਰ ਕਰਦੀਆਂ ਰਹੀਆਂ ਅਤੇ ਇਸ ਡਰ 'ਚੋਂ ਦੇਵਤਿਆਂ ਦੀ ਉਤਪਤੀ ਹੁੰਦੀ ਰਹੀ। ਮੀਂਹ ਲਈ ਇੰਦਰ ਦੇਵਤਾ,ਹੜ੍ਹ ਲਈ ਖਵਾਜਾ ਪੀਰ,ਹਨੇਰੀ ਲਈ ਪੌਣ ਦੇਵਤਾ ਇਥੋਂ ਤੱਕ ਕਿ ਸੱਪ ਦੇ ਡਰ ਨੇ ਵੀ ਸੱਪ ਨੂੰ ਦੇਵਤਾ ਬਣਾ ਦਿਤਾ ਅਤੇ ਲੋਕ ਸੱਪ ਦੀ ਖੁੱਡ ਅੱਗੇ ਦੁੱਧ ਰੱਖਣ ਲੱਗੇ ਹਾਲਾਂਕਿ ਸੱਪ ਮਾਸਾਹਾਰੀ ਜਾਨਵਰ ਹੈ ਅਤੇ ਪਾਟੀ ਜੀਭ ਕਾਰਨ ਦੁੱਧ ਪੀ ਹੀ ਨਹੀਂ ਸਕਦਾ।

ਜੀਵ ਵਿਕਾਸ ਦੇ ਸਿਧਾਂਤ ਅਨੁਸਾਰ 40 ਲੱਖ ਸਾਲ ਪਹਿਲਾਂ ਮਨੁੱਖ ਇਸ ਧਰਤੀ 'ਤੇ ਪੈਦਾ ਹੋ ਚੁਕਿਆ ਸੀ। ਜਦੋਂ ਮਨੁੱਖ ਦੇ ਦਿਮਾਗ 'ਚ ਸੋਚਾਂ ਦੀਆਂ ਕਰੂੰਬਲਾਂ ਫੁਟਣ ਲੱਗੀਆਂ ਤਾਂ 40 ਕੁ ਹਜਾਰ ਵਰ੍ਹੇ ਡਰ 'ਚੋਂ ਹੀ ਧਰਮ ਦੀ ਸ਼ੁਰੂਆਤ ਹੋਈ ਅਤੇ 3 ਹਜਾਰ ਸਾਲ ਪਹਿਲਾਂ ਰੱਬ ਦੀ ਕਾਢ ਕੱਢੀ ਗਈ। 39 ਲੱਖ 60 ਹਜਾਰ ਵਰ੍ਹੇ ਪਹਿਲਾਂ ਮਨੁੱਖ ਧਰਮ ਤੋਂ ਬਿਨਾਂ ਅਤੇ 39 ਲੱਖ 97 ਹਜਾਰ ਵਰ੍ਹੇ ਪਹਿਲਾਂ ਮਨੁੱਖ ਰੱਬ ਤੋਂ ਬਿਨਾਂ ਹੀ ਸਾਰਦਾ ਰਿਹਾ । ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਧਰਮ ਅਤੇ ਰੱਬ ਦਾ ਜਨਮ ਮਨੁੱਖੀ ਅਗਿਆਨ ਅਤੇ ਡਰ 'ਚੋਂ ਪੈਦਾ ਹੋਇਆ।

ਜਦੋਂ ਇਸ ਡਰ ਅਤੇ ਅਗਿਆਨ 'ਚੋਂ ਲਾਹਾ ਮਿਲਣ ਲੱਗਾ ਤਾਂ ਸ਼ੈਤਾਨ ਲੋਕਾਂ ਅਸਲ 'ਚ ਜੋਕਾਂ ( ਪ੍ਰੋਹਿਤਾਂ ਪੁਜਾਰੀਆਂ ) ਨੇ ਇਸ ਡਰ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਤਾਂ ਕਿ ਇਸ ਡਰ ਅਤੇ ਅਗਿਆਨ ਦੇ ਬਿਜ਼ਨਿਸ ਰਾਹੀਂ ਉਹ ਵਿਹਲੇ ਰਹਿ ਕੇ ਐਸ਼ ਕਰ ਸਕਣ। 2600 ਸਾਲ ਪਹਿਲਾਂ ਭਾਰਤ 'ਚ ਸਿਧਾਰਥ ਗੌਤਮ

ਬੁੱਧ ਨੇ ਕਿਹਾ ਕਿ ਸੀ ਕਿ ਰੱਬ ਦੀ ਕੋਈ ਹੋਂਦ ਨਹੀਂ ਅਤੇ ਅਗਲਾ ਪਿਛਲਾ ਜਨਮ ਸਭ ਝੂਠ ਹਨ ਪਰ ਗੌਤਮ ਦੇ 600 ਸਾਲ ਬਾਦ ਉਸਦੇ ਪੈਰੋਕਾਰਾਂ 'ਚ ਜਦੋਂ ਪ੍ਰੋਹਿਤਾਂ ਪੁਜਾਰੀਆਂ ਵਾਲੀਆਂ ਕੁਰੀਤੀਆਂ ਆਉਣੀਆਂ ਸ਼ੁਰੂ ਹੋਈਆਂ ਤਾਂ ਖਤਮ ਹੋ ਚੁਕੇ ਬ੍ਰਹਿਮਣ ਸਮਾਜ ਨੇ ਫਿਰ ਸ਼ੰਕਰ ਅਚਾਰੀਆ ਦੀ ਅਗਵਾਈ 'ਚ ਜਥੇਬੰਦ ਹੋ ਕੇ ਬੋਧੀਆਂ 'ਤੇ ਭਿਆਨਕ ਹਮਲੇ ਕੀਤੇ। ਬੁੱਧ ਧਰਮ ਨੂੰ ਤਹਿਸ ਨਹਿਸ ਕਰਨ ਤੋਂ ਬਾਦ ਉਹਨਾਂ ਨੇ 84 ਲੱਖ ਜੂਨਾਂ,ਅਗਲਾ ਪਿਛਲਾ ਜਨਮ , ਨਰਕਾਂ ਦੇ ਡਰਾਵੇ ਅਤੇ ਸੁਰਗਾਂ ਦੇ ਲਾਲਚ ਪੈਦਾ ਕਰਨ ਬਾਰੇ ਗਰੰਥ ਲਿਖੇ। ਵੇਦ ਵਿਆਸ ਇਸ ਕੰਮ ਲਈ ਅਨੇਕਾਂ ਪੁਰਾਣ ਲਿਖੇ ਅਤੇ ਸੰਪਾਦਤ ਕੀਤੇ । ਕ੍ਰਿਸ਼ਨ ਭਗਵਾਨ ਦਾ ਕਲਪਿਤ ਪਾਤਰ ਸਿਰਜ ਕੇ ਗੀਤਾ ਦੀ ਰਚਨਾ ਕੀਤੀ ਅਤੇ ਜਾਤ ਵਰਣ ਨੂੰ ਪੱਕੇ ਪੈਰੀਂ ਕੀਤਾ। ਮੰਨੂ ਨੇ ਮੰਨੂ ਸਿਮਰਤੀ ਰਾਹੀਂ ਗਲਾਮ ਬਣਾਏ ਦਰਾਵੜਾਂ ਨੂੰ ਸ਼ੂਦਰ ਦਾ ਦਰਜਾ ਦਿਤਾ ਅਤੇ ਉਹਨਾਂ ਦੇ ਸਭ ਹੱਕ ਖਤਮ ਕਰ ਦਿਤੇ।



ਜੀਵਨ ਦੀ ਉਤਪਤੀ ਨੂੰ ਅਸੀਂ ਸੰਖੇਪ 'ਚ ਇਸ ਤਰ੍ਹਾਂ ਲੈ ਸਕਦੇ ਹਾਂ, ਸਭ ਤੋਂ ਪਹਿਲਾਂ ਜੀਵਨਦਾਇਕ ਤੱਤਾਂ ਨੇ ਰਸਾਇਣਕ ਕ੍ਰਿਆ ਰਾਹੀਂ ਸੈਲ ( ਕੋਸ਼ਕਾ) ਦਾ ਰੂਪ ਧਾਰਨ ਕੀਤਾ। ਸੈਲ 'ਚ ਇਹ ਗੁਣ ਹੈ ਕਿ ਇਹ ਵਿਚਕਾਰੋਂ ਟੁੱਟ ਕੇ ਆਪਣੇ ਵਰਗਾ ਹੋਰ ਸੈਲ ਬਣਾ ਲੈਂਦਾ ਹੈ। ਜਿਹੜੇ ਵਾਤਾਵਰਣ 'ਚ ਰਹਿੰਦਾ ਹੈ, ਉਥੇ ਜਿਉਂਦੇ ਰਹਿਣ ਦੀਆਂ ਜਾਣਕਾਰੀਆਂ ਆਪਣੇ ਜੀਨ 'ਚ ਇਕੱਠੀਆਂ ਕਰਦਾ ਰਹਿੰਦਾ ਹੈ। ਆਪਣੇ ਜੀਨ 'ਚ ਲਗਾਤਾਰ ਸੁਧਾਰ ਕਰਕੇ ਆਪਣੀ ਅਗਲੀ ਪੀੜ੍ਹੀ ਨੂੰ ਦਿੰਦਾ ਰਹਿੰਦਾ ਹੈ। ਸਮਾਂ ਬੀਤਣ ਨਾਲ ਸੈਲ ਹੋਰ ਗੁੰਝਲਦਾਰ ਹੁੰਦਾ ਗਿਆ ਅਤੇ ਉਸਨੇ ਵਾਤਾਵਰਣ ਅਨੁਸਾਰ ਆਪਣੇ ਆਪ ਨੂੰ ਢਾਲਣਾ ਸਿੱਖ ਲਿਆ। ਸੈਲਾਂ ਨੇ ਰਸਾਇਣਕ ਕ੍ਰਿਆ ਦੁਆਰਾ ਸਮੂਹ ਨਾਲ ਜੁੜਨਾ ਸਿੱਖ ਲਿਆ ਅਤੇ ਸਰੀਰ ਸਮੂਹ ਦੇ ਸਾਰੇ ਸੈਲਾਂ ਨੂੰ ਚਲਾਉਣ ਲਈ ਨਰਵਿਸ ਸਿਸਟਮ (ਦਿਮਾਗ) ਦੀ ਰਚਨਾ ਕੀਤੀ। ਸੈਲਾਂ ਨੇ ਆਪਣੇ ਮਾਹੌਲ ਅਨੁਸਾਰ ਅੰਗਾਂ ਦੀ ਉਤਪਤੀ ਕੀਤੀ ਜਿਸ ਨਾਲ ਮਲਟੀਸੈਲਰ (ਬਹੁਕੋਸ਼ਕੀ) ਜੀਵ ਪੈਦਾ ਹੋਣ ਲੱਗੇ। ਸਭ ਤੋਂ ਪਹਿਲਾਂ ਪਾਣੀ ਵਾਲੇ ਜੀਵ ਹੋਂਦ 'ਚ ਆਏ ਅਤੇ ਹੌਲੀ ਹੌਲੀ ਇਹ ਧਰਤੀ 'ਤੇ ਰਹਿਣਾ ਸਿੱਖ ਗਏ। ਸੈਲ ਦੀਆਂ ਪਰਮੁੱਖ ਵਿਸ਼ੇਸ਼ਤਾਵਾਂ ਆਪਣੀ ਸੁਰੱਖਿਆ ਕਰਨੀ, ਆਪਣੇ ਜੀਨ ਨੂੰ ਅੱਗੇ ਵਧਾਉਣਾ ਅਤੇ ਵਾਤਾਵਰਣ ਅਨੁਸਾਰ ਢਲ ਜਾਣਾ ਹੈ। 400 ਕਰੋੜ ਸਾਲ ਦੀ ਮਹਾਂਲੰਮੀ ਪਰਕ੍ਰਿਆ 'ਚ ਇਹ ਸੈਲ ਮਨੁੱਖ ਦਾ ਰੂਪ ਧਾਰਨ ਕਰ ਗਏ।

ਸਾਡੇ ਸਰੀਰ ਦੇ ਮਕੈਨਿਜ਼ਮ ਦੀ ਰਚਨਾ ਲਈ ਸੈਲਾਂ ਦਾ ਹੀ ਕਮਾਲ ਹੈ । ਦਰਅਸਲ ਅਸੀਂ ਤਾਂ ਹਾਂ ਹੀ ਨਹੀਂ, ਇਹ ਸਭ ਕੋਸ਼ਕਾਵਾਂ ਨੇ ਜਿਹਨਾਂ ਨੇ ਜੀਵਨ ਭੋਗਣ ਲਈ ਸਾਡਾ ਰੂਪ ਧਾਰਨ ਕੀਤਾ ਹੈ। ਕੋਸ਼ਕਾਵਾਂ ਨੇ ਸਾਡੇ ਦੇਖਣ ਲਈ ਅੱਖਾਂ ਦਾ ਰੂਪ ਧਾਰਨ ਕੀਤਾ ਅਤੇ ਖਾਣ ਲਈ ਮੂੰਹ ਦਾ ਰੂਪ ਧਾਰਨ ਕੀਤਾ ਤਾਂ ਕਿ ਅਸੀਂ ਉਹਨਾਂ ਨੂੰ ਲੋੜੀਂਦਾ ਭੋਜਨ ਦੇ ਕੇ ਊਰਜਾ ਪਹੁੰਚਾ ਸਕੀਏ। ਜਨਨ ਅੰਗਾਂ ਨਾਲ ਸੈਕਸ ਵਰਗੇ ਅਨੰਦਮਈ ਅਹਿਸਾਸ ਪੈਦਾ ਕੀਤੇ। ਸੈਲ ਲਗਾਤਾਰ ਆਪਣੇ 'ਚ ਸੁਧਾਰ ਕਰਦੇ ਰਹਿੰਦੇ ਹਨ ਅਤੇ ਇਹਨਾਂ ਨੂੰ ਆਪਣੇ ਜੀਨ 'ਚ ਸੁਰੱਖਿਅਤ ਕਰਕੇ ਅਗਲੀ ਪੀੜ੍ਹੀ 'ਚ ਪਹੁੰਚਾਉਂਦੇ ਰਹਿੰਦੇ ਹਨ। ਇਸੇ ਲਈ ਹਰ ਅਗਲੀ ਪੀੜ੍ਹੀ ਪਹਿਲਾਂ ਵਾਲੀ ਪੀੜ੍ਹੀ ਨਾਲੋਂ ਵੱਧ ਸੂਝਵਾਨ ਅਤੇ ਤੇਜ ਹੁੰਦੀ ਹੈ। ਸਿਰਫ ਮਨੁੱਖ ਹੀ ਨਹੀਂ ਅਸੀਂ ਇਸ ਧਰਤੀ 'ਤੇ ਜੋ ਵੀ ਜੀਵਨ ਦੇਖ ਰਹੇ ਹਾਂ ਮਨੁੱਖ ,ਪਸ਼ੂ ਅਤੇ ਬਨਸਪਤੀ ਸਭ ਕੋਸ਼ਕਾਵਾਂ ਦੇ ਹੀ ਸਮੂਹ ਨੇ ਜੋ ਵੱਖੋ ਵੱਖਰੇ ਰੂਪ ਲੈਕੇ ਆਪਣੇ ਜੀਵਨ ਲਈ ਸੰਘਰਸ਼ ਕਰ ਰਹੇ ਹਨ। ਚਾਰਲਸ ਡਾਰਵਿਨ ਨੇ ਕਿਹਾ ਸੀ ' ਜੋ ਯੋਗ ਹੁੰਦਾ ਹੈ ਉਹੀ ਜਿਉਂਦਾ ਰਹਿੰਦਾ ਹੈ, ਜੋ ਹਾਲਾਤ ਦਾ ਮੁਕਾਬਲਾ ਨਹੀਂ ਕਰ ਸਕਦਾ ਉਹ ਮਰ ਜਾਂਦਾ ਹੈ। ਇਸੇ ਤਰ੍ਹਾਂ ਹੀ ਇਸ ਧਰਤੀ ਤੋਂ ਡਾਇਨਾਸੋਰ ਵਰਗੇ ਵੱਡ ਆਕਾਰੀ ਜੀਵ ਹਾਲਾਤ ਦਾ ਮਕਾਬਲਾ ਨਾ ਕਰਨ ਕਰਕੇ ਖਤਮ ਹੋ ਗਏ। ਇਸ ਜੀਵਨ 'ਚ ਕਿਸੇ ਰੱਬ ਵਗੈਰਾ ਦਾ ਕੋਈ ਦਖਲ ਨਹੀਂ, ਇਹ ਸਭ ਜਿਸਨੂੰ ਨੇਚਰ( ਕੁਦਰਤ ) ਦਾ ਨਾਮ ਦੇ ਦਿੰਦੇ ਹਾਂ, ਸਵੈਚਾਲਤ ਹੈ।

ਅੱਜ ਧਰਮ ਇਕ ਬਹੁਤ ਵੱਡਾ ਵਪਾਰ ਹੈ। ਧਰਮ ਨੇ ਨੈਤਿਕਤਾ ਨੂੰ ਅਗਵਾ ਕਰ ਲਿਆ ਹੈ। ਧਰਮ ਉਪਦੇਸ਼ਕ ਕਹਿੰਦੇ ਹਨ ਕਿ ਝੂਠ ਨਾ ਬੋਲਣ ,ਚੋਰੀ ਨਾ ਕਰਨ ਅਤੇ ਇਮਾਨਦਾਰ ਰਹਿਣ ਆਦਿ ਲਈ ਧਰਮ ਦੀ ਲੋੜ ਹੈ । ਜਦੋਂ ਕਿ ਇਹ ਨੈਤਿਕ ਗੁਣ ਮਾਂ ਬਾਪ ਅਤੇ ਅਧਿਆਪਕਾਂ ਤੋਂ ਮਨੁੱਖ 'ਚ ਆਪਣੇ ਆਪ ਆਉਣੇ ਚਾਹੀਦੇ ਹਨ। ਹਾਂ ਝੂਠ ਬੋਲਣ,ਚੋਰੀ ਕਰਨ,ਬੇਈਮਾਨੀ ਕਰਨ ਅਤੇ ਹੋਰ ਕੁਕਰਮ ਕਰਨ ਲਈ ਹੀ ਧਰਮ ਦੀ ਜਰੂਰਤ ਹੈ। ਧਾਰਮਿਕ ਲੋਕ ਕਹਿੰਦੇ ਹਨ ਕਿ ਅਰਦਾਸ ਕਰਨ ਨਾਲ ਸਾਰੇ ਦੋਸ਼ ਦੂਰ ਹੋ ਜਾਂਦੇ ਹਨ। ਸੋ ਧਰਮੀ ਮਨੁੱਖ ਲੁੱਟ ਮਾਰ ਕਰਨ ਤੋਂ ਬਾਦ ਕੁਝ ਹਿੱਸਾ ਧਾਰਮਿਕ ਸਥਾਨ 'ਤੇ ਦਾਨ ਕਰਕੇ ਆਪਣੇ ਆਪ ਨੂੰ ਸੁਰਖ਼ੁਰੂ ਸਮਝਦਾ ਹੈ। ਕਣ ਕਣ ਵਿਚ ਭਗਵਾਨ ਦਾ ਪ੍ਰਚਾਰ ਕਰਨ ਵਾਲੇ ਪੁਜਾਰੀ ਰੱਬ ਨੂੰ ਇਕ ਖਾਸ ਥਾਂ 'ਤੇ ਹੀ ਕੈਦ ਕਰਕੇ ਰਖਦੇ ਹਨ। ਚਾਰ ਦੀਵਾਰੀ 'ਚ ਜਾ ਕੇ ਭੁੱਲ ਬਖਸ਼ਾਉਣ ਤੋਂ ਬਾਦ ਉਹ ਫਿਰ ਹੇਰਾ ਫੇਰੀ ਦੇ ਧੰਦਿਆਂ 'ਚ ਲੱਗ ਜਾਂਦੇ ਹਨ। ਜੇ ਉਹ ਕਣ ਕਣ ਵਿਚ ਭਗਵਾਨ ਸਮਝਦੇ ਹੋਣ ਤਾਂ ਕੋਈ ਗਲਤ ਕੰਮ ਕਰਨ ਹੀ ਨਾ। ਕਿਉਂਕਿ ਫਿਰ ਤਾਂ ਭਗਵਾਨ ਉਹਨਾਂ ਨੂੰ ਹਰ ਜਗਾਹ ਹੀ ਦੇਖ ਰਿਹਾ ਹੈ। ਕੁਝ ਲੋਕ ਕਹਿੰਦੇ ਹਨ ਕਿ ਧਰਮ 'ਚ ਫਲਾਂ ਫਲਾਂ ਕੁਰੀਤੀਆਂ ਦੂਰ ਹੋ ਜਾਣ ਤਾਂ ਧਰਮ ਤਾਂ ਠੀਕ ਹੈ। ਅਸਲੀਅਤ ਇਹ ਹੈ ਕਿ ਧਰਮ ਖ਼ੁਦ ਹੀ ਇਕ ਬਹੁਤ ਵੱਡੀ ਕੁਰੀਤੀ ਹੈ। ਜਾਂ ਕਹਿ ਲਓ ਕਿ ਕੁਰੀਤੀਆਂ ਦਾ ਮੂਲ ਹੈ।

ਫਿਰ ਕੁਝ ਧਾਰਮਿਕ ਲੋਕ ( ਬਾਬੇ-ਮਹਾਂਪੁਰਸ਼) ਪ੍ਰਚਾਰ ਕਰਦੇ ਹਨ ਕਿ ਨਕਲੀ ਸੰਤਾਂ ਬਾਬਿਆਂ ਤੋਂ ਬਚੋ। ਉਹ ਆਪਣੇ ਆਪ ਨੂੰ ਅਸਲੀ ਕਹਿੰਦੇ ਹਨ। ਕਦੇ ਗੰਦਗੀ ਵੀ ਚੰਗੀ ਮਾੜੀ ਜਾਂ ਅਸਲੀ ਨਕਲੀ ਹੁੰਦੀ ਹੈ। ਗੰਦਗੀ ਤਾਂ ਗੰਦਗੀ ਹੈ ਚਾਹੇ ਕਿਸੇ ਵੀ ਲਿਬਾਸ 'ਚ ਢਕੀ ਹੋਵੇ। ਧਾਰਮਿਕ ਲੋਕ ਅੰਧ ਵਿਸ਼ਵਾਸ਼ ਦੀ ਗੰਦਗੀ ਫੈਲਾ ਕੇ ਵਿਗਿਆਨਕ ਸੋਚ ਨੂੰ ਫਲਣ ਫੁਲਣ ਤੋਂ ਰੋਕਦੇ ਹਨ। ਇਹ ਸਦੀਆਂ ਤੋਂ ਹੀ ਹੁੰਦਾ ਆਇਆ ਹੈ। ਸਭ ਤੋਂ ਪਹਿਲਾਂ ਧਰਤੀ ਘੁੰਮਦੀ ਕਹਿਣ ਵਾਲਿਆਂ ਬਰੂਨੋ (ਇਟਲੀ) ਨੂੰ ਜ਼ਿੰਦਾ ਜਲਾ ਦਿਤਾ ਗਿਆ। ਦੂਰਬੀਨ ਬਣਾਉਣ ਵਾਲੇ ਗਲੈਲੀਓ ਨੂੰ ਸਾਰੀ

ਉਮਰ ਜੇਲ੍ਹ ਦੀਆਂ ਕਾਲ ਕੋਠੜੀਆਂ 'ਚ ਸੜਣ ਲਈ ਸੁੱਟ ਦਿਤਾ ਗਿਆ। 1400 ਈਸਵੀ ਤੋਂ ਲੈ ਕੇ 1700 ਈਸਵੀ ਤੱਕ 300 ਸਾਲ ਸਾਡੇ ਮੁਲਕ ਵਿੱਚ ਧਰਮ ਦੀ ਲਹਿਰ ਚੱਲੀ ਪਰ ਬਿਲਕੁਲ ਇਸੇ ਸਮੇਂ 300 ਸਾਲ ਪੱਛਮੀ ਮੁਲਕਾਂ ਵਿੱਚ ਵਿਗਿਆਨ ਦੀ ਲਹਿਰ ਚੱਲੀ ! ਜਿਸ ਸਮੇਂ ਸਾਡੇ ਮੁਲਕ ਵਿੱਚ ਨਾਨਕ ਦੇਵ ਜੀ (1469-1539ਈਸਵੀ) ਤੋਂ ਲੈ ਕੇ ਗੋਬਿੰਦ ਸਿੰਘ (1666-1707ਈਸਵੀ) ਤੱਕ ਦਸ ਗੁਰੂ ਹੋਏ ਉਸੇ ਸਮੇਂ ਪੱਛਮੀ ਮੁਲਕਾਂ ਵਿੱਚ ਕਾਪਰਨੀਕਸ (1473-1543ਈਸਵੀ), ਬਰੂਨੋ (1548-1600 ਈਸਵੀ), ਅਤੇ ਗਲੈਲੀਉ (1564-1642) ਵਰਗੇ ਵਿਗਿਆਨੀ ਪੈਦਾ ਹੋਏ, ਪਰ ਸੋਚਣ ਵਾਲੀ ਗੱਲ ਹੈ ਕਿ ਅੱਜ ਪੱਛਮੀ ਮੁਲਕ ਕਿੱਥੇ ਖੜੇ ਨੇ ਅਤੇ ਅਸੀਂ ਕਿੱਥੇ ਖੜੇ ਹਾਂ ? ਸਾਨੂੰ ਧਰਮਾਂ ਨੇ ਕੀ ਦਿੱਤਾ ਅਤੇ ਉਹਨਾਂ ਨੂੰ ਵਿਗਿਆਨ ਨੇ ਕੀ ਦਿੱਤਾ ? ਸੂਈ ਅਤੇ ਕਾਗਜ ਬਨਾਉਣ ਤੋਂ ਲੈ ਕੇ ਹਵਾਈ ਜਹਾਜ ਅਤੇ ਰਾਕਟ ਅਤੇ ਪੁਲਾੜ ਯੰਤਰਾਂ ਤੱਕ ਦੀਆਂ ਸਾਰੀਆਂ ਖੋਜ਼ਾਂ ਉਹਨਾਂ ਪੱਛਮੀ ਮੁਲਕਾਂ ਵਿੱਚ ਹੋਈਆਂ, ਅਤੇ ਹੋ ਰਹੀਆਂ ਨੇ! ਪਰ ਸਾਨੂੰ ਸਾਡੀ ਧਾਰਮਿਕਤਾ ਨੇ ਸਿਰਫ ਅਰਦਾਸਾਂ ਜੋਗੇ ਹੀ ਰਹਿਣ ਦਿੱਤਾ ! ਅਸੀਂ ਸਿਰਫ਼ ਧਾਰਮਿਕ ਸਥਾਨਾਂ ਉੱਤੇ ਜਾ ਕੇ ਮੱਥੇ ਰਗੜਨ ਅਤੇ ਅਖੌਤੀ ਰੱਬ ਨੂੰ ਖੁਸ਼ ਕਰਨ ਅਤੇ ਆਪਣਾਂ ਅਗਲਾ ਜਨਮ ਸੁਧਾਰਨ ਵਿੱਚ ਲੱਗੇ ਪਏ ਹਾਂ ! ਉਹ ਤਾਂ ਹੋਰ ਧਰਤੀਆਂ ਉੱਤੇ ਜੀਵਨ ਲੱਭਣ ਵਿੱਚ ਲੱਗੇ ਹੋਏ ਨੇ

ਸ਼ਹਿਣਸ਼ੀਲਤਾ ਦਾ ਉਪਦੇਸ਼ ਦੇਣ ਵਾਲਾ ਧਰਮ ਖ਼ੁਦ ਕਿੰਨਾ ਅਸਿਹਣਸ਼ੀਲ ਹੈ ਇਸਦੀਆਂ ਘਟਨਾਵਾਂ ਹੁਣ ਵੀ ਰੋਜਾਨਾ ਵਾਪਰ ਰਹੀਆਂ ਹਨ। ਦੁਨੀਆਂ ਦੇ ਕਿਸੇ ਵੀ ਸੰਵਿਧਾਨ ' ਚ ਇਹ ਨਹੀਂ ਲਿਖਿਆ ਕਿ ਰੱਬ ਨੂੰ ਮੰਨੋ ਜਾਂ ਨਾਸਤਿਕ ਹੋਣਾ ਗੁਨਾਹ ਹੈ। ਇਥੋਂ ਤਕ ਭਾਰਤ ਦੇ ਸੰਵਿਧਾਨ 'ਚ ਵੀ ਨਹੀਂ। ਇਸਦੀ ਧਾਰਾ 56 ਏ ਤਾਂ ਸਗੋਂ ਗੈਰਵਿਗਿਆਨਕ ਪ੍ਰਚਾਰ ਕਰਨ ਅਤੇ ਅੰਧਵਿਸ਼ਵਾਸ਼ ਫੈਲਾਉਣਾ ਜੁਰਮ ਕਰਾਰ ਦਿੰਦੀ ਹੈ। ਪਰ ਜਦ ਕੁਝ ਦਿਨ ਪਹਿਲਾਂ ਵਰਿੰਦਾਬਨ ( ਯੂ ਪੀ) ਇਕ ਸਵਾਮੀ ਬਲੇਂਦੂ ਨੇ ਨਾਸਤਕਾਂ ਦਾ ਇਕੱਠ ਕਰਨ ਦਾ ਐਲਾਨ ਕੀਤਾ ਤਾਂ ਸ਼ਹਿਣਸ਼ੀਲਤਾ ਦਾ ਉਪਦੇਸ਼ ਕਰਨ ਵਾਲੇ ਧਾਰਮਿਕ ਲੋਕ ਬਾਹਰੋਂ ਆਏ ਮਹਿਮਾਨਾਂ ਮਗਰ ਕਿਰਪਾਨਾਂ ਲੈ ਕੇ ਪੈ ਗਏ। ਕਾਨੂੰਨ ਦੇ ਰਾਖੇ ਚੁੱਪਚਾਪ ਤਮਾਸ਼ਾ ਦੇਖਦੇ ਰਹੇ। ਫਿਰ ਧਾਰਮਿਕ ਲੋਕ ਆਪਣੀ ਹੀਣ ਭਾਵਨਾ ਛੁਪਾਉਣ ਦੀ ਖਾਤਰ ਪ੍ਰਚਾਰ ਕਰਦੇ ਹਨ ਕਿ ਯੂਰਪ ਵਾਲੇ ਸਾਡੇ ਵੇਦ ਗਰੰਥ ਚੁਰਾ ਕੇ ਲੈ ਗਏ ਅਤੇ ਉਹਨਾਂ ਨੇ ਉਹ ਪੜ੍ਹਕੇ ਖੋਜਾਂ ਕੀਤੀਆਂ। ਪੁੱਛਣ ਵਾਲਾ ਹੋਵੇ ਰਾਈਟ ਭਰਾਵਾਂ ਨੇ ਹਵਾਈ ਜਹਾਜ ਬਨਾਉਣ ਵੇਲੇ ਕਿਹੜਾ ਹਿੰਦੂ ਗਰੰਥ ਪੜ੍ਹਿਆ ਸੀ। ਫਿਰ ਝੂਠ ਅਤੇ ਬੇਵਕੂਫੀ ਦੀ ਇੰਤਹਾ ਇਹ ਹੈ ਕਿ ਭਾਰਤ ਦਾ ਪ੍ਰਧਾਨ ਮੰਤਰੀ ਕਹਿ ਰਿਹਾ ਹੈ ਕਿ ਲੱਖ ਸਾਲ ਪਹਿਲਾਂ ਭਾਰਤ 'ਚ ਜਹਾਜ ਹੁੰਦੇ ਸੀ। ਮਨੁੱਖੀ ਸੱਭਿਅਤਾ ਵਿਕਸਤ 8 ਹਜਾਰ ਸਾਲ ਪਹਿਲਾਂ ਹੋਈ ਹੈ ਅਤੇ ਅਤੇ ਨਰਿੰਦਰ ਮੋਦੀ ਪਸ਼ੂਆਂ - ਜਾਨਵਰਾਂ ਨੂੰ ਹੀ ਪਾਈਲਟ ਬਣਾਈ ਜਾਂਦਾ ਹੈ।

ਭਾਰਤ ਦੇ ਪਛੜੇਵੇਂ ਦਾ ਮੁੱਖ ਕਾਰਨ ਅੰਧ ਵਿਸ਼ਵਾਸ਼ ਹੈ। ਜਿਹਨਾਂ ਚਿਰ ਭਾਰਤ ਦੇ ਲੋਕ ਅੰਧ ਵਿਸ਼ਵਾਸ਼ ਦਾ ਤਿਆਗ ਕਰਕੇ ਵਿਗਿਆਨਕ ਸੋਚ ਨਹੀਂ ਅਪਣਾਉਂਦੇ , ਉਹਨਾਂ ਚਿਰ ਇਹ ਦੇਸ਼ ਇਸੇ ਤਰ੍ਹਾਂ ਪੱਥਰਾਂ ਅੱਗੇ ਮੱਥੇ ਰਗੜਦਾ ਪੱਥਰ ਯੁੱਗ 'ਚ ਹੀ ਜਿਉਂਦਾ ਰਹੇਗਾ। ਸ਼ਹੀਦ ਭਗਤ ਸਿੰਘ ਨੇ ਤਾਂ ਕਥਿਤ ਝੂਠੀ ਅਜ਼ਾਦੀ ਤੋਂ 20 ਸਾਲ ਪਹਿਲਾਂ ਹੀ ਕਹਿ ਦਿਤਾ ਸੀ ਕਿ ਜਿਹਨਾਂ ਅਸਮਾਨਾਂ 'ਤੇ ਸਾਡਾ ਮਾਲਕ ਜਿਉਂਦਾ ਹੈ, ਉਨਾਂ ਚਿਰ ਅਸੀਂ ਇਸ ਧਰਤੀ 'ਤੇ ਨਰਕ ਹੀ ਭੋਗਦੇ ਰਹਾਂਗੇ।

## ਕਾਵਿ ਵਿਅੰਗ

1

ਵੋਟਾਂ ਮੰਗਣ ਆਉਂਦੇ ਨੇਤਾ ਜਿਪਸੀਆਂ 'ਤੇ ਸਾਡੀ ਰੜੇ ਭੰਬੀਰੀ ਬੋਲਦੀ ਹੈ।

ਛਿਣ ਭੰਗਰੀ ਖੁਸ਼ੀ ਜੇ ਕੋਲ ਆਵੇ ਉਹ ਵੀ ਲੰਘ ਜਾਂਦੀ ਸਾਡੇ ਕੋਲ ਦੀ ਹੈ।

ਸਿਆਸਤ ਲੋਭ ਦੀ ਅੱਜ ਗੁਲਾਮ ਹੋਕੇ ਸਾਡੀ ਜ਼ਿੰਦਗੀ ਤਾਈਂ ਮਧੋਲਦੀ ਹੈ।

ਸਾਡੇ ਸਾਹਾਂ ਦੀ ਪੂੰਜੀ ਕਸ਼ੀਦ ਕਰ ਹੁਣ ਪਤਾ ਨੀ ਕੀ ਮੋਇਆਂ 'ਚੋਂ ਟੋਲਦੀ ਹੈ।

2

ਆਵਾਜ਼ ਲਾਊਡ ਸਪੀਕਰ ਦੀ ਫੁੱਲ ਕਰਕੇ ਕਰਦੇ ਲੋਕਾਂ ਦਾ ਚੈਨ ਬਰਬਾਦ ਬਾਬੇ।

ਇਕੋ ਸ਼ਬਦ ਹੀ ਰੋਜ ਪੜ੍ਹੀ ਜਾਂਦੇ ਸਬਕ ਇਕ ਵਾਰ ਕਿਉਂ ਕਰਦੇ ਨਹੀਂ ਯਾਦ ਬਾਬੇ।

ਲਾਕੇ ਅੰਧਵਿਸ਼ਵਾਸ਼ ਦੇ ਰੋਜ ਨਵੇਂ ਬੂਟੇ ਪਾਈ ਜਾਂਦੇ ਨੇ ਹਨੇਰਿਆਂ ਦੀ ਖਾਦ ਬਾਬੇ।

ਸਾਨੂੰ ਆਖਦੇ ਇਹ ਜ਼ਿੰਦਗੀ ਮਿੱਥਿਆ ਹੈ ਪਰ ਆਪ ਭਾਲਦੇ ਸਾਰੇ ਹੀ ਸਵਾਦ ਬਾਬੇ।

3

ਸੁਬਾਹ ਰੁੱਖ ਦੀ ਖੁੱਲ੍ਹੀ ਕਿਤਾਬ ਉਤੇ ਪੰਛੀ ਲੈਂਦੇ ਜਦ ਉਠ ਕੇ ਵਾਕ ਪਿਆਰੇ।

ਐਨੀ ਸ਼ਾਂਤੀ ਕਿ ਪੱਤਾ ਡਿੱਗੇ ਦਾ ਵੀ ਅੰਮ੍ਰਿਤ ਵੇਲੇ ਵਿਚ ਸੁਣੇ ਖੜਾਕ ਪਿਆਰੇ।

ਉਸ ਵੇਲੇ ਫਿਰ ਧਾਰਮਿਕ ਸਥਾਨਾਂ ਦੇ ਵੱਲ ਜਾਂਦੇ ਬਣੇ ਪੁਜਾਰੀ ਨੇ ਡਾਕ ਪਿਆਰੇ।

ਸ਼ੋਰ ਉਗਲਦੇ ਲਾਊਡ ਸਪੀਕਰਾਂ ਵਿਚ, ਰੋਣ ਪਾੜ੍ਹੇ, ਬੁੱਢੇ, ਮਰੀਜ਼, ਜਵਾਕ ਪਿਆਰੇ।

4

ਨਿੰਦਿਆ ਸੰਤ ਕਹਿੰਦੇ ਨੇ ਬਹੁਤ ਮਾੜੀ, ਸੰਤ ਨਿੰਦਣ ਤਾਂ ਉਹਨਾਂ ਨੂੰ ਮੁਆਫ ਹੈ ਜੀ।

ਖਾ ਕੇ ਗ੍ਰਿਸਤੀ ਤੋਂ ਉਸੇ ਨੂੰ ਕਹਿਣ ਮਾੜਾ ਅੰਦਰ ਰਿੱਝਦੀ ਕੱਢਣ ਨਾ ਭਾਫ ਹੈ ਜੀ।

ਨਿੰਦਕ ਸੰਤ ਦੇ ਨੂੰ, ਸੰਤ ਦੇਣ ਗਾਲ੍ਹਾਂ, ਵਿਹਲੜ ਖਾਣ ਚੰਗਾ ਪਹਿਨਣ ਸਾਫ਼ ਹੈ ਜੀ।

ਰਾਜਨੇਤਾ -ਸਾਧ ਇਕ ਦੂਜੇ ਹੈਨ ਪੂਰਕ, ਕੋਈ ਇਹਨਾਂ 'ਚ ਨਾ ਇਖ਼ਤਲਾਫ਼ ਹੈ ਜੀ।

4

ਪੰਜੇ ਅਹਿਮ ਜਜ਼ਬੇ ਨੇ ਜ਼ਿੰਦਗੀ ਦੇ ਜਿਉਣ ਦੇ ਲਈ ਮਿੱਟੀ ਹੈ ਮਨੁੱਖ ਕਾਮ, ਮੋਹ, ਹੰਕਾਰ ਬਿਨਾ।

ਕਾਮ ਤੋਂ ਉਤਪਤੀ ਹੈ, ਮੋਹ ਨਾਲ ਰਿਸ਼ਤੇ ਨੇ ਕਰੂ ਕਿਵੇਂ ਮਿਹਨਤ ਕੋਈ ਲੋਭ ਦੇ ਵਿਚਾਰ ਬਿਨਾ।

ਅੱਜ ਦੀ ਇਹ ਸਾਇੰਸ ਸਬੂਤ ਉਤੇ ਕਾਇਮ ਹੈ ਜ਼ਿੰਦਗੀ ਨਿਰਾਰਥਕ ਹੋ ਜਾਂਦੀ ਹੈ ਪਿਆਰ ਬਿਨਾ।

ਰਾਹ 'ਚ ਵਿਕਾਸ ਦੇ ਇਹ ਸਾਰੀਆਂ ਰੁਕਾਵਟਾਂ ਨੇ ਕਹਿੰਦੇ ਨੇ ਜੋ ਹਿਲਦਾ ਨਹੀਂ ਪੱਤਾ ਕਰਤਾਰ ਬਿਨਾ।

# ਮੈਂ ਖ਼ੁਦਕੁਸ਼ੀ ਨਹੀਂ ਕਰਨੀ...



ਡਾ. ਭੀਮ ਇੰਦਰ ਸਿੰਘ

"ਜੇ ਮੈਂ ਤੇਰੀ ਥਾਂ ਹੁੰਦਾ...ਹੁਣ ਤਕ ਖ਼ੁਦਕੁਸ਼ੀ ਕਰ ਚੁੱਕਾ ਹੁੰਦਾ... ਮੈਥੋਂ ਏਨੇ ਦੁੱਖ ਨਹੀਂ ਸੀ ਸਹਿ ਹੋਣੇ... ਜਿੰਨੇ ਤੂੰ ਸਹਿ ਗਿਆ।" ਇਹ ਸ਼ਬਦ ਮੇਰੀ ਉਮਰ ਤੋਂ ਵੱਡਾ ਮੇਰਾ ਦੋਸਤ ਮੈਨੂੰ ਕਈ ਵਾਰ ਆਖਦਾ। ਮੈਂ ਉਸ ਦੀ ਨਿਰਾਸ਼ਾਮਈ ਸੁਰ ਨੂੰ ਸੁਣ ਕੇ ਨਿਰਾਸ਼ ਨਾ ਹੁੰਦਾ। ਉਸ ਨੇ ਮੈਨੂੰ ਪੋਟਾ-ਪੋਟਾ ਵੱਡਾ ਹੁੰਦਾ ਦੇਖਿਆ ਸੀ। ਮੇਰੀ ਜ਼ਿੰਦਗੀ ਦੇ ਦੁੱਖਾ, ਦਰਦਾਂ, ਸੰਕਟਾਂ ਤੇ ਸੰਘਰਸ਼ਾਂ ਦਾ ਉਹ ਜਿਉਂਦਾ ਜਾਗਦਾ ਗਵਾਹ ਸੀ। ਉਸ ਨੇ ਮੈਨੂੰ ਦੁੱਧ ਢੋਂਦਿਆਂ, ਲਾਂਗਰੀ ਲੱਗਿਆਂ, ਰਿਕਸ਼ਾਂ ਚਲਾਉਂਦਿਆਂ ਤੇ ਸਬਜੀ ਵੇਚਣ ਵਰਗੇ



ਹੋਰ ਧੰਦੇ ਕਰਦਿਆ ਆਪਣੇ ਅੱਖੀਂ ਵੇਖਿਆ ਸੀ। ਉਹ ਮੇਰੇ ਦੁੱਖਾਂ ਨਾਲ ਸਾਂਝ ਪਾਉਣ ਦਾ ਯਤਨ ਕਰਦਾ। ਉਸ ਦੀ ਆਪਣੀ ਆਰਥਿਕ ਹਾਲਤ ਬਹੁਤੀ ਚੰਗੀ ਨਾ ਹੋਣ ਕਰਕੇ ਇਕ ਬੇਬਸੀ ਉਸ ਦੀਆਂ ਅੱਖਾਂ 'ਚੋਂ ਮੈਨੂੰ ਸਾਫ਼ ਵਿਖਾਈ ਦਿੰਦੀ। ਮੈਂ ਉਸ ਦੀ ਬੇਬਸੀ ਨੂੰ ਸਮਝਦਾ ਹੋਇਆ ਹੌਸਲੇ ਨਾਲ ਆਖਦਾ, "ਨਹੀਂ...ਮੈਂ ਖ਼ੁਦਕੁਸ਼ੀ ਨਹੀਂ ਕਰਨੀ...ਸੰਘਰਸ਼ ਕਰਨੈ...ਆਪਣੇ ਆਪ ਨਾਲ...ਹਾਲਾਤ ਨਾਲ...ਸਮਾਜ ਨਾਲ... ।" ਉਹ ਚੁੱਪ ਹੋ ਜਾਂਦਾ। ਉਸ ਦੇ ਚੇਹਰੇ 'ਤੇ ਸੰਤੁਸ਼ਟੀ ਦੇ ਹਾਵ-ਭਾਵ ਮੰਡਰਾਉਣ ਲੱਗਦੇ।

ਮੇਰੇ ਦੁੱਖਾਂ ਦਾ ਪੈਂਡਾ ਉਦੋਂ ਸ਼ੁਰੂ ਹੋਇਆ ਜਦੋਂ ਮੇਰੀ ਮਾਂ ਨੇ ਆਪਣੀ ਜੀਵਨ ਲੀਲ੍ਹਾ ਦਾ ਅੰਤ ਕਰ ਲਿਆ। ਇਹ 1973 ਦੀ ਗੱਲ ਹੈ। ਉਦੋਂ ਮੈਂ ਕੇਵਲ ਢਾਈ ਕੁ ਸਾਲਾਂ ਦਾ ਸਾਂ। ਮੇਰੀ ਮਾਂ ਨੇ ਜ਼ਿੰਦਗੀ ਦੇ ਸੰਘਰਸ਼ ਤੋਂ ਹਾਰ ਮੰਨ ਕੇ ਮੇਰੀ ਛੋਟੀ ਭੈਣ ਸਮੇਤ ਖ਼ੁਦਕੁਸ਼ੀ ਕਰ ਲਈ ਸੀ। ਦੋ-ਢਾਈ ਮਹੀਨਿਆਂ ਦੀ ਇਕ ਹੋਰ ਛੋਟੀ ਭੈਣ ਵੀ ਮਾਂ ਦੀ ਮੌਤ ਤੋਂ ਬਾਅਦ ਮੈਨੂੰ ਇਕਲਿਆਂ ਛੱਡ ਕੇ ਸਦਾ ਲਈ ਤੁਰ ਗਈ ਸੀ। ਇਨ੍ਹਾਂ ਗੱਲਾਂ ਦਾ ਮੈਨੂੰ ਮੇਰੀ ਸੁਰਤ ਸੰਭਲਣ ਤੋਂ ਬਾਅਦ ਪਤਾ ਲੱਗਾ। ਰਿਸ਼ਤੇਦਾਰ ਤੇ ਲੋਕ ਮਾਂ ਦੀ ਸੂਰਤ ਤੇ ਸੀਰਤ ਬਾਰੇ ਬੜੀ ਹਮਦਰਦੀ ਨਾਲ ਮੈਨੂੰ ਦੱਸਦੇ। ਮੈਂ ਉਨ੍ਹਾਂ ਦੀਆਂ ਗੱਲਾਂ ਤੋਂ ਹੀ ਅੰਦਾਜ਼ੇ ਲਗਾ ਕੇ ਆਪਣੀ ਮਾਂ ਦਾ ਬਿੰਬ ਜ਼ਿਹਨ 'ਚ ਉਸਾਰਦਾ। ਉਸ ਦੀ ਕੋਈ ਫੋਟੋ ਵੀ ਨਹੀਂ ਸੀ।

ਮਾਂ ਦੀ ਮੌਤ ਤੋਂ ਸਾਲ ਕੁ ਬਾਅਦ ਹੀ ਪਿਤਾ ਨੇ ਦੂਜੀ ਸ਼ਾਦੀ ਕਰਵਾ ਲਈ। ਮੈਂ ਆਪਣੇ ਪਿਤਾ ਦੀ ਬਰਾਤੇ ਜਾਣ ਦੀ ਜ਼ਿੱਦ ਕੀਤੀ। ਪਿਤਾ ਨੇ ਸਖ਼ਤੀ ਨਾਲ ਮੇਰੀ ਜ਼ਿੱਦ ਨੂੰ ਥੰਮ ਦਿੱਤਾ। ਬਚਪਨ ਤੋਂ ਹੀ ਪਿਤਾ ਨਾਲ ਬਗ਼ਾਵਤ ਦਾ ਰਿਸ਼ਤਾ ਪੈਦਾ ਹੋ ਗਿਆ। ਨਿੱਕੇ ਹੁੰਦਿਆਂ ਤੋਂ ਨਾ ਮੈਂ ਕਦੇ ਉਨ੍ਹਾਂ ਨੂੰ ਬੁਲਾਇਆ ਅਤੇ ਨਾ ਹੀ ਕਦੇ ਉਨ੍ਹਾਂ ਨੇ ਮੇਰੇ ਬਾਰੇ ਪੁੱਛ-ਪੜਤਾਲ ਕਰਨ ਦਾ ਯਤਨ ਕੀਤਾ। ਮੈਂ ਆਪਣੇ ਦਾਦਾ-ਦਾਦੀ ਕੋਲ ਰਹਿਣ ਲਈ ਸ਼ਹਿਰ ਤੋਂ ਪਿੰਡ ਆ ਗਿਆ। ਪਿੰਡ ਰਹਿੰਦਿਆਂ ਕੁਝ ਮਹੀਨੇ ਹੀ ਹੋਏ ਸਨ ਕਿ ਖੇਤੀਬਾੜੀ ਸੰਭਾਲਦਾ ਕਰਜ਼ਈ ਚਾਚਾ ਖ਼ੁਦਕੁਸ਼ੀ ਕਰ ਗਿਆ। ਘਰ 'ਤੇ ਇਕ ਹੋਰ ਵੱਡਾ ਸੰਕਟ ਆ ਗਿਆ। ਉਸ ਦੇ ਮੇਰੇ ਵਰਗੇ ਤਿੰਨ ਬੱਚੇ ਅਨਾਥ ਹੋ ਗਏ। ਦਾਦਕੇ ਚਾਹੁੰਦੇ ਸਨ ਕਿ ਮੈਂ ਦਸਵੀਂ ਕਰ ਜਾਵਾਂ। ਆਰਥਿਕ ਤੰਗੀਆ ਕਰਕੇ ਇਹ ਚਾਹਤ ਸਿਰੇ ਲੱਗਦੀ ਨਜ਼ਰ ਨਹੀਂ ਸੀ ਆ ਰਹੀ। ਸ਼ਹਿਰ ਵਿਚ ਰਹਿੰਦੇ ਇਕ ਰਿਸ਼ਤੇਦਾਰ ਨੇ ਮੈਨੂੰ ਛੇਵੀਂ ਵਿਚ ਸ਼ਹਿਰ ਦੇ ਸਕੂਲ 'ਚ ਦਾਖ਼ਲ ਕਰਵਾ ਦਿੱਤਾ। ਛੇਤੀ ਹੀ ਰਿਸ਼ਤੇਦਾਰ ਮੇਰੀਆਂ ਰੋਟੀਆਂ ਗਿਣਨ ਲੱਗੇ ਤੇ ਪੈਸਿਆਂ ਦਾ ਹਿਸਾਬ। ਤੰਗ ਆ ਕੇ ਮੈਂ ਪਿੰਡ ਵਾਪਸ ਜਾਣ ਦਾ ਫੈਸਲਾ ਕੀਤਾ। ਪਿੰਡ ਤੋਂ ਸ਼ਹਿਰ ਲਗਭਗ ਸੋਲਾਂ-ਸਤਾਰਾਂ ਕਿਲੋਮੀਟਰ ਸੀ। ਸਕੂਲ ਸਾਈਕਲ 'ਤੇ ਜਾਣਾ ਪੈਂਦਾ। ਬੱਸ-ਪਾਸ ਲਈ ਪੈਸੇ ਨਹੀਂ ਸਨ।

ਸ਼ਹਿਰ ਦੇ ਸਕੂਲ 'ਚ ਪੜ੍ਹਦਿਆਂ ਪਤਾ ਲੱਗਾ ਕਿ ਖੇਡਣ ਵਾਲੇ ਵਿਦਿਆਰਥੀਆਂ ਦੀ ਫੀਸ ਮੁਆਫ਼ ਹੁੰਦੀ ਹੈ। ਫੀਸ ਮੁਆਫੀ ਲਈ ਖੇਡਣਾ ਸ਼ੁਰੂ ਕੀਤਾ। ਅੱਠਵੀਂ ਜਮਾਤ ਤਕ ਪਹੁੰਚਦਿਆਂ ਸਬ-ਜੂਨੀਅਰ ਨੈਸ਼ਨਲ ਖੇਡ ਆਇਆ। ਨੌਂਵੀਂ ਜਮਾਤ ਵਿਚ ਦਾਦੀ ਜੀ 'ਤੇ ਘਰ ਦੀ ਕੱਚੀ ਕੰਧ ਡਿੱਗ ਪਈ। ਚੂਲ੍ਹਾ ਟੁੱਟਣ ਕਰਕੇ ਕੁਝ ਦਿਨਾਂ ਬਾਅਦ ਹੀ ਦਾਦੀ ਜੀ ਚੜ੍ਹਾਈ ਕਰ ਗਏ। ਰੋਟੀ ਦੀ ਸਮੱਸਿਆ ਨੇ ਫਿਰ ਘੇਰ ਲਿਆ। ਇਸ ਸਮੱਸਿਆ ਨੂੰ ਦੂਰ ਕਰਨ ਲਈ ਨਾਨੀ ਕੋਲ ਡੇਰੇ ਲਾ ਲਏ। ਨਾਨਾ ਜੀ ਪਹਿਲਾਂ ਹੀ ਸਵਰਗ ਸੁਧਾਰ ਚੁੱਕੇ ਸਨ। ਇਥੇ ਗਲੀ ਦੇ ਬੱਚਿਆਂ ਨੂੰ ਟਿਊਸ਼ਨ ਪੜ੍ਹਾ ਕੇ ਗੁਜ਼ਾਰਾ ਕਰਨਾ ਸ਼ੁਰੂ ਕੀਤਾ।

ਦਸਵੀਂ ਦੇ ਪੇਪਰ ਦੇ ਕੇ ਮਨ ਹੋਰ ਅਗਾਂਹ ਪੜ੍ਹਨ ਨੂੰ ਕੀਤਾ। ਗਿਆਰਵੀਂ ਤੇ ਬਾਰਵੀਂ ਦੀ ਪੜ੍ਹਾਈ ਲਈ ਕਚਹਿਰੀਆਂ ਵਿਚ ਟਾਈਪ ਕਰਨ, ਲਾਇਸੰਸ ਬਣਾਉਣ, ਲਾਂਗਰੀ ਆਦਿ ਦੇ ਕੰਮ ਕਰਦਾ ਰਿਹਾ। ਖੇਡਾਂ ਦੀ ਪ੍ਰੈਕਟਿਸ ਵੀ ਜਾਰੀ ਸੀ। ਖੇਡਾਂ ਕਰਕੇ ਹੀ ਬੀ.ਏ. ਵਿਚ ਡੀ.ਏ.ਵੀ ਕਾਲਜ ਚੰਡੀਗੜ੍ਹ ਵਿਚ ਦਾਖ਼ਲਾ ਮਿਲ ਗਿਆ। ਚੰਡੀਗੜ੍ਹ ਦੇ ਮਹਿੰਗੇ ਕਾਲਜ ਵਿਚ ਭਾਵੇਂ ਖਾਣ-ਪੀਣ, ਰਿਹਾਇਸ਼ ਅਤੇ ਪੜ੍ਹਾਈ ਦਾ ਖਰਚਾ ਮੁਆਫ ਸੀ ਪਰ ਕੱਪੜੇ-ਲੀੜੇ ਤੇ ਹੋਰ ਖਰਚਿਆਂ ਲਈ ਕੁਝ ਪੈਸਿਆਂ ਦੀ ਲੋੜ ਹੁੰਦੀ ਸੀ। ਇਸ ਲੋੜ ਨੂੰ ਪੂਰਾ ਕਰਨ ਲਈ ਚੰਡੀਗੜ੍ਹ ਵਿਖੇ ਆਰਕੈਸਟਰਾ ਵਿਚ ਗਾਉਣ, ਰਿਕਸ਼ਾ ਚਲਾਉਣ, ਪ੍ਰਦਰਸ਼ਨੀ ਦੇ ਨਿਗਰਾਨ ਆਦਿ ਦਾ ਕੰਮ ਕਰਦਾ ਰਿਹਾ। ਭੁੱਖੇ ਪੇਟ ਤੇ ਖਾਲੀ ਜੇਬ ਨੇ ਉਹ ਕੁਝ

ਸਿਖਾ ਦਿੱਤਾ ਸੀ ਜਿੰਨਾ ਸਕੂਲ ਤੇ ਕਾਲਜ ਨਾ ਸਿਖਾ ਸਕੇ। ਬੀ.ਏ. ਕਰਦਿਆਂ ਕਈ ਨੈਸ਼ਨਲ ਅਤੇ ਅੰਤਰ-ਯੂਨੀਵਰਸਿਟੀਆਂ ਵਿਚ ਭਾਗ ਲੈ ਚੁੱਕਾ ਸਾਂ। ਸਾਹਿਤ, ਸੰਗੀਤ ਤੇ ਚਿਤ੍ਰਕਲਾ ਆਦਿ ਦਾ ਬਚਪਨ ਤੋਂ ਹੀ ਸ਼ੌਕ ਸੀ। ਕਈ ਕਹਾਣੀਆਂ ਤੇ ਕਵਿਤਾਵਾ ਪੰਜਾਬੀ ਦੇ ਅਖ਼ਬਾਰਾ ਤੇ ਰਸਾਲਿਆਂ ਵਿਚ ਛਪ ਚੁੱਕੀਆ ਸਨ। ਐਮ. ਏ. ਪੰਜਾਬੀ ਕਰਨ ਦਾ ਮਨ ਬਣ ਗਿਆ। ਮੋਹਨ ਭੰਡਾਰੀ, ਡਾ.ਕੇਸਰ ਸਿੰਘ ਕੇਸਰ ਦੇ ਸਹਿਯੋਗ ਨਾਲ ਐਮ.ਏ ਪੰਜਾਬੀ ਸੁਰੂ ਕੀਤੀ। ਇਸ ਦੌਰਾਨ ਕਰਿੱਡ ਵਿਖੇ ਇਕ ਖੋਜ਼ ਪ੍ਰੋਜੈਕਟ ਦੀ ਨੌਂਕਰੀ ਕੀਤੀ। ਐਮ. ਏ. ਕਰਦਿਆਂ ਕਈ ਸਕੂਲਾਂ ਵਿਚ ਪੜਾਉਣ ਤੋਂ ਬਾਅਦ ਯਾਦਵਿੰਦਰਾ ਪਬਲਿਕ ਸਕੂਲ ਪਟਿਆਲਾ ਵਿਖੇ ਪੰਜਾਬੀ ਅਧਿਆਪਕ ਦੀ ਨੋਕਰੀ ਮਿਲ ਗਈ। ਕੁਝ ਸਾਲ ਸਕੂਲ ਵਿਚ ਪੜ੍ਹਾਉਣ ਬਾਅਦ ਕਾਲਜ ਵਿਚ ਬਤੌਰ ਲੈਕਚਰਾਰ ਅਤੇ ਫਿਰ 2003 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਪੜ੍ਹਾਉਣ ਲੱਗਾ। ਅੱਜ ਮੇਰੀਆ ਡੇਢ ਦਰਜਨ ਆਲੋਚਨਾ ਦੀਆਂ ਪੁਸਤਕਾਂ ਛਪ ਚੁਕੀਆ ਹਨ। ਹੁਣ ਜਦੋਂ ਕਿਸੇ ਕਿਸਾਨ ਤੇ ਖੇਤ ਮਜ਼ਦੂਰ ਦੀ ਖੁਦਕੁਸ਼ੀ ਦੀ ਖ਼ਬਰ ਪੜਦਾ ਹਾਂ ਤਾਂ ਉਦਾਸ ਹੋ ਜਾਦਾ ਹਾਂ। ਮਰਨ ਵਾਲੇ ਤਾਂ ਆਪਣੀ ਜ਼ਿੰਦਗੀ ਤੋਂ ਖਹਿੜਾ ਛੁਡਾ ਲੈਂਦੇ ਹਨ ਪਰ ਉਨ੍ਹਾਂ ਦੇ ਬੱਚੇ ਦੁੱਖਾਂ ਦੇ ਦਰਿਆ ਵਿਚ ਡੁੱਬ ਜਾਂਦੇ ਹਨ। ਜ਼ਿੰਦਗੀ, ਦਰਿਆ ਵਿਚ ਆਏ ਤੂਫ਼ਾਨ ਨਾਲ ਸੰਘਰਸ਼ ਦਾ ਨਾਂ ਹੈ। ਸੰਘਰਸ਼ ਹੀ ਸਾਨੂੰ ਸੁਨਹਿਰੇ ਭਵਿੱਖ ਵੱਲ ਲਿਜਾ ਸਕਦਾ ਹੈ। ਮੈਨੂੰ ਅੱਜ ਵੀ ਆਪਣੇ ਦੋਸਤ ਨੂੰ ਕਹੇ ਸ਼ਬਦਾਂ 'ਤੇ ਮਾਣ ਮਹਿਸੂਸ ਹੋ ਰਿਹਾ ਹੈ, "ਨਹੀਂ ਮੈਂ ਖੁਦਕੁਸ਼ੀ ਨਹੀਂ ਕਰਨੀ...ਸੰਘਰਸ਼ ਕਰਨੈ... ਆਪਣੇ ਆਪ ਨਾਲ... ਹਾਲਾਤ ਨਾਲ...ਸਮਾਜ ਨਾਲ...।"

ਮੋਬਾਇਲ ਨੰ:
9814902040

# ਭੂਤਾਂ ਨੇ ਵੀ ਛੱਡ ਦਿੱਤੀ ਦਾਰੂ



ਬਿਹਾਰ ਵਿੱਚ ਸ਼ਰਾਬਬੰਦੀ ਦੇ ਬਾਅਦ ਬੰਦਿਆਂ ਦੇ ਨਾਲ ਨਾਲ ਭੂਤਾਂ ਨੇ ਵੀ ਦਾਰੂ ਪੀਣੀ ਛੱਡ ਦਿੱਤੀ ਹੈ। ਹੈਰਾਨ ਨਾ ਹੋਵੋ। ਬਿਹਾਰ ਵਿੱਚ ਸ਼ਰਾਬਬੰਦੀ ਦਾ ਅਸਰ ਭੂਤਾਂ ਉੱਤੇ ਵੀ ਹੋਇਆ ਹੈ। ਬਿਹਾਰ ਦੇ ਹਰੇਕ ਪਿੰਡ ਵਿੱਚ ਸਦੀਆਂ ਤੋਂ ਭੂਤ ਭਜਾਉਣ ਦਾ ਖੁੱਲ੍ਹਾ ਖੇਲ ਚੱਲਦਾ ਰਿਹਾ ਹੈ। ਭੂਤ ਭਜਾਉਣ ਦੇ ਇਸ ਕੰਮ ਵਿੱਚ ਦਾਰੂ ਦੀ ਡਟ ਕੇ ਵਰਤੋਂ ਹੁੰਦੀ ਹੈ। ਭੂਤ ਭਜਾਉਣ ਵਾਲੇ ਓਝਾਗੁਣੀ/ਸਿਆਣਾ ਆਪ ਵੀ ਦਾਰੂ ਪੀਂਦੇ ਹਨ ਅਤੇ ਭੂਤਾਂ ਨੂੰ ਵੀ ਦਾਰੂ ਪਿਲਾਉਣ ਦਾ ਦਾਅਵਾ ਕਰਦੇ ਹਨ। ਭੂਤ ਭਜਾਉਣ ਦੇ ਬਹਾਨੇ ਓਝਾ ਪੀੜਤਾਂ ਦੇ ਪਰਿਵਾਰ ਵਾਲਿਆਂ ਤੋਂ ਦਾਰੂ ਦੀਆਂ ਕਈ ਬੋਤਲਾਂ ਠੱਗਦੇ ਰਹੇ ਹਨ। ਓਝਿਆਂ ਦਾ ਦਾਅਵਾ ਹੈ ਕਿ ਦਾਰੂ ਪੀਤੇ ਬਗੈਰ ਭੂਤ ਭੱਜਦੇ ਨਹੀਂ ਹਨ। ਕਿਸੇ ਵੀ ਬੰਦੇ ਦੇ ਸਰੀਰ ਵਿੱਚ ਜੇਕਰ ਭੂਤ ਪ੍ਰੇਤ ਵੜ੍ਹ ਜਾਂਦੇ ਹਨ, ਤਾਂ ਉਹਨਾਂ ਨੂੰ ਭਜਾਉਣ ਦੇ ਲਈ ਦਾਰੂ ਪਿਲਾਉਣਾ ਜ਼ਰੂਰੀ ਹੈ। ਹੈਰਾਨੀ ਦੀ ਗੱਲ ਹੈ ਕਿ ਜਦ ਤੋਂ ਬਿਹਾਰ ਵਿੱਚ ਸ਼ਰਾਬਬੰਦੀ ਲਾਗੂ ਹੋਈ ਹੈ, ਤਦ ਤੋਂ ਭੂਤਾਂ ਨੇ ਬਗੈਰ ਦਾਰੂ ਪੀਤੇ ਇਨਸਾਨਾਂ ਦੇ ਸਰੀਰ ਤੋਂ ਭੱਜਣਾ ਸ਼ੁਰੂ ਕਰ ਦਿੱਤਾ ਹੈ। ਉਥੋਂ ਦੇ ਮੁਖਮੰਤਰੀ ਨੀਤੀਸ਼ ਕੁਮਾਰ ਨੂੰ ਤਾਂ ਇਸ ਗੱਲ ਉੱਤੇ ਫ਼ਖਰ ਹੋਣਾ ਚਾਹੀਦਾ ਹੈ ਕਿ ਸ਼ਰਾਬਬੰਦੀ ਦੇ ਬਾਦ ਵੀ ਕਈ ਦਾਰੂਬਾਜ਼ ਬੰਦੇ ਚੋਰੀ-ਛੁਪੇ ਸ਼ਰਾਬ ਪੀਣ ਦੀ ਜੁਗਤ ਵਿੱਚ ਲੱਗੇ ਹੋਏ ਹਨ, ਜਦਕਿ ਭੂਤ ਉਨ੍ਹਾਂ ਦੇ ਹੁਕਮ ਦਾ ਸੌ ਫੀਸਦੀ ਪਾਲਣ ਕਰ ਰਹੇ ਹਨ।

8 ਤੋਂ 15 ਅਪਰੈਲ, 2016 ਤੱਕ ਚੱਲੋ ਚੇਤ ਮਹੀਨੇ ਦੇ ਨਵਰਾਤਰੇ ਦੇ ਦੌਰਾਨ ਸੂਬੇ ਦੇ ਕਈ ਇਲਾਕਿਆਂ ਵਿੱਚ ਭੂਤਾਂ ਦੀ ਸ਼ਰਾਫ਼ਤ ਦੇਖਣ ਨੂੰ ਮਿਲੀ। ਨਵਰਾਤਰੇ ਦੇ ਦੌਰਾਨ ਜਿੱਥੇ ਕਿਧਰੇ ਲੱਗਣ ਵਾਲੇ ਮੇਲਿਆਂ ਵਿੱਚ ਭੂਤ ਝਾੜਨ ਦਾ ਕੰਮ ਕਾਫ਼ੀ ਜ਼ੋਰ ਸ਼ੋਰ ਨਾਲ ਚੱਲਦਾ ਰਿਹਾ, ਵਿਸ਼ੇਸ਼ ਕਰ ਕੇ ਗੰਗਾ ਸਮੇਤ ਕਈ ਨਦੀਆਂ ਦੇ ਕਿਨਾਰੇ ਭੂਤ ਭਜਾਉਣ ਅਤੇ ਝਾੜਨ ਦੇ ਨਾਂ ਉੱਤੇ ਪੋਂਗਾਪੰਥ ਦਾ ਖੁੱਲ੍ਹਮਖੁੱਲ੍ਹਾ ਖੇਲ ਚੱਲਦਾ ਹੈ। ਸੈਂਕੜੇ ਓਝਾ ਕਈ ਥਾਵਾਂ ਉੱਤੇ ਹਵਨਕੁੰਡ ਬਣਾ ਕੇ ਆਪਣੀ ਦੁਕਾਨ ਲਗਾ ਕੇ ਬੈਠ ਜਾਂਦੇ ਹਨ। ਭੋਲੇ ਭਾਲੇ ਅਤੇ ਅੰਧਵਿਸ਼ਵਾਸੀ ਪਿੰਡ ਵਾਲੇ ਕਿਸੇ ਵੀ ਤਰ੍ਹਾਂ ਦੀ ਬਿਮਾਰੀ ਜਾਂ ਬੱਚਾ ਨਾ ਹੋਣ ਦੀ ਸਮੱਸਿਆ ਨੂੰ ਲੈ ਕੇ ਓਝਾਵਾਂ/ਸਿਆਣਿਆਂ ਦੇ ਪਾਸ ਪਹੁੰਚਦੇ ਹਨ। ਓਝਾ ਮਰੀਜ਼ ਦੀ ਪੜਤਾਲ ਕਰਨ ਦੇ ਬਾਅਦ ਕਹਿੰਦੇ ਹਨ ਕਿ ਉਸ ਦੇ ਸਰੀਰ ਵਿੱਚ ਭੂਤ ਜਾਂ ਪ੍ਰੇਤ ਵੜ੍ਹ ਗਿਆ ਹੈ। ਭੂਤ ਭਜਾਉਣ ਦੇ ਨਾਂ ਉੱਤੇ ਓਝਾ ਕਈ ਤਰ੍ਹਾਂ ਦੇ ਡਰਾਮੇ ਰਚਦੇ ਹਨ। ਕਦੇ ਉਹ ਨੱਚਣ ਲੱਗਦੇ ਹਨ ਤਾਂ ਕਦੇ ਲਾਠੀ ਚੁੱਕ ਕੇ ਘੁੰਮਾਉਣ ਲੱਗਦੇ ਹਨ, ਕਦੇ ਚੀਕਣ ਲੱਗਦੇ ਹਨ, ਤਾਂ ਕਦੇ ਊਟਪਟਾਂਗ ਬੋਲਣ ਲੱਗਦੇ ਹਨ। ਉਸ ਦੇ ਬਾਅਦ ਓਝਾ ਪੀੜਤ ਦੇ ਘਰ ਵਾਲਿਆਂ ਤੋਂ ਹਵਨ ਪੂਜਾ ਦੇ ਲਈ ਕਈ ਤਰ੍ਹਾਂ ਦੇ ਸਾਮਾਨ ਦੀ ਲਿਸਟ ਫੜ੍ਹਾ ਦੇਂਦੇ ਹਨ। ਦਾਰੂ ਦੀਆਂ 8-10 ਬੋਤਲਾਂ ਵੀ ਮੰਗ ਲਈਆਂ ਜਾਂਦੀਆਂ ਹਨ। ਅੱਜਕੱਲ੍ਹ ਭੂਤ ਭਜਾਉਣ ਦੇ ਨਾਂ ਉੱਤੇ ਓਝਿਆਂ ਦੀ ਡਰਾਮੇ ਬਾਜ਼ੀ ਥੋੜ੍ਹੀ ਬਦਲ ਗਈ ਹੈ। ਪਟਨਾ ਦੇ ਕਲਕਟੇਰੀਏਟ ਘਾਟ ਉੱਤੇ ਲੱਗੇ ਭੂਤ ਭਜਾਉਣ ਦੇ ਇਕੱਠ ਵਿੱਚ ਇੱਕ ਓਝਾ ਦਾਰੂ ਦੇ ਬਗੈਰ ਹੀ ਭੂਤ ਭਜਾਉਣ ਦਾ ਡਰਾਮਾ ਕਰਦਾ ਦਿੱਸਿਆ। ਜਹਾਨਾਬਾਦ ਦੀ ਸੁਨੀਤਾ ਨਾਂ ਦੀ ਇੱਕ ਇਸਤਰੀ ਦੇ ਸਰੀਰ ਵਿੱਚ ਘੁਸੇ ਭੂਤ ਨੂੰ ਭਜਾਉਣ ਦੇ ਦੌਰਾਨ ਓਝਾ ਨੇ ਕਿਹਾ, "ਦੇਖ ਰਹੇ ਹੈਂ ਨਾ ਭੂਤ ਮਹਾਰਾਜ ਗੰਗਾ ਸੁੱਕੀ ਹੈ ਅਤੇ ਗੰਗਾ ਦਾ ਕਿਨਾਰਾ ਵੀ ਸੁੱਕਾ ਹੈ। ਪਿਛਲੀ ਵਾਰ ਇੱਥੇ ਸਨ, ਤਾਂ ਸ਼ਰਾਬ ਦੀ ਧਾਰਾ ਵਹਿੰਦੀ ਸੀ। ਪਰ ਕੀ ਕਰੀਏ, ਹੁਣ ਤਾਂ ਸਾਰਾ ਇਲਾਕਾ ਹੀ ਸੁੱਕਾ ਪਿਆ ਹੈ। ਹੁਣ ਤੁਹਾਨੂੰ ਮਨਾਉਣ ਦੇ ਲਈ ਕੀ ਕਰੀਏ। ਸਰਕਾਰ ਨੇ ਕਾਨੂੰਨ ਹੀ ਅਜਿਹਾ ਬਣਾ ਦਿੱਤਾ ਹੈ। ਇਸ ਸਾਲ ਤਾਂ ਤੁਹਾਨੂੰ ਦਾਰੂ ਦੇ ਬਗੈਰ ਹੀ ਸਬਰ ਕਰਨਾ ਪਵੇਗਾ।"

ਉਸਦੇ ਬਾਦ ਓਝਾ ਧਰਤੀ ਉੱਤੇ ਲਾਠੀ ਮਾਰਨ ਲੱਗਦਾ ਹੈ। ਉਸਦੇ ਬਾਦ ਪੀੜਤ ਇਸਤਰੀ ਦੇ ਵਾਲ ਫੜ੍ਹ ਕੇ ਜ਼ੋਰ ਨਾਲ ਖਿੱਚਦੇ ਹੋਏ ਚੀਕਦਾ ਹੈ, "ਭੂਤ ਮਹਾਰਾਜ, ਇਸ ਵਾਰ ਤੁਹਾਨੂੰ ਦਾਰੂ ਦਾ ਪ੍ਰਸ਼ਾਦ ਨਹੀਂ ਮਿਲੇਗਾ। ਤੁਹਾਨੂੰ ਬਿਨਾਂ ਦਾਰੂ ਦੇ ਹੀ ਇਸਤਰੀ ਦਾ ਸਰੀਰ ਛੱਡਣਾ ਪਵੇਗਾ।"

ਇਸਦੇ ਬਾਅਦ ਓਝਾ ਆਪਣੀਆਂ ਅੱਖਾਂ ਬੰਦ ਕਰਕੇ ਕੁਝ ਮੰਤਰ ਪੜ੍ਹਨ ਦਾ ਢੋਂਗ ਕਰਦਾ ਹੈ। ਉਹ ਪੀੜ੍ਹਤ ਇਸਤਰੀ ਦੇ ਪਰਿਵਾਰ ਵਾਲਿਆਂ ਨੂੰ ਬੋਲਦਾ ਹੈ ਕਿ ਹੁਣ ਤੁਸੀਂ ਲੋਕ ਜਾਓ। ਸੱਭ ਠੀਕ ਹੋ ਗਿਆ ਹੈ। ਭੂਤ ਭੱਜ ਗਿਆ ਹੈ। ਦਾਰੂ ਦੇ ਬਿਨਾਂ ਕਾਫ਼ੀ ਮਿਹਨਤ ਕਰਨੀ ਪਈ ਹੈ। ਤਦ ਜਾ ਕੇ ਭੂਤ ਭੱਜਿਆ ਹੈ। ਦੇਖਿਆ ਤੁਹਾਡੇ ਬਿਹਾਰ ਵਿੱਚ ਬੰਦਿਆਂ ਤੋਂ ਵੱਧ ਭੂਤ ਹੀ ਸ਼ਰਾਬਬੰਦੀ ਦੇ ਹੁਕਮ ਨੂੰ ਮੰਨ ਰਹੇ ਹਨ।

**-ਬੀਰੇਂਦਰ**

# ਮੈਡੀਕਲ ਸਾਇੰਸਜ਼

-ਸੁਖਮੰਦਰ ਸਿੰਘ ਤੂਰ

### ✪ ਕੁਪੋਸ਼ਨ ਦਾ ਸ਼ਿਕਾਰ ਹੋ ਸਕਦੀਆਂ ਹਨ ਸੁੰਦਰੀਆਂ

ਸਰੀਰ ਨੂੰ ਚੁਸਤ ਅਤੇ ਸੁੰਦਰ ਬਣਾਉਣ ਲਈ ਦਿਨ-ਰਾਤ ਡਾਇਟਿੰਗ ਵਿੱਚ ਜੁਟੀਆਂ ਰਹਿਣ ਵਾਲੀਆਂ ਮੁਟਿਆਰਾਂ ਲਈ ਇੱਕ ਮਾੜੀ ਖ਼ਬਰ ਹੈ। ਅਮਰੀਕੀ ਬਿਰਤ ਵਿਗਿਆਨੀਆਂ ਦਾ ਕਹਿਣਾ ਹੈ ਕਿ ਪਤਲਾ ਹੋਣਾ ਸੁੰਦਰਤਾ ਦੀ ਬਜਾਏ ਕੁਪੋਸ਼ਣ ਦੀ ਨਸ਼ਾਨੀ ਵੀ ਹੋ ਸਕਦੀ ਹੈ। ਮਨੁੱਖੀ ਪੌਸ਼ਣ ਸਬੰਧੀ ਜੌਨ ਡੌਪਕਿਨਸ ਸੈਂਟਰ ਨੇ ਮਿਸ ਅਮਰੀਕਾ ਮੁਕਾਬਲੇ ਵਿੱਚ ਭਾਗ ਲੈਣ ਵਾਲੀਆਂ ਲੜਕੀਆਂ ਨੂੰ ਇਹ ਚਿਤਾਵਨੀ ਦੇ ਕੇ ਉਨ੍ਹਾਂ ਦੀ ਰਾਤਾਂ ਦੀ ਨੀਂਦ ਅਤੇ ਦਿਨ ਦਾ ਚੈਨ ਹਰਾਮ ਕਰ ਦਿੱਤਾ ਹੈ। ਸੈਂਟਰ ਦੇ ਨਿਰਮਾਤਾ ਡਾ. ਬੈਨਾਮਿਨ ਕੇਥਾਲੋਰੋ ਨੇ ਅਮਰੀਕਨ ਮੈਡੀਕਲ ਐਸੋਸੀਏਸ਼ਨ ਦੇ ਜਨਰਲ ਨੇ ਕਿਹਾ ਹੈ ਕਿ ਮੁਕਾਬਲੇ ਦੇ ਪ੍ਰਬੰਧਕਾਂ ਨੂੰ ਸੁੰਦਰੀਆਂ ਦੀ ਜਾਂਚ ਕਰਨੀ ਚਾਹੀਦੀ ਹੈ ਕਿ ਉਹ ਕੁਪੋਸ਼ਨ ਦੀਆਂ ਸ਼ਿਕਾਰ ਤਾਂ ਨਹੀਂ ਕਿਉਂਕਿ ਅਜਿਹੇ ਹਾਲਾਤ ਵਿੱਚ ਉਹ ਸੁੰਦਰਤਾ ਅਤੇ ਸਿਹਤਮੰਦ ਹੋਣ ਦਾ ਸੰਦੇਸ਼ ਕਿਵੇਂ ਦੇ ਸਕਦੀਆਂ ਹਨ। ਡਾ. ਕੇਥਾਲੇਰੋ ਦੇ ਅਨੁਸਾਰ ਮਿਸ ਅਮਰੀਕਾ ਬਣਨ ਦੀ ਲਾਲਸਾ ਵਿੱਚ ਸੁੰਦਰੀਆਂ ਪਿਛਲੇ ਰਿਕਾਰਡ ਤੋੜ ਦੇਣਾ ਚਾਹੁੰਦੀਆਂ ਹਨ ਜਦਕਿ ਖ਼ੁਰਾਕ ਮਾਹਿਰਾਂ ਨੇ ਇਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਕੁਪੋਸ਼ਣ ਦਾ ਸ਼ਿਕਾਰ ਦੱਸਿਆ ਹੈ। ਵਿਸ਼ਵ ਬੈਂਕ ਦੇ ਖ਼ੁਰਾਕ ਮਾਹਿਰਾਂ ਨੇ ਕਿਹਾ ਹੈ ਕਿ ਭਾਰਤ ਅਤੇ ਬੰਗਲਾਦੇਸ਼ ਦੇ 50 ਤੋਂ 60 ਫ਼ੀਸਦੀ ਪੱਠੇ ਇੰਨੇ ਪਤਲੇ ਹਨ ਕਿ ਕੁਪੋਸ਼ਣ ਦੀ ਸ਼ਿਕਾਰ ਸ਼੍ਰੇਣੀ ਵਿੱਚ ਆਉਂਦੇ ਹਨ।




### ✪ ਅੱਲ੍ਹੜਾਂ ਦੀ ਨੀਂਦ 'ਤੇ ਬੁਰਾ ਅਸਰ ਪਾ ਸਕਦੀ ਹੈ ਇਲੈਕਟ੍ਰਿਕ ਰੌਸ਼ਨੀ

ਜੇਕਰ ਤੁਸੀਂ ਵੀ ਰਾਤ ਦੇ ਸਮੇਂ ਆਪਣੇ ਮੋਬਾਈਲ ਜਾਂ ਲੈਪਟਾਪ 'ਤੇ ਕੰਮ ਕਰਨ ਦੇ ਆਦੀ ਹੋ ਤਾਂ ਸੰਭਲ ਜਾਓ। ਇੱਕ ਖੋਜ 'ਚ ਪਤਾ ਲੱਗਾ ਹੈ ਕਿ ਇਲੈਕਟਰਿਕ ਸਕਰੀਨ 'ਚੋਂ ਨਿਕਲਣ ਵਾਲੀ ਰੌਸ਼ਨੀ ਅੱਲੜ੍ਹਾਂ ਦੀ ਨੀਂਦ 'ਤੇ ਬੁਰਾ ਅਸਰ ਪਾਉਂਦੀ ਹੈ।

ਆਈਲੈਂਡ ਸਥਿਤ ਬਰਾਊਨ ਯੂਨੀਵਰਸਿਟੀ ਦੇ ਖੋਜ ਕਰਤਾਵਾਂ ਨੇ ਪਾਇਆ ਕਿ ਵੱਡੀ ਉਮਰ ਦੇ ਨੌਜਵਾਨ ਲੜਕੇ-ਲੜਕੀਆਂ ਦੇ ਮੁਕਾਬਲੇ 15 ਸਾਲ ਦੇ ਵਿਚਕਾਰ ਦੇ ਅੱਲੜ੍ਹਾਂ ਦੀ ਨੀਂਦ ਸਕਰੀਨ ਦੀ ਰੌਸ਼ਨੀ ਦੇ ਪ੍ਰਤੀ ਜ਼ਿਆਦਾ ਸੰਵੇਦਨਸ਼ੀਲ ਹੁੰਦੀ ਹੈ ਖੋਜਕਰਤਾਵਾਂ ਅਨੁਸਾਰ ਰਾਤ 'ਚ ਇਲੈਕਟਰਿਕ ਯੰਤਰਾਂ 'ਚੋਂ ਨਿਕਲਣ ਵਾਲੀ ਤੇਜ਼ ਰੌਸ਼ਨੀ ਅੱਲੜ੍ਹਾਂ ਦੀ ਨੀਂਦ ਦੇ ਹਾਰਮੋਨ ਪੇਲਾਟੋਨਿਨਜ ਦੇ ਅਸਰ ਨੂੰ ਘੱਟ ਕਰਦੀ ਹੈ। ਮਾਹਿਰਾਂ ਦੇ ਅਨੁਸਾਰ ਜਿੰਨੀ ਤੇਜ਼ ਰੌਸ਼ਨੀ ਹੋਵੇਗੀ ਉਨਾਂ ਹੀ ਇਨ੍ਹਾਂ ਹਾਰਮੋਨਾਂ 'ਤੇ ਇਸ 'ਤੇ ਇਸ ਦਾ ਅਸਰ ਜ਼ਿਆਦਾ ਹੋਵੇਗਾ। ਮਨੋਵਿਗਿਆਨੀ ਅਤੇ ਮਨੁੱਖੀ ਵਿਵਹਾਰ ਦੀ ਪ੍ਰੋ. ਪੈਰੀ ਕਾਰਸ ਨੇ ਕਿਹਾ ਹੈ ਕਿ ਰਾਤ 'ਚ ਮੋਬਾਇਲ ਅਤੇ ਹੋਰ ਯੰਤਰਾਂ 'ਚੋਂ ਨਿਕਲਣ ਵਾਲੀ ਚਲਦੀ ਰੌਸ਼ਨੀ ਵੀ ਨੀਂਦ ਨੂੰ ਪ੍ਰਭਾਵਿਤ ਕਰਨ ਵਾਲੀ ਕਾਫੀ ਹੈ।

### ✪ 65 ਤੋਂ ਉੱਪਰ ਗੰਭੀਰ ਹੋ ਸਕਦਾ ਹੈ ਤਣਾਅ

ਵੱਧਦੀ ਉਮਰ 'ਚ ਸਿਰਫ ਸਰੀਰ ਹੀ ਨਹੀਂ, ਸਗੋਂ ਦਿਮਾਗ ਵੀ ਜਲਦੀ ਹੀ ਥੱਕ ਜਾਂਦਾ ਹੈ। ਇਸ ਕਾਰਨ ਵੱਡੀ ਉਮਰ 'ਚ ਤਣਾਅ ਵਰਗੀਆਂ ਸੱਮਿਸਿਆਵਾਂ ਜ਼ਿਆਦਾ ਗੰਭੀਰ ਹੋ ਜਾਂਦੀਆਂ ਹਨ। ਇੱਕ ਤਾਜ਼ਾ ਖੋਜ ਦੇ ਅਨੁਸਾਰ 65 ਸਾਲ ਦੀ ਉਮਰ ਤੋਂ ਬਾਅਦ ਤਣਾਅ ਦੇ ਲੱਛਣ ਲਗਾਤਾਰ ਗੰਭੀਰ ਹੁੰਦੇ ਹਨ। ਇੰਗਲੈਂਡ ਦੀ ਬ੍ਰੈਡਫੋਰਡ ਯੂਨੀਵਰਸਿਟੀ ਦੇ ਖੋਜ਼ੀ ਰੈਲੂਨਾ ਜੁਈ ਨੇ ਕਿਹਾ ਹੈ ਕਿ ਲੰਬੀ ਉਮਰ ਤੱਕ ਜਵਾਨ ਰਹਿਣਾ ਖ਼ੁਸ਼ੀ ਦੀ ਗੱਲ ਤਾਂ ਹੈ ਪਰ ਸਾਨੂੰ ਵੱਡੀ ਉਮਰ ਦੀਆਂ ਪ੍ਰੇਸ਼ਾਨੀਆਂ ਨੂੰ ਸਮਝਣਾ ਹੋਵੇਗਾ। ਖੋਜ਼ ਦੌਰਾਨ ਆਸਟਰੇਲੀਆਂ ਦੇ ਕੋਈ 2000 ਤੋਂ ਜ਼ਿਆਦਾ ਬਜ਼ੁਰਗਾਂ 'ਤੇ 15 ਸਾਲ ਤੱਕ ਅਧਿਐਨ ਕੀਤਾ ਗਿਆ। ਅਧਿਐਨ ਦੌਰਾਨ ਔਰਤ ਤੇ ਮਰਦ ਦੋਹਾਂ 'ਚ ਉਮਰ ਦੇ ਨਾਲ ਤਣਾਅ ਦੇ ਲੱਛਣਾਂ 'ਚ ਵਾਧਾ ਪਾਇਆ ਗਿਆ। ਸ਼ੁਰੂਆਤੀ ਦੌਰ 'ਚ ਔਰਤਾਂ ਵਿੱਚ ਤਣਾਅ ਦੇ ਲੱਛਣ ਜ਼ਿਆਦਾ ਸਨ। ਪਰ ਉਮਰ ਵੱਧਣ ਦੇ ਨਾਲ ਮਰਦਾਂ 'ਚ ਜ਼ਿਆਦਾ ਤੇਜ਼ੀ ਨਾਲ ਤਣਾਅ ਦੇ ਲੱਛਣ ਵਧੇ।

### ✪ ਹੁਣ ਜ਼ੀਕਾ ਵਾਇਰਸ ਦਾ ਟੀਕਾ ਬਣਾਉਣਾ ਹੋਵੇਗਾ ਸੰਭਵ

ਜ਼ੀਕਾ ਵਾਇਰਸ ਦੁਨੀਆਂ ਭਰ ਦੇ ਸਿਹਤ ਮਾਹਿਰਾਂ ਲਈ ਚਿੰਤਾਂ ਦਾ ਵਿਸ਼ਾ ਬਣਿਆ ਹੋਇਆ ਹੈ। ਬ੍ਰਾਜੀਲ 'ਚ ਤਾਂ ਹਾਲਾਤ ਬਹੁਤ ਖਰਾਬ ਹੋ ਚੁੱਕੇ ਹਨ। ਇਸ ਨਾਲ ਨਿਪਟਣ ਦੀ ਦਿਸ਼ਾ 'ਚ ਉਮੀਦ ਦੀ ਕਿਰਨ ਦਿਖੀ ਹੈ। ਜ਼ੀਕਾ ਵਾਇਰਸ ਦੇ ਸੰਕ੍ਰਮਣ ਨੂੰ ਫੈਲਣ ਤੋਂ ਰੋਕਣ ਦੀ ਦਿਸ਼ਾ 'ਚ ਹੁਣ ਅਮਰੀਕੀ ਵਿਗਿਆਨੀਆਂ ਨੂੰ ਸ਼ਾਨਦਾਰ ਸਫ਼ਲਤਾ ਮਿਲੀ ਹੈ। ਖੋਜ਼ਕਰਤਾਵਾਂ ਨੇ ਚੂਹਿਆਂ 'ਚ ਇਸ ਖ਼ਤਰਨਾਕ ਵਾਇਰਸ ਦੇ ਐਂਟੀਬਾਡੀਜ਼ ਦਾ ਪਤਾ ਲਗਾਉਣ ਦਾ ਦਾਅਵਾ ਕੀਤਾ ਹੈ। ਇਸ ਦੀ ਮੱਦਦ ਨਾਲ ਭਵਿੱਖ 'ਚ ਜ਼ੀਕਾ ਵਾਇਰਸ ਨਾਲ ਨਿਪਟਣ ਦਾ ਟੀਕਾ ਬਣਾਉਣਾ ਸੰਭਵ ਹੋਵੇਗਾ। ਇਹ ਵਾਇਰਸ ਐਡੀਜ਼ ਐਨਿਪਟ ਮੱਛਰ ਨਾਲ ਫੈਲਦਾ ਹੈ। ਇਸ ਨਾਲ ਗਰਭ 'ਚ ਬੱਚੇ ਮਾਈਕਰੋ ਸਿਫੈਲੀ (ਸਿਰ ਦਾ ਅਨਿਯਮਿਤ ਆਕਾਰ) ਦੇ ਸ਼ਿਕਾਰ ਹੋ ਜਾਂਦੇ ਹਨ। ਹਾਲੇ ਇਸ ਦਾ ਕੋਈ ਇਲਾਜ ਨਹੀਂ ਹੈ। ਜ਼ੀਕਾ ਵਾਇਰਸ ਦੀ ਪਛਾਣ ਸਭ ਤੋਂ ਪਹਿਲਾਂ ਯੁਗਾਂਡਾਂ 'ਚ ਕੀਤੀ ਗਈ ਸੀ। ਜ਼ੀਕਾ ਵਾਇਰਸ ਦੇ ਖ਼ਤਰੇ ਨੂੰ ਦੇਖਦੇ ਹੋਏ ਵਿਸ਼ਵ ਸਿਹਤ ਸੰਗਠਨ ਐਮਰਜੈਂਸੀ ਹਾਲਾਤ ਤੱਕ ਦਾ ਐਲਾਨ ਕਰ ਚੁੱਕਾ ਹੈ।

### ✪ ਕੋਲੋਨ ਕੈਂਸਰ ਦੇ ਨਵੇਂ ਰੂਪ ਦਾ ਪਤਾ ਲੱਗਾ

ਕੈਂਸਰ ਦਾ ਹੁਣ ਇੱਕ ਹੋਰ ਦੁਰਲੱਭ ਰੂਪ ਸਾਹਮਣੇ ਆਇਆ ਹੈ। ਜਰਮਨੀ ਦੇ ਵਿਗਿਆਨੀਆਂ ਨੇ ਕੋਲੋਨ ਕੈਂਸਰ ਦੇ ਨਵੇਂ ਰੂਪ ਦਾ ਪਤਾ ਲਗਾਇਆ ਹੈ। ਇਹ ਐਮ ਐਸ ਐਚ -3 ਨਾਂ ਦੇ ਜੀਨ 'ਚ ਬਦਲਾਅ ਦੇ ਕਾਰਨ ਹੁੰਦਾ ਹੈ। ਇਸ ਤੋਂ ਪਹਿਲਾਂ ਇਸ ਬਾਰੇ ਕੋਈ ਜਾਣਕਾਰੀ ਮੁਹਈਆ ਨਹੀਂ ਸੀ। ਬਾਨ ਯੂਨੀਵਰਸਿਟੀ ਦੇ ਸਟੀਫ਼ਨ ਆਰਜ ਨੇ ਆਪਣੇ ਸਹਿਯੋਗੀਆਂ ਨਾਲ ਮਿਲ ਕੇ ਇਸ ਦਾ ਪਤਾ ਲਗਾਇਆ ਹੈ। ਉਨ੍ਹਾਂ ਦੱਸਿਆ ਕਿ ਸਬੰਧਤ ਮਾਲਿਕਿਊਲ ਦੇ ਤਾਣੇ-ਬਾਣੇ ਦਾ ਪਤਾ ਲੱਗਣ ਨਾਲ ਇਸ ਰੋਗ ਨਾਲ ਨਿਪਟਣ ਲਈ ਨਵੀਂ ਦਵਾਈ ਤਿਆਰ ਕਰਨ 'ਚ ਮੱਦਦ ਮਿਲ ਸਕਦੀ ਹੈ।

...ਜਾਂਦੇ-ਜਾਂਦੇ

ਸਾਈਕਲ ਚਲਾਉਂਣਾ ਸਿਹਤ ਲਈ ਚੰਗਾ ਹੈ। ਇਹ ਤਾਂ ਅਸੀਂ ਸਾਰੇ ਹੀ ਜਾਣਦੇ ਹਾਂ। ਇੱਕ ਨਵੇਂ ਅਧਿਐਨ 'ਚ ਸਾਹਮਣੇ ਆਇਆ ਹੈ ਕਿ ਸਾਈਕਲ ਚਲਾਉਣਾ ਮੂਡ ਲਈ ਵੀ ਫਾਇਦੇਮੰਦ ਹੈ। ਇਸ ਅਧਿਐਨ ਮੁਤਾਬਕ ਸਾਈਕਲ ਚਲਾਉਣ ਵੇਲੇ ਬਾਕੀ ਕਿਸੇ ਵੀ ਸਵਾਰੀ ਦੇ ਮੁਕਾਬਲੇ ਇਨਸਾਨ ਚੰਗੇ ਮੂਡ 'ਚ ਰਹਿੰਦਾ ਹੈ। ਖੋਜ਼ੀਆਂ ਨੇ ਅਮਰੀਕਰਨ ਟਾਈਮ ਯੂਜ਼ ਸਰਵੇ ਦੇ ਅੰਕੜਿਆਂ ਦੇ ਆਧਾਰ 'ਤੇ ਇਹ ਸਿੱਟਾ ਕੱਢਿਆ ਹੈ।

ਪਿੰਡ ਤੇ ਡਾਕ : ਖੋਸ ਪਾਂਡੋ (ਮੋਗਾ)

# ਈਰਖਾ, ਸਾੜਾ, ਜਲਨ

ਡਾ. ਹਰੀਸ਼ ਮਲਹੋਤਰਾ

ਈਰਖਾ ਇਕ ਐਸੀ ਬੀਮਾਰੀ ਹੈ ਜਿਹਦੇ ਬਾਰੇ ਕੁੱਝ ਵਰ੍ਹੇ ਪਹਿਲਾ ਇਹ ਸਮਝਿਆ ਜਾਂਦਾ ਸੀ ਕਿ ਇਹਦਾ ਕੋਈ ਇਲਾਜ ਨਹੀਂ ਹੈ ਪਰ ਹੁਣ ਮਨੋਵਿਗਿਆਨ ਇਹਨਾ ਕਰਨ ਵਿਚ ਸਫਲ ਹੋ ਗਏ ਹਨ। ਅਗਰ ਸਾੜੇ, ਜਲਨ, ਈਰਖਾ ਦੀ ਪ੍ਰੀਭਾਸ਼ਾ ਲੱਭੀ ਜਾਵੇ ਤਾਂ ਔਕਸਫੋਰਡ ਅੰਗਰੇਜ਼ੀ ਡਿਕਸ਼ਨਰੀ ਮੁਤਾਬਕ "ਇਹ ਮਨ ਦੀ ਉਹ ਹਾਲਤ ਹੈ ਜੋ ਸ਼ੱਕ ਅਤੇ ਬਦਲਾਉਣ ਭਾਵਨਾ ਤੋਂ ਪੈਦਾ ਹੁੰਦੀ ਹੈ।" ਇਹ ਐਹੋ ਜੇਹੀ ਭਾਵਨਾ ਹੈ ਜਿਹਦੇ ਤੋਂ ਦੁਨੀਆਂ ਦੇ ਬਹੁਤ ਸਾਰੇ ਲੋਕ ਪ੍ਰਭਾਵਿਤ ਹਨ। ਭਾਂਵੇ ਆਮ ਕਰਕੇ ਧਾਰਨਾ ਇਹ ਬਣੀ ਹੋਈ ਹੈ ਕਿ ਇਸ ਸਾੜੇ, ਜਲਨ, ਈਰਖਾ ਤੋਂ ਔਰਤਾਂ ਜਿਆਦਾਤਰ ਸੜਦੀਆਂ ਬਲਦੀਆਂ ਹਨ ਪਰ ਦੇਖਣ 'ਚ ਆਇਆ ਹੈ ਕਿ ਮਰਦ ਵੀ ਇਸ ਬੀਮਾਰੀ ਤੋਂ ਬਹੁਤ ਜ਼ਿਆਦਾ ਤਾਦਾਦ ਵਿਚ ਪੀੜਤ ਹਨ।

ਕੁਝ ਸਾਲ ਹੋਏ ਮੈਗਜ਼ੀਨ ਫਰਾਂਸ-ਡੀਮਾਨਸ਼ੇ [FRANCE-DIMANCNE] ਨੇ ਇਕ ਸਰਵੇਖਣ ਕੀਤਾ ਤਾਂ ਪਤਾ ਲੱਗਾ ਕਿ ਇਹ ਮਾੜੇ ਦੀ ਖਤਰਨਾਕ ਬੀਮਾਰੀ ਬਹੁਤ ਸਾਰੇ ਲੋਕਾਂ ਨੂੰ ਹੈ। ਸਰਵੇਖਣ ਦੇ ਨਤੀਜਿਆਂ ਤੋਂ ਪਤਾ ਲੱਗਾ ਕਿ ਹਰ ਸਾਲ 300 ਮੌਤਾਂ ਇਸ ਖਤਰਨਾਕ ਬੀਮਾਰੀ ਕਰਕੇ ਫਰਾਂਸ ਵਿਚ ਹੋ ਜਾਂਦੀਆਂ ਹਨ। ਇਹਨਾਂ ਵਿਚ ਈਰਖਾ ਕਰਕੇ 2000 ਲੋਕ ਤਾਂ ਆਤਮ-ਹੱਤਿਆ ਕਰ ਲੈਂਦੇ ਹਨ ਅਤੇ 1000 ਲੋਕ ਕਤਲ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਸਰਵੇਖਣ ਨੂੰ ਵੀ ਇਹ ਜਰਾ ਜ਼ਾਹਿਰ ਕੀਤਾ ਕਿ ਇਹ ਸਾੜੇ ਦੀ ਬੀਮਾਰੀ ਗਰਮੀ ਦੀਆਂ ਛੁੱਟੀਆਂ ਤੋਂ ਬਾਦ ਜ਼ਿਆਦਾ ਜ਼ੋਰ ਪਕੜਦੀ ਹੈ ਕਿਉਂਕਿ ਛੁਟੀਆਂ ਵੇਲੇ ਆਪਣੀ ਰੋਜ਼ਮੁਰਾਂ ਦੀ ਜਿੰਦਗੀ ਬਾਹਰਲੇ ਲੋਕਾਂ ਨੂੰ ਮਿਲਣ ਦਾ ਮੌਕਾ ਜ਼ਿਆਦਾ ਮਿਲਦਾ ਹੈ।

ਆਮ ਲੋਕਾਂ ਦੀ ਇਹ ਧਾਰਨਾ ਹੈ ਕਿ ਸੱਚਾ ਪਿਆਰ ਈਰਖਾ ਤੋਂ ਬਿਨਾਂ ਨਹੀਂ ਹੋ ਸਕਦਾ ਪਰ ਇਹਦੇ ਵਿਚ ਕੋਈ ਸਚਾਈ ਨਹੀਂ ਹੈ। ਗਲ ਸਗੋਂ ਇਸ ਤੋਂ ਉਲਟ ਹੈ। ਸੜਨ, ਈਰਖਾ ਅਤੇ ਜਲਨ ਵਾਲਾ ਇਨਸਾਨ ਦੂਸਰੇ ਇਨਸਾਨਾਂ ਨੂੰ ਆਪਣੇ ਕਾਬੂ ਵਿਚ ਰੱਖਣਾਂ ਚਾਹੁੰਦਾ ਹੈ ਅਤੇ ਉਸਦੇ ਉੱਪਰ ਆਪਣੀ ਕਾਠੀ ਨੂੰ ਮਜ਼ਬੂਤ ਵੀ ਕਰਦਾ ਹੈ ਕਿ ਬਸ ਇਹ ਇਨਸਾਨ ਨਿਰੋਲ ਮੇਰਾ ਹੈ ਅਤੇ ਇਸ ਇਨਸਾਨ ਤੇ ਕਿਸੇ ਦਾ ਕੋਈ ਹੱਕ ਨਹੀਂ ਹੈ।



ਜਦੋਂ ਕਿ ਸੱਚੇ ਪਿਆਰ ਦਾ ਮਤਲਬ ਇਹ ਹੁੰਦਾ ਹੈ ਕਿ ਤੁਸੀਂ ਜਿਸ ਨੂੰ ਪਿਆਰ ਕਰਦੇ ਹੋ, ਉਹਨੂੰ ਹਰ ਤਰ੍ਹਾਂ ਖਾਸ ਰੱਖਣ ਦੀ ਕੋਸ਼ਿਸ਼ ਕਰਦੇ ਹੋ ਅਤੇ ਹਰ ਹੀਲਾ ਵਰਤਦੇ ਹੋ ਕਿਸੇ ਤਰ੍ਹਾਂ ਉਹਨੂੰ ਕੋਈ ਠੇਸ ਨਾ ਪਹੁੰਚੇ ਅਤੇ ਉਹਦਾ ਮਨ ਨਾ ਦੁੱਖੇ। ਪਰ ਇਹ ਈਰਖਾ ਤਾਂ ਬਹੁਤ ਸਾਰੀਆਂ ਖਰਾਬੀਆਂ ਕਰਦੀਆਂ ਹੈ। ਇਹ ਦੁੱਖਾਂ ਦੇ ਪਹਾੜ ਪੈਦਾ ਕਰਦੀ ਹੈ ਅਤੇ ਬਹੁਤ ਜਿਆਦਾ ਨਫਰਤ ਉਜਾਂਉਦੀ ਹੈ।

ਸਰਵੇਖਣ ਦੇ ਨਤੀਜਿਆਂ ਤੋਂ ਇਹ ਵੀ ਪਤਾ ਲੱਗਾ ਕਿ ਆਦਮੀ ਆਮ ਕਰਕੇ 30-40 ਸਾਲ ਦੀ ਉਮਰ ਵਿਚ ਜਿਆਦਾ ਈਰਖਾ ਦੇ ਸ਼ਿਕਾਰ ਹੁੰਦੇ ਹਨ ਕਿਉਂਕਿ ਇਸ ਉਮਰ ਤੇ ਉਹਨਾਂ ਦੀ ਜ਼ੁਆਨੀ ਫਲਾਣ ਵਲ ਮੋੜਾ ਪਾ ਲੈਂਦੀ ਹੈ। ਈਰਖਾ ਦਾ ਜੋਬਨ ਔਰਤਾਂ ਵਿਚ 50-55 ਸਾਲਾਂ ਵਿਚ ਦੇਖਿਆ ਗਿਆ ਹੈ ਜਦ



ਉਹਨਾਂ ਦੀ ਖੂਬਸੂਰਤੀ ਦਾ ਸੂਰਜ ਅਸੁੱਭ ਹੋਣ ਵੱਲ ਕਦਮ ਪੁੱਟਣ ਲੱਗ ਪੈਂਦਾ ਹੈ। ਨਤੀਜਿਆਂ ਇਹ ਵੀ ਦੱਸਿਆ ਕਿ ਜੋ ਲੋਕ ਇਕੋ ਜਗ੍ਹਾ ਬੈਠ ਕੇ ਕੰਮ ਕਰਦੇ ਹਨ ਉਹਨਾਂ ਵਿਚ ਸਾੜੇ ਦੀ ਬੀਮਾਰੀ 36 ਪ੍ਰਤੀਸ਼ਤ ਜਿਆਦਾ ਸੀ। ਜੋ ਲੋਕ ਤੋਰੇ ਫੇਰੇ ਦਾ ਕੰਮ ਕਰਦੇ ਹਨ, ਉਹਨਾਂ ਬਾਰੇ ਕੋਈ ਨਤੀਜਾ ਸਾਹਮਣੇ ਨਹੀਂ ਆਇਆ। ਜਿਹੜੀਆਂ ਵਿਆਹੀਆਂ ਔਰਤਾਂ ਘਰ ਤੋਂ ਬਾਹਰ ਦੂਰ ਕੰਮ ਕਰਦੀਆਂ ਹਨ ਉਹ ਆਪਣੇ ਪਤੀਆਂ ਤੋਂ ਬਹੁਤ ਘੱਟ ਈਰਖਾ ਕਰਦੀਆਂ ਹਨ। ਪਰ ਜਿਹੜੀਆਂ ਘਰੋਂ ਬਾਹਰ ਕੰਮ ਨਹੀਂ ਕਰਦੀਆਂ ਉਹਨਾਂ ਵਿਚੋਂ 38 ਪ੍ਰਤੀਸ਼ਤ ਔਰਤਾਂ ਇਸ ਈਰਖਾ ਵਿਚ ਸੜਦੀਆਂ ਹਨ ਕਿ ਉਹਨਾਂ ਦੇ ਪਤੀਆਂ ਦੇ ਔਫਿਸ ਦੀਆਂ ਸੈਕਟ੍ਰੀਆਂ ਜਾਂ ਹੋਰ ਔਰਤਾਂ ਨਾਲ ਨਜ਼ਾਇਜ਼ ਸਬੰਧ ਹਨ। ਇਹ ਵੀ ਮੰਨਿਆ ਗਿਆ ਹੈ ਕਿ ਸਾੜੇ, ਜਲਨ, ਅਤੇ ਈਰਖਾ ਦਾ ਬੀਮਾਰੀ ਸਿਰਫ ਇਸੇ ਕੌਮ, ਮੁਲਕ ਜਾਂ ਧਰਮ ਨਾਲ ਹੀ ਸਬੰਧਤ ਨਹੀਂ ਹੈ, ਸਗੋਂ ਇਸ ਬੀਮਾਰੀ ਦੇ ਜਰਾਸੀਮ ਦੁਨੀਆਂ ਦੇ ਹਰ ਕੋਨੇ ਵਿਚ ਪੈਰ ਪਸਾਰੀ ਬੈਠੇ ਹਨ। ਇਹ ਘਿਨਾਉਣੀ ਬੀਮਾਰੀ ਤਾਂ ਐਸੀ ਹੈ ਜਿਵੇਂ ਕਿਸੇ ਨਦੀ ਦਾ ਤੇਜ਼ਾਬੀ ਪਾਣੀ ਹੋਵੇ ਅਤੇ ਜਿਹਨੂੰ ਵੀ ਇਹ ਪਾਣੀ ਛੂਹ ਜਾਵੇ, ਉਹਦੇ ਜਖਮ ਕਰ ਦਿੰਦਾ ਹੈ। ਕਈ ਵਾਰ ਤਾਂ ਇਉਂ ਲਗਦਾ ਹੈ ਇਹ ਸਾੜਾ ਸਾਰੀ ਕਾਇਨਾਤ ਦੀ ਫਿਜ਼ਾ ਵਿਚ ਘੁਲਿਆ ਮਿਲਿਆ ਹੈ ਅਤੇ ਹਰ ਸਾਹ ਲੈਣ ਵਾਲਾ ਜੀਵ ਇਹਦਾ ਸ਼ਿਕਾਰ ਹੈ। ਹੈਰਾਨਗੀ ਇਸ ਗਲ ਦੀ ਹੈ ਕਿ ਜਦ ਇਸ ਬੀਮਾਰੀ ਦਾ ਕੋਈ ਮਕਸਦ ਵੀ ਨਜ਼ਰ ਨਹੀਂ ਆਉਂਦਾ। ਇਸ ਬੀਮਾਰੀ ਦਾ ਨੁਕਸਾਨ ਉਹਨਾਂ ਲੋਕਾਂ ਨੂੰ ਜ਼ਿਆਦਾ ਹੁੰਦਾ ਹੈ ਜੋ ਇਸ ਤੋਂ ਪੀੜਤ ਹੁੰਦੇ ਹਨ ਨਾਂ ਕਿ ਜਿਹਨਾਂ ਨਾਲ ਸਾੜਾ ਕੀਤਾ ਜਾਂਦਾ ਹੈ। ਪੰਜਾਬੀ ਦੀ ਕਹਾਵਤ 'ਪਤੀਲੀ ਉਬਲੇਗੀ ਤਾਂ ਆਪਣੇ ਕੰਢੇ ਹੀ ਸਾੜੇਗੀ' ਵਾਲੀ ਕਹਾਵਤ ਠੀਕ ਹੈ। ਸ਼ਇਦ ਅਸੀਂ ਇਹ ਸੋਚ ਲਈਏ ਕਿ ਸਾੜਾ, ਈਰਖਾ, ਜਲਨ ਸਾਇਦ ਉਹਨਾਂ ਲੋਕਾਂ ਨੂੰ ਹੀ ਹੁੰਦੀ ਹੈ ਜੋ ਅਣਪੜ, ਘੱਟੋ-ਘੱਟ ਪੜ੍ਹੇ ਜਾਂ ਅੱਧਪੜ੍ਹੇ ਹੋਣ, ਬਿਲਕੁਲ ਗਲਤ ਹੈ। ਇਹ ਬੀਮਾਰੀ ਤਾਂ ਉਹਨਾਂ ਲੋਕਾਂ ਵਿਚ ਦੇਖੀ ਗਈ ਹੈ ਜੋ ਦਿਮਾਗੀ ਤੌਰ ਤੇ ਵੀ ਬਹੁਤ ਜ਼ਿਆਦਾ ਰੋਸ਼ਨ ਸਨ ਅਤੇ ਦੁਨੀਆਂ ਦੇ ਚੋਟੀ ਦੇ ਪੜ੍ਹਿਆਂ ਲਿਖਿਆਂ ਅਤੇ ਸਿਆਣਿਆਂ ਵਿਚ ਗਿਣੇ ਜਾਂਦੇ ਸਨ।

ਅਸੀਂ ਇਹ ਵੀ ਸੁਣਦੇ, ਦੇਖਦੇ ਅਤੇ ਪੜ੍ਹਦੇ ਹਾਂ ਕਿ ਫਲਾਣੇ ਨੇ ਈਰਖਾਵਸ ਹੋ ਕੇ ਆਪਣੇ ਪਿਆਰੇ/ਪਿਆਰੀ ਦਾ ਕਤਲ ਕਰ ਦਿੱਤਾ। ਆਉ ਕੁਝ ਉਦਾਰਣਾਂ ਨਾਲ ਇਸ ਗਲ ਨੂੰ ਨਤਾਰੀਏ: ਕੁਝ ਵਰ੍ਹੇ ਹੋਏ ਕਿ ਔਰਤ ਨੇ ਜਿਸ ਕਰਕੇ ਤਲਾਕ ਲਿਆ ਕਿ ਉਹ ਕਿਸੇ ਬਿਊਟੀ ਕਲੀਨਿਕ ਵਿੱਚ ਕੰਮ ਕਰਦੀ ਸੀ ਜਿਥੇ ਆਦਮੀ ਵੀ ਆਉਂਦੇ ਸਨ ਅਤੇ ਉਹਦਾ ਪਤੀ ਈਰਖਾ ਵਸ ਉਹਦੇ ਤੇ ਸ਼ੱਕ ਕਰਨ ਲਗ ਪਿਆ ਕਿ ਉਹਦੇ ਆਦਮੀਆਂ ਨਾਲ ਨਜ਼ਾਇਜ਼ ਸਬੰਧ ਸਨ। ਜੱਜ ਨੇ ਤਲਾਕ ਦਿੰਦੇ ਕਿਹਾ, "ਨਜ਼ਾਇਜ਼ ਸਬੰਧਾਂ ਦਾ ਕੋਈ ਵੀ ਸਬੂਤ ਮੇਰੇ

ਸਾਹਮਣੇ ਪੇਸ਼ ਨਹੀਂ ਕੀਤਾ ਗਿਆ।”

ਇਸੇ ਤਰ੍ਹਾਂ ਹੀ ਆਸਟ੍ਰੇਲੀਆਂ ਵਿਚ ਇਕ ਕੇਸ ਸਾਹਮਣੇ ਆਇਆ ਜਿਥੇ ਉਹ ਆਦਮੀ ਕੰਮ ਤੇ ਜਾਣ ਤੋਂ ਪਹਿਲਾਂ ਪਤਨੀ ਨੂੰ ਇਕ ਪਾਣੀ ਵਾਲੇ ਟੈਂਕ ਦੇ ਕਮਰੇ ਵਿਚ ਬੰਦ ਕਰ ਦਿੰਦਾ ਸੀ ਅਤੇ ਉਹ ਸਾਰਾ ਦਿਨ ਇਕ ਨਾੜੇ ਨਾਲ ਨਾਲ ਤਰਲ ਖਾਣਾ ਖਿਚ ਕੇ ਆਪਣੇ ਆਪ ਨੂੰ ਭੁੱਖ ਤੋਂ ਬਚਾਉਂਦੀ ਸੀ। ਪਤੀ ਆਪਣੀ ਪਤਨੀ ਦੇ ਹਰ ਪਲ ਤੇ ਕਾਬੂ ਪਾਉਣਾ ਚਾਹੁੰਦਾ ਸੀ ਅਤੇ ਉਹਨੂੰ ਗੁਲਾਮ ਬਣਾ ਕੇ ਰੱਖਣਾ ਚਾਹੁੰਦਾ ਸੀ। ਪਤਨੀ ਦਾ ਛੁਟਕਾਰਾ ਤਲਾਕ ਲੈ ਕੇ ਹੀ ਹੋਇਆ।

ਜਦ ਪੁਲੀਸ ਸਾਰਜੈਂਟ ਹੇਨਰੀ ਬਰਜਿਸ [HENRY BURGESS] ਨੇ ਆਪਣੀ ਮਹਿਬੂਬਾ ਦਾ ਸਾੜੇਵਸ ਹੋ ਕੇ ਕਤਲ ਕੀਤਾ ਤਾਂ ਉਹ ਚੀਕਾਂ ਮਾਰਕੇ ਕਹਿ ਰਿਹਾ ਸੀ, “ਮੇਰੀ ਪਿਆਰੀ ਔਰਤ, ਮੈਂ ਤੈਨੂੰ ਕਦੇ ਵੀ ਪਿਆਰ ਕਰਨਾ ਬੰਦ ਨਹੀਂ ਕੀਤਾ।” ਜਦੋਂ ਕਿ ਸਚਾਈ ਇਹ ਹੈ ਕਿ ਇਸ ਪੁਲੀਸ ਸਾਰਜੈਂਟ ਉਹ ਸਭ ਕੁੱਝ ਤਬਾਹ ਕਰ ਦਿੱਤਾ ਜੇਕਰ ਉਹ ਦਾਵਾ ਕਰ ਰਿਹਾ ਸੀ ਕਿ ਉਹਨੂੰ ਬਹੁਤ ਪਿਆਰਾ ਹੈ। ਇਹ ਕੰਮ ਕੋਈ ਮੂਰਖ ਹੀ ਕਰ ਸਕਦਾ ਹੈ। ਇਸੇ ਤਰ੍ਹਾਂ ਐਵਾਰਡ ਬੈਲੀ ਨਾਂ ਦੇ ਆਦਮੀ ਨੇ ਐਨਾ ਸੈਰਾ ਨਾਂ ਦੀ ਆਪਣੀ ਮਹਿਬੂਬਾ ਨੂੰ ਸਾੜੇਵਸ, ਕਾਰਥੱਲੇ ਦੇ ਕੇ ਮਾਰਨ ਦੀ ਕੋਸ਼ਿਸ਼ ਕੀਤੀ। ਬਰਾਇਨ, ਬੈਨਟ ਨਾਂ ਦਾ ਆਦਮੀ ਈਰਖਾ ਤੋਂ ਐਨਾ ਜਿਆਦਾ ਬੀਮਾਰ ਸੀ ਕਿ ਜਦ ਉਹ ਆਪਣੀ ਪਤਨੀ ਸਾਂਡਰਾ ਨੂੰ ਵਿਆਹ ਤੋਂ ਬਾਦ ਹਨੀਮੂਨ ਤੇ ਲੈ ਕੇ ਗਿਆ ਤਾਂ ਉਹਦੇ ਮੂੰਹ ਤੇ ਥੱਪੜ ਕੱਢ ਮਾਰਿਆ ਕਿ ਉਹ ਇਕ ਮਰਦ ਵੱਲ ਕਿਉਂ ਦੇਖ ਰਹੀ ਸੀ। ਅਗਰ ਕੋਈ ਮਰਦ ਉਹਦੇ ਵਲ ਦੇਖਦਾ ਹੁੰਦਾ ਉਹ ਸਾਂਡਰਾ ਦੀ ਪਿਟਾਈ ਕਰ ਦਿੰਦਾ। ਕ੍ਰਿਸਮਸ ਵੇਲੇ ਜਦ ਸਾਂਡਰਾ ਦੀ ਮਾਂ ਨੂੰ ਇਕ ਵਧੀਆ ਕੋਟ ਲੈ ਕੇ ਦਿੱਤਾ ਤਾਂ ਬਰਾਇਨ ਨੇ ਉਸ ਕੋਟ ਨੂੰ ਅੱਗ ਲਾ ਕੇ ਸਾੜ ਦਿੱਤਾ। ਤਲਾਕ ਵੇਲੇ ਬਰਾਇਨ ਨੇ ਸਾੜੇ ਵਾਲੀ ਬੀਮਾਰੀ ਨੂੰ ਕਬੂਲਦੇ ਹੋਏ ਕਿਹਾ, “ਮੈਂ ਇਹ ਬਰਦਾਸ਼ਤ ਨਹੀਂ ਕਰ ਸਕਦਾ ਕਿ ਬਸ ’ਚ ਜਾਂ ਕਿਤੇ ਹੋਰ ਥਾਂ ਕੋਈ ਵੀ ਮਰਦ ਸਾਂਡਰਾ ਵਲ ਦੇਖੇ।” “ਇਸ ਈਰਖਾ ਰੋਗ ਦੇ ਕੇਸ ਇਨੇ ਜ਼ਾਲਮ ਅਤੇ ਨਿਰਦਈ ਹਨ ਕਿ ਕਲੇਜਾ ਮੂੰਹ ਨੂੰ ਆਉਂਦਾ ਹੈ ਜਿਵੇਂ, ਇਕ ਆਦਮੀ ਨੇ ਸਾੜੇ ਦੀ ਬੀਮਾਰੀ ਕਾਰਨ ਆਪਣੀ ਪਤਨੀ ਦੀ ਕਾਰ ਦੇ ਸਲੰਸਰ ਵਿਚ ਅੱਗ ਲੱਗਣ ਵਾਲਾ ਮਸਾਲਾ ਪਾ ਦਿਤਾ ਕਿ ਜਦ ਉਹ ਕਾਰ ਚਲਾਵੇਗੀ ਤਾਂ ਕਾਰ ਨੂੰ ਅੱਗ ਲੱਗ ਜਾਵੇਗੀ ਅਤੇ ਪਤਨੀ ਦਾ ਫਸਤਾ ਵੱਢਿਆ ਜਾਵੇਗਾ। ਬਹੁਤ ਸਾਰੀਆਂ ਖਬਰਾਂ, ਐਹੋ ਜੇਹੀਆਂ ਵੀ ਪੜ੍ਹਨ ਸੁਣਨ ਨੂੰ ਮਿਲਦੀਆਂ ਹਨ ਜੇਹਨਾਂ ਵਿਚ ਚਾਕੂ ਨਾਲ ਹਮਲਾ ਕਰ ਜਾਨੋ ਮਾਰ ਦਿੱਤਾ ਸੀ। ਸੂਜ਼ਨ ਲੀਅ ਨਾਂ ਦੀ ਔਰਤ ਨੇ ਆਪਣੇ ਪਤੀ ਦੀ ਬੈਡ ਨੂੰ ਉਸ ਵੇਲੇ ਅੱਗ ਲਾ ਦਿੱਤੀ ਜਦ ਉਹ ਘੂਕ ਸੁੱਤਾ ਪਿਆ ਸੀ ਅਤੇ ਜਲ ਕੇ ਰਾਖ ਹੋ ਗਿਆ। ਸੂਜ਼ਨ ਨੇ ਇਹ ਕੰਮ ਸਾੜੇਵਸ ਹੋ ਕੇ ਉਸ ਵੇਲੇ ਕੀਤਾ ਜਦ ਉਹਨੂੰ ਇਹ ਪਤਾ ਲੱਗਾ ਸੀ ਕਿ ਉਸਦਾ ਪਤੀ ਕਿਸੇ ਹੋਰ ਔਰਤ ਨਾਲ ਗੁਲਸ਼ਰੇ ਉਡਾ ਰਿਹਾ ਸੀ। ਐਹੋ ਜਿਹੀਆਂ ਉਦਾਹਰਣਾਂ ਦੀ ਸੂਚੀ ਬਹੁਤ ਲੰਬੀ ਹੈ।

ਇਸ ਜਲਨ ਦੀ ਬੀਮਾਰੀ ਦੀ ਸਿਫਤ ਵਿਚ ਦੁਨੀਆਂ ਦੇ ਬਹੁਤ ਸਾਰੇ ਮਹਾਨ ਲੇਖਕ, ਸਾਇੰਸਦਾਨ, ਸਿਆਸਤਦਾਨ ਅਤੇ ਹੋਰ ਬੁੱਧੀਜੀਵੀ ਵੀ ਸ਼ਾਮਲ ਹਨ। ਪੰਜਾਬੀ ਦੇ ਪ੍ਰਸਿੱਧ ਅਤੇ ਬਹੁ-ਚਰਚਿਤ ਕਵੀ ਸ਼ਿਵ ਕੁਮਾਰ ਬਟਾਲਵੀ ਨੂੰ ਇਕ ਰੇਡੀਉ ਪ੍ਰੋਡਿਊਸਰ ਨੇ ਖੁਦ ਇਕ ਕਵੀ ਸੀ, ਰੇਡਿਉ ਤੇ ਕਵਿਤਾ ਸੁਨਾਉਣ ਦਾ ਕਦੇ ਮੌਕਾ ਨਹੀਂ ਸੀ ਦਿੱਤਾ। ਮੈਂ ਇਕ ਨਹੀਂ ਕਈ ਪੰਜਾਬੀ ਲੇਖਕਾਂ ਨੂੰ ਜਾਣਦਾ ਹਾਂ ਜੋ ਕਦੇ ਕਿਸੇ ਹੋਰ ਪੰਜਾਬੀ ਲੇਖਕ ਦੀ ਪ੍ਰਸ਼ੰਸਾ ਨਹੀਂ ਕਰਨਗੇ ਅਤੇ ਉਹਨਾਂ ਨੂੰ ਇਸ ਗਲ ਦੀ ਸੜਨ ਰਹਿੰਦੀ ਹੈ ਕਿ ਫਲਾਣੇ ਲੇਖਕ ਦੀ ਰਚਨਾ ਪਰਦੇ ਵਿਚ ਮੇਰੀ ਰਚਨਾ ਤੋਂ ਪਹਿਲਾਂ ਜਾਂ ਮੇਰੇ ਨਾਲ ਕਿਉਂ ਛਾਪੀ ਗਈ ਹੈ। ਇਕ ਆਪਣੇ ਆਪ ਨੂੰ ਵੱਡਾ ਲੇਖਕ ਹੋਣ ਦਾ ਭਰਮ ਭਾਲ ਰਹੇ ਅਤੇ ਨਕਸਲਵਾੜੀ ਲੇਖਕ ਕਵੀ ਕਹਾਉਣ ਵਾਲੇ ਨੂੰ ਇਕ ਅੰਗਰੇਜ਼ੀ ਪਬਲਿਸ਼ਰ ਨੇ ਜਦ ਕਿਤਾਬ “ਜਾਅਲੀ ਦੁਨੀਆਂ” ਬਾਰੇ ਵਿਚਾਰ ਪੁੱਛੇ ਤਾਂ ਉਹਨੇ ਬੜੇ ਘਟੀਆ ਵਿਚਾਰ ਦਿਤੇ। ਮੇਰੀ ਇਹ ਕਿਤਾਬ ਮੇਨ ਸਟਰੀਮ ਅੰਗਰੇਜ਼ੀ ਪਬਲੀਕੇਸ਼ਨ ’ਚ ਛਪਣ ਤੋਂ ਵਾਂਝੀ ਰਹਿ ਗਈ ਅਤੇ ਬਾਦ ਵਿਚ ਮਾਰਗਰੇਟ ਪੰਜਲ ਦੁਆਰਾ ਅਨੁਵਾਦ ਤੇ ਮੈਂ ਖੁਦ ਆਪਣੇ ਪੱਲਿਓ DREAM LAND ਨਾਂ ਥੱਲੇ ਛਪਾਈ। ਸਚਾਈ ਇਹ ਵੀ ਹੈ ਜਦ ਅਵਤਾਰ ਪਾਸ਼ ਇੰਗਲੈਂਡ ਆਇਆ ਸੀ ਤਾਂ ਮੇਰੀ ਇਹ ਕਿਤਾਬ ਕਈ ਵਾਰ ਪੜ੍ਹੀ ਅਤੇ ਇਕ ਵਾਰ ਗੱਲਬਾਤ ਤੇ ਕਹਿਣ ਲੱਗਾ ਕਿ ਹੁਣ ਤਾਂ ਮੈਨੂੰ ਜ਼ੁਬਾਨੀ ਚੇਤੇ ਹੋ ਗਈ ਹੈ ਅਤੇ ਇਹਦਾ ਇਕ ਦਿਨ ਮੁੱਲ ਪਵੇਗਾ। ਪ੍ਰਸਿੱਧ ਕਹਾਣੀਕਾਰ ਪ੍ਰੇਮ ਪ੍ਰਕਾਸ਼ ਜਦ ਇੰਗਲੈਂਡ ਆਇਆ ਤਾਂ “ਜਾਅਲੀ ਦੁਨੀਆਂ” ਪੜ੍ਹ ਕੇ ਕਹਿਣ ਲੱਗਾ, “ਮੈਂ ਹੈਰਾਨ ਹਾਂ ਕਿ ਵਲੈਤ ਦੇ ਲਿਖਾਰੀਆਂ ਨੇ ਇਸ ਕਿਤਾਬ ਦਾ ਬਹੁਤ ਜ਼ਿਆਦਾ ਨੋਟਿਸ ਕਿਉਂ ਨਹੀਂ ਲਿਆ?” ਦੂਜੇ ਪਾਸੇ ਲੇਖਕ ਅਤੇ ਸਿਆਸਤਦਾਨ ਰਣਜੀਤ ਧੀਰ ਅਤੇ ਕੇ.ਸੀ ਮੋਹਣ ਨੇ ਮੇਰੀ ਇਸ ਕਿਤਾਬ ਅਤੇ ਹੋਰ ਲਿਖਤਾਂ ਦੀ ਸਲਾਘਾ ਹੀ ਨਹੀਂ ਕੀਤੀ ਸਗੋਂ ਹਰ ਵੇਲੇ ਲਿਖਣ ਦੀ ਪ੍ਰੇਰਨਾ ਵੀ ਦਿਤੀ ਅਤੇ ਕੇ.ਸੀ ਮੋਹਣ ਨੇ ‘ਪੰਜਾਬ ਟਾਈਮਜ਼’ ਵਿਚ ਕਿਤਾਬ ਨੂੰ ਹਰ ਹਫਤੇ ਛਾਪਿਆ ਵੀ। ਜਦ ਵੀ ਕੁਝ ਲੇਖਕਾਂ ਬਾਰੇ ਸੋਚਦਾ ਹਾਂ ਤਾਂ ਉਹਨਾਂ ਦੇ ਵਰਤਾਵ ਨੂੰ ਸਿਰਫ “ਸਾੜੇ”, ਜਲਨ, ਈਰਖਾ ਦਾ ਨਾਂ ਹੀ ਦੇ ਸਕਦਾ ਹਾਂ। ਅੱਜ ਕੱਲ ਰੇਡੀਉ ਦੇ ਦੋ ਪ੍ਰੈਜ਼ਟਰਾਂ ਨੇ ਕਿਹਾ ਕਿ ਫਲਾਨਾ ਬੰਦਾ ਬੜਾ ਮਾੜਾ ਕਰਦਾ ਹੈ ਕਿ ਡਾ. ਮਲਹੋਤਰਾ ਨੂੰ ਮੇਰੇ ਤੋਂ ਪਹਿਲਾਂ ਕਿਉਂ ਵਕਤ ਦਿੱਤਾ ਜਾਂਦਾ ਅਤੇ ਤੁਸੀਂ ਉਸਦੀ ਪ੍ਰਸ਼ੰਸਾ ਕਰਦੇ ਹੋ, ਮੇਰੀ ਕਿਉਂ ਨਹੀਂ? ਕਿ ਇਹ ਸਾੜਾ, ਚਲਨ ਜਾਂ ਈਰਖਾ ਨਹੀਂ ਤਾਂ ਹੋਰ ਕੀ ਹੈ? ਐਹੋ ਜੇਹੀਆਂ ਮੇਰੀਆਂ ਜਾਤੀ ਉਦਾਹਰਣਾਂ ਹੋਰ ਵੀ ਬਹੁਤ ਸਾਰੀਆਂ ਹਨ ਜਿਥੇ ਮੇਰੇ ਰਿਸ਼ਤੇਦਾਰਾਂ ਨੇ ਮੈਨੂੰ ਨੀਵਾਂ ਦਿਖਾਉਣ ਦੀਆਂ ਕਈ ਕੋਝੀਆਂ ਚਾਲਾਂ ਚੱਲੀਆਂ। ਇਹ ਜਲਨ ਰੋਗੀ ਤੁਹਾਡੀਆਂ ਜ਼ਿੰਦਗੀਆਂ ਬਰਬਾਦ ਤਨ ਢਲੇ ਜਾਂਦੇ ਹਨ ਅਤੇ ਆਪਣੇ ਆਪ ਨੂੰ ਬਹੁਤ ਜ਼ਿਆਦਾ ਧਾਰਮਿਕ, ਗੁਣੀ ਗਿਆਨੀ ਦਯਾਵਾਨ ਇਨਸਾਨ ਹੋਣ ਦਾ ਢੋਂਗ ਰਚਦੇ ਹਨ।

ਇਤਿਹਾਸ ਗੁਆਹ ਹੈ ਕਿ ਪ੍ਰਿਥਵੀ ਰਾਜ ਚੌਹਾਨ ਪੰਜਾਬ ਦਾ ਇਕ ਸ਼ਕਤੀਸ਼ਾਲੀ ਰਾਜਾ ਸੀ ਅਤੇ ਉਹਦਾ ਮਸੇਰ ਭਰਾ ਜੈ ਚੰਦ ਉਹਦੇ ਨਾਲ ਈਰਖਾ ਕਰਦਾ ਸੀ। ਪ੍ਰਿਥਵੀ ਰਾਜ ਚੌਹਾਨ ਨੂੰ ਤਬਾਹ ਕਰਨ ਲਈ ਉਹਨੇ ਅਬਦਾਲੀ ਨੂੰ ਆਪ ਸੱਦਿਆ ਸੀ ਅਤੇ ਉਹਦੀ ਹਰ ਤਰ੍ਹਾਂ ਦੀ ਮੱਦਦ ਕੀਤੀ ਸੀ ਤਾਂ ਕਿ ਪ੍ਰਿਥਵੀਰਾਜ ਚੌਹਾਨ ਨੂੰ ਨੀਵਾਂ ਦਿਖਾਇਆ ਜਾ ਸਕੇ। ਇਸ ਜਲਨ ਦੀ ਅੱਗ ਨੇ ਇਕੱਲੇ ਪ੍ਰਿਥਵੀ ਰਾਜ ਚੌਹਾਨ ਨੂੰ ਵੀ ਤਬਾਹ ਨਹੀਂ ਕੀਤਾ ਸਗੋਂ ਪੰਜਾਬੀ ਆਦਮੀ, ਔਰਤਾਂ ਅਤੇ ਬੱਚੇ ਵੀ ਇਸ ਜ਼ੁਲਮ ਵਿਚ ਕੁਚਲੇ ਗਏ। ਇਹ ਸਭ ਈਰਖਾ ਕਰਕੇ ਹੋਇਆ।


ਵਿਗਿਆਨ ਜੋਤ

- ਮੈਂਬਰਸ਼ਿਪ ਫੀਸ ਇੱਕ ਸਾਲ ਲਈ 80/-
- ਦੋ ਸਾਲ ਲਈ 150/-

ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ ‘ਵਿਗਿਆਨ ਜੋਤ’ ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 ’ਤੇ ਸੰਪਰਕ ਕਰੋ।

ਇਸ ਬੀਮਾਰੀ ਦੇ ਇਲਾਜ ਗਲ ਕਰਦਿਆਂ ਇਹ ਪਤਾ ਲਗਦਾ ਹੈ ਕਿ ਮੈਡੀਕਲ ਸਾਇੰਸ ਇਸ ਬੀਮਾਰੀ ਨੂੰ ਬਹੁਤ ਦੇਰ ਬੇਇਲਾਜ ਸਮਝਦੀ ਰਹੀ ਪਰ ਵਿਅਨਾ ਦੇ ਮਨੋਵਿਗਿਅਨੀਆਂ ਦਾ ਮੰਨਣਾ ਹੈ ਕਿ ਈਰਖਾ ਦੇ ਜਰਾਸੀਮ ਹੋਰਾਨਾਂ ਬੀਮਾਰੀਆਂ ਨਾਲ ਵੀ ਮੇਲ ਖਾਂਦੇ ਹਨ। ਉਹਨਾਂ ਮੁਤਾਬਕ ਇਹ ਇਕ ਬਹੁਤ ਗੁੰਝਲਦਾਰ ਝਮੇਲਾ ਹੈ ਜਿਸਦੇ ਵਿਚ ਡਰ, ਕਮਜ਼ੋਰੀ, ਘਟੀਆਪਣ ਅਤੇ ਹਉਮੇ ਦੀ ਸ਼ਮੂਲੀਅਤ ਹੈ। ਈਰਖਾ ਕਰਨ ਵਾਲਿਆਂ ਨੂੰ ਲੱਗਦਾ ਹੈ ਕਿ ਉਹਦਾ ਰੁਤਬਾ, ਪੈਂਠ ਅਤੇ ਸਮਾਜਿਕ ਉਚਾਈ ਘੱਟ ਗਈ ਹੈ ਅਤੇ ਇਸੇ ਕਰਕੇ ਦੂਸਰੇ ਇਨਸਾਨ ਦੀ ਸਖਸ਼ੀਅਤ ਵਿਚੋਂ ਕੀੜੇ ਕੱਢਣ ਦਾ ਕੰਮ ਕੀਤਾ ਜਾਂਦਾ ਹੈ। ਮਨੋਵਿਗਿਆਨੀਆਂ ਦਾ ਇਹ ਵੀ ਮੰਨਣਾ ਹੈ ਕਿ ਇਹ ਜਲਨ, ਈਰਖਾ ਦੀ ਬੀਮਾਰੀ, ਪਿਆਰ ਵਾਂਗ ਆਉਣੀ ਜਾਣੀ ਹੈ ਅਤੇ ਇਹਦੇ ਆਉਣ ਜਾਣ ਲਈ ਜ਼ਿਆਦਾ ਜਾਣ ਬੁੱਝ ਕੇ ਤਰੱਦਦ ਵੀ ਨਹੀਂ ਕੀਤਾ ਜਾਂਦਾ। ਸਿਰਫ ਫਰਕ ਇਹ ਹੈ ਕਿ ਪਿਆਰ ਬੇਇਲਾਜ਼ ਹੈ ਪਰ ਈਰਖਾ, ਜਲਨ ਸਾੜੇ ਦਾ ਇਲਾਜ ਸਾਈਕੋਥੈਰੇਪੀ ਨਾਲ ਕੀਤਾ ਜਾ ਸਕਦਾ ਹੈ।

ਦੂਸਰਾ ਕਾਰਗਰ ਇਲਾਜ ਸਮੂਹਿਕ ਨੀਂਦ (ਹਿਪਨੋਟਿਜ਼ਮ) ਵਾਲਾ ਹੈ। ਹਿਪਨੋਟਿਜ਼ਮ ਨਾਲ ਬੀਮਾਰੀ ਦੀਆਂ ਜੜਾਂ ਦੀ ਫਰੋਲਾ ਫਰਾਲੀ ਕੀਤੀ ਜਾਂਦੀ ਹੈ ਅਤੇ ਇਹ ਫਿਰ "ਹਾਂ-ਪੱਖੀ" ਸੁਝਾਅ ਦੇ ਕੇ ਮਰੀਜ਼ ਦਾ ਸਫਲ ਇਲਾਜ ਕੀਤਾ ਜਾਂਦਾ ਹੈ। ਸਭ ਤੋਂ ਜਿਆਦਾ ਮੁਸ਼ਕਲ ਜੋ ਆਪਾਂ ਨੂੰ ਆਉਂਦੀ ਹੈ, ਉਹ ਇਹ ਹੈ ਕਿ ਅਸੀਂ ਇਸ ਗਲ ਨੂੰ ਮੰਨਣ ਤੋਂ ਇਨਕਾਰੀ ਹੁੰਦੇ ਹਾਂ ਕਿ ਮੈਨੂੰ ਈਰਖਾ ਰੋਗ ਹੈ ਅਤੇ ਮੈਂ ਇਸ ਰੋਗ ਕਰਕੇ ਦਿਨ ਰਾਤ ਆਪਣੇ ਆਪ ਵਿਚ ਝਿਜਕ ਮਹਿਸੂਸ ਕਰਦਾ ਹਾਂ ਜਦੋਂ ਇਸ "ਸਾੜਾ ਰੋਗ" ਨਾਲ ਸਾਡੇ ਸਰੀਰ ਤੇ ਫਿਣਸੀਆਂ ਨਿਕਲ ਆਉਂਦੀਆਂ ਹਨ, ਤੇਜ਼ੀ ਨਾਲ ਸਿਰ ਨਾਲ ਸਾਡੇ ਸਿਰ ਤੇ ਵਾਲ ਝੜਨ ਲਗ ਪੈਂਦੇ ਹਨ ਜਾਂ ਅੱਖਾਂ ਦੇ ਉੱਪਰ ਅੰਦਰ ਜਾਂ ਬਾਹਰ ਵਲ ਜਾਂਦੇ ਹਨ।

ਯੋਗਾ ਵਾਲੇ ਇਸ ਬੀਮਾਰੀ ਨੂੰ ਹਰੀਆਂ ਅੱਖਾਂ ਵਾਲਾ ਕਹਿੰਦੇ ਹਨ। ਉਹਨਾਂ ਦਾ ਮੰਨਣਾ ਹੈ ਕਿ ਜਦ ਕੋਈ ਇਨਸਾਨ ਇਸ ਬੀਮਾਰੀ ਦਾ ਸ਼ਿਕਾਰ ਹੋ ਜਾਂਦਾ ਹੈ ਤਾਂ ਉਹਦੇ ਸਰੀਰ ਦੇ ਖਲਾਅ (AURA) ਦਾ ਰੰਗ ਹਰਾ ਹੋ ਜਾਂਦਾ ਹੈ। ਹਾਰਵੇ ਡੇਅ (HARVEY) ਦਾ ਕਹਿਣਾ ਹੈ ਕਿ ਸਾਇੰਸ ਨੇ ਵੀ ਇਸ ਗਲ ਦੀ ਪੁਸ਼ਟੀ ਕਰ ਦਿੱਤੀ ਹੈ ਕਿ ਜਦ ਕੋਈ ਈਰਖਾ ਕਰਦਾ ਹੈ ਤਾਂ ਈਰਖਾ ਦੀਆਂ ਭਾਵਨਾਵਾਂ ਹਰਾ ਰੰਗ ਪੈਦਾ ਕਰਦੀਆ ਹਨ। ਰਾਲਿਨ ਕਲੇਅਰਮੋਂਟ ਦਾ ਮੰਨਣਾ ਹੈ ਕਿ ਬਹੁਤ ਸਾਰੀਆਂ ਸਾਡੀਆਂ ਬੀਮਾਰੀਆਂ ਦੀ ਜੜ੍ਹ ਸਾਡੇ ਮਨ ਦੀ ਸੋਚ ਨਾਲ ਜੁੜੀ ਹੁੰਦੀ ਹੈ। ਰਾਲਿਨ ਕਲੇਅਰਮੋਂਟ ਦਾ ਕਹਿਣਾ ਹੈ ਕਿ ਅਸੀਂ ਬਹੁਤ ਸਾਰੀਆਂ ਬੀਮਾਰੀਆਂ ਨੂੰ ਰੋਕ ਸਕਦੇ ਹਾਂ। ਇਸ ਕੰਮ ਲਈ ਦੋ ਤਰ੍ਹਾਂ ਦੇ ਢੰਗ ਅਪਣਾਉਣੇ ਪੈਣਗੇ: ਇਕ ਤਾਂ ਹੈ ਸਾਡੀ ਗਲਤ ਖਾਣ ਖੁਰਾਕ, ਸ਼ਰਾਬ, ਸਿਗਰਟਾਂ ਅਤੇ ਡਰੱਗਜ਼ ਦੀ ਲੱਤ ਅਤੇ ਘੱਟ ਕਸਰਤ ਕਰਨੀ। ਦੂਜਾ ਹੈ ਕਿ ਆਪ ਨੂੰ ਹਾਲਤਾਂ ਮੁਤਾਬਕ ਬਹੁਤ ਉੱਚੀਆਂ ਉਡਾਰੀਆਂ ਮਾਰਨਾਂ ਬੰਦ ਕਰ ਦਈਏ ਅਤੇ ਆਪਣੇ ਆਪ ਨੂੰ ਹਾਲਤਾਂ ਮੁਤਾਬਕ ਢਾਲ ਲਈਏ ਕਿ ਜਦ ਮੈਂ ਇਹਨਾਂ ਹਾਲਤਾਂ ਨੂੰ ਬਦਲ ਨਹੀਂ ਸਕਦਾ ਤਾਂ ਇਸ ਸਚਾਈ ਨੂੰ ਕਬੂਲ ਕਰ ਲਵਾਂ। ਰਾਲਿਨ ਨੇ ਇਹ ਨਤੀਜਾ ਕੱਢਿਆ ਕਿ ਅਗਰ ਅਸੀਂ ਆਪਣੇ ਸਹਿਤ ਲਈ ਸਰੀਰਕ- (ਜਿਹਦੇ ਵਿਚ ਸਹੀ ਖਾਣ ਖੁਰਾਕ ਅਤੇ ਕਸਰਤ ਆਉਂਦੀ ਹੈ) ਅਤੇ ਮਾਨਸਿਕ ਵਰਤਾਉ ਯਾਨਿ ਕਿ ਸੰਤੁਲਤ ਨਜ਼ਰੀਆ) ਠੀਕ ਰੱਖ ਸਕੀਏ ਤਾਂ ਅਸੀ ਆਪਣੀ ਸੇਹਤ ਨੌਂ ਰੱਖਣ ਵਿਚ ਕਾਮਯਾਬ ਹੋ ਜਾਵਾਂਗੇ। ਇਹ ਵੀ ਬਹੁਤ ਜ਼ਰੂਰੀ ਹੈ ਕਿ ਅਸੀਂ ਆਪਣੇ ਸਰੀਰ ਅਤੇ ਮਨ ਨਾਲ ਪਿਆਰ ਭਰਿਆ ਵਤੀਰਾ ਰੱਖੀਏ। ਅਸੀਂ ਖੁਦ ਆਪਣੇ ਦੁਸ਼ਮਣ ਆਪ ਹਾਂ। ਸਾੜਾ, ਜਲਨ, ਈਰਖਾ ਵਸ ਹੋ ਕੇ ਅਸੀਂ ਆਪਣਾ ਨੁਕਸਾਨ ਆਪ ਕਰਦੇ ਹਾਂ। ਹੋਰਾਂ ਤੋਂ ਇਹ ਆਸ ਰੱਖਣੀ ਕਿ ਸਭ ਲੋਕੀਂ ਮੇਰੇ ਵਾਂਗ ਹੀ ਸੋਚਣ ਜਾਂ ਵਰਤਾਵ ਕਰਨ, ਆਪਣੇ ਆਪ ਨੂੰ ਰੋਗ ਲੁਆਉਣ ਵਾਲੀ ਗਲ ਹੈ। ਲੋਕ ਜਦ ਇਹ ਮਹਿਸੂਸ ਕਰਨ ਲੱਗ ਪੈਣ ਕਿ ਉਹ ਗਲਤ ਸਨ, ਤਾਂ ਉਹ ਤਬਦੀਲ ਹੁੰਦੇ ਹਨ ਨਾਂ ਕਿ ਕਿਸੇ ਦੇ ਕਹਿਣ ਤੇ। ਅਸੀਂ ਭਾਵੇਂ ਮੰਨਦੇ ਹਾਂ ਕਿ ਤਬਦੀਲੀ ਕੁਦਰਤ ਦਾ ਨਿਯਮ ਹੈ ਅਤੇ ਅਸੀਂ ਆਪ ਹਰ ਪਲ ਬਦਲ ਰਹੇ ਹਾਂ ਪਰ ਅਪਣੀਆਂ ਆਦਤਾਂ ਅਤੇ ਵਰਤਾਵ ਨੂੰ ਅਸੀਂ ਸਦਾ ਠੀਕ ਸਾਬਤ ਕਰਨ ਲਈ ਜ਼ੁਲਮ ਦੀਆਂ ਹੱਦਾਂ ਪਾਰ ਕਰ ਜਾਂਦੇ ਹਾਂ। ਨਿਰਦਯਤਾ ਅਤੇ ਜ਼ੁਲਮ ਵਿਚ ਈਰਖਾ ਦਾ ਬੜਾ ਵੱਡਾ ਰੋਲ ਹੋ ਸਕਦਾ ਹੈ ਅਤੇ ਜਦ ਤਕ ਇਹਨੂੰ ਮਨ ਕੇ ਇਹਦੇ ਤੋਂ ਛੁਟਕਾਰਾ ਨਾਂ ਕੀਤਾ ਗਿਆ ਅਸੀਂ ਆਪਣਾ ਅਤੇ ਹੋਰਾਨਾਂ ਦਾ ਨੁਕਸਾਨ ਕਰਦੇ ਰਹਾਂਗੇ।

## ਚਮਤਕਾਰੀ ਬਾਬੇ ਨੂੰ 12 ਸਾਲ ਕੈਦ

ਬ੍ਰਮਿੰਘਮ ਕਰਾਊਨ ਕੋਰਟ 'ਚ 30 ਸਾਲਾ ਸਈਅਦ ਸ਼ਾਹ ਨਾਮੀ ਇਕ ਚਮਤਕਾਰੀ ਬਾਬੇ ਨੂੰ ਇੱਕ ਔਰਤ ਦੇ ਵਿਅਹੁਤਾ ਜੀਵਨ ਵਿੱਚ ਚੱਲ ਰਹੀਆਂ ਮੁਸ਼ਕਿਲਾਂ ਦੇ ਹੱਲ ਲਈ ਸਰੀਰਕ ਸਬੰਧ ਬਣਾਉਣ ਲਈ ਮਜ਼ਬੂਰ ਕਰਨ ਅਤੇ ਧੋਖਾਧੜੀ ਕਰਨ ਦੇ ਦੋਸ਼ 'ਚ 12 ਸਾਲ ਕੈਦ ਦੀ ਸਜ਼ਾ ਸੁਣਾਈ ਹੈ ਅਤੇ ਪੀੜਤਾਂ ਨੂੰ 10 ਹਜ਼ਾਰ ਪੌਂਡ ਮੁਆਵਜ਼ਾ ਅਦਾ ਕਰਨ ਦੇ ਹੁਕਮ ਸੁਣਾਏ ਹਨ। ਅਦਾਲਤ 'ਚ ਦੱਸਿਆ ਗਿਆ ਕਿ ਲੇਟਲੋਅ ਰੋਡ, ਸਟੇਚਫੋਰਡ ਵਾਸੀ ਸਈਅਦ ਸ਼ਾਹ ਬਾਰੇ ਇਕ 28 ਸਾਲਾ ਔਰਤ ਨੇ ਦੱਸਿਆ ਕਿ ਉਹ ਤਿੰਨ ਸਾਲ ਤੋਂ ਵਿਆਹੀ ਹੋਈ ਹੈ, ਉਹ ਇੱਕ ਪੁੱਤਰ ਦੀ ਮਾਂ ਹੈ, ਪਰ ਆਪਣੇ ਨਾਲ ਰਿਸ਼ਤੇ ਤੋਂ ਦੁਖੀ ਹੋਣ ਕਰਕੇ ਉਸ ਦੀ ਸਹੇਲੀ ਨੇ ਇਸ ਦਾ ਇਲਾਜ ਬਾਬਾ ਸ਼ਾਹ ਕੋਲੋਂ ਕਰਵਾਉਣ ਦੀ ਸਲਾਹ ਦਿੱਤੀ। ਸ਼ਾਹ ਨੇ ਬੱਕਰੇ ਦੀ ਬਲੀ ਅਤੇ ਹੋਰ ਮੰਤਰ ਪੜ੍ਹਨ ਲਈ ਕਿਹਾ। ਅਖੀਰ ਇਸ ਨਾਲ ਕੋਈ ਫ਼ਰਕ ਨਾ ਪਿਆ ਤਾਂ ਉਸ ਔਰਤ ਨਾਲ ਬਾਬੇ ਨੇ ਜਿਨਸੀ ਸਬੰਧ ਬਣਾਏ ਅਤੇ ਇਲਾਜ਼ ਦੀ ਫ਼ੀਸ ਵਜੋਂ 6000 ਪੌਂਡ ਵੀ ਲਏ। ਸ਼ਾਹ 'ਤੇ ਇਕ ਹੋਰ 'ਤੇ ਜਿਨਸੀ ਹਮਲਾ ਕਰਨ ਦੇ ਵੀ ਦੋਸ਼ ਹਨ। ਇਨ੍ਹਾਂ ਮਾਮਲਿਆਂ ਵਿੱਚ ਸ਼ਾਹ ਨੂੰ 2 ਸਾਲ ਦੀ ਕੈਦ ਅਤੇ ਔਰਤ ਨਾਲ ਜਬਰ ਜਨਾਹ ਕਰਨ ਅਤੇ ਧੋਖਾਧੜੀ ਕਰਨ ਦੇ ਦੋਸ਼ 'ਚ 12 ਸਾਲ ਕੈਦ ਅਤੇ 10 ਹਜ਼ਾਰ ਪੌਂਡ ਜ਼ੁਰਮਾਨੇ ਦੀ ਸਜ਼ਾ ਦੇ ਨਾਲ-ਨਾਲ ਉਮਰ ਭਰ ਲਈ ਜਿਨਸੀ ਹਮਲਾਵਰਾਂ ਦੀ ਸੂਚੀ 'ਚ ਵੀ ਦਰਜ਼ ਕੀਤਾ।


**ਸੂਚਨਾ**

*ਸਾਲ 2003, 2004, 2005, 2006, 2007, 2008, 2009, 2010, 2011 ਅਤੇ 2012 ਦੀਆਂ ਮੈਗਜ਼ੀਨ 'ਵਿਗਿਆਨ ਜੋਤ' ਦੀਆਂ ਫਾਈਲਾਂ ਸਾਡੇ ਕੋਲ ਉਪਲੱਬਧ ਹਨ। ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 50 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 90 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 130 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 160 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 200 ਰੁਪਏ ਅਤੇ 10 ਸਾਲਾਂ ਦੀਆਂ ਫਾਈਲਾਂ ਤੁਹਾਨੂੰ 800/-ਰੁਪੈ ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।* **ਨੋਟ: ਵੀ.ਪੀ.ਪੀ. ਦਾ ਖਰਚਾ ਵੱਖਰਾ ਹੋਵੇਗਾ।**



# ਧਰਮ ਨੂੰ ਰਾਜਨੀਤੀ ਨਾਲ ਜੋੜਨਾ ਗਲਤ ਹੈ

**ਲੇਖਕ . ਰਾਮ ਨਾਥ ਸ਼ੁਕਲਾ**
**ਪੇਸ਼ਕਸ ਪਵਨ ਕੁਮਾਰ ਰੱਤੋਂ**

ਜਦੋਂ ਜਦੋਂ ਧਰਮ ਅਤੇ ਰਾਜਨੀਤੀ ਇੱਕ ਥਾਂ ਹੋ ਕੇ ਚੱਲਣ ਲੱਗੇ ਹਨ ਤਦੋਂ ਤਦੋਂ ਸਾਧਾਰਨ ਲੋਕਾਂ ਦੀ ਕਾਲ਼ੀ ਕਿਸਮਤ ਨੇ ਪਾਸਾ ਪਰਤਿਆ ਹੈ। ਇਨ੍ਹਾਂ ਸਮਿਆਂ ਵਿੱਚ ਸਿਰਫ਼ ਉਹੀ ਲੋਕ ਖ਼ੁਸ਼ ਅਤੇ ਖ਼ੁਸ਼ਹਾਲ ਰਹਿ ਸਕਦੇ ਹਨ ਜਿਹੜੇ ਰਾਜ ਧਰਮ ਨਾਲ ਜੁੜੇ ਹੋਣ। ਜਿਨ੍ਹਾਂ ਸਮਿਆਂ ਅਤੇ ਦੇਸ਼ਾਂ ਵਿੱਚ ਸਿਰਫ਼ ਇੱਕ ਧਰਮ ਦੇ ਲੋਕ ਵਸਿਆ ਕਰਦੇ ਸਨ ਉਹਨਾਂ ਨੂੰ ਵੀ ਰਾਜਿਆਂ ਅਤੇ ਪ੍ਰੋਹਤਾਂ ਦੇ ਹੱਥੋਂ ਭਾਰੀ ਦੁੱਖ ਸਹਿਣੇ ਪਿਆ ਕਰਦੇ ਸਨ।

ਪਹਿਲਾਂ ਪਹਿਲ ਧਰਮ ਕਿਸੇ ਪੱਕੀ ਨੀਂਹ ਤੇ ਅਧਾਰਤ ਨਹੀਂ ਹੁੰਦੇ ਸਨ। ਅੰਦਾਜ਼ਿਆਂ ਦੇ ਅਧਾਰ ਉੱਤੇ ਕਿਸੇ ਦੇਵੀ ਦੇਵਤੇ ਦੇ ਇਨਸਾਨ ਵਿਰੋਧੀ ਜਾਂ ਫੇਰ ਇਨਸਾਨ ਪੱਖੀ ਹੋਣ ਬਾਰੇ ਸੋਚਿਆ ਜਾਂਦਾ ਸੀ ਤੇ ਇਹ ਸਾਰੀਆਂ ਗੱਲਾਂ ਇਕ ਤਰ੍ਹਾਂ ਤੀ ਮਿੱਥ ਹੋਇਆ ਕਰਦੀਆਂ ਸਨ। ਇਨਸਾਨ ਅਕਸਰ ਧਰਤੀ ਤੋਂ ਉੱਪਰ ਅਸਮਾਨ ਵੱਲ ਝਾਕਦੇ ਹੀ ਅੰਦਾਜੇ ਲਾ ਲੈਂਦਾ ਸੀ ਕਿ ਆਕਾਸ਼ ਵਿੱਚ ਵਿਚਰਨ ਵਾਲੇ ਪਿੰਡ ਹੀ ਦੇਵੀ ਦੇਵਤੇ ਹਨ। ਉਹ ਬਹੁਤਾ ਕਰਕੇ ਸੂਰਜ ਅਤੇ ਚੰਦਰਮਾ ਤੋਂ ਪ੍ਰਭਾਵਿਤ ਸੀ ਜਾਂ ਫਿਰ ਉਹ ਆਕਾਸ਼ ਤੋਂ ਵਰ੍ਹਦੇ ਮੀਂਹ ਅਤੇ ਬੱਦਲਾਂ ਅਤੇ ਬੱਦਲਾਂ ਵਿੱਚ ਚਮਕਣ ਵਾਲੀ ਬਿਜਲੀ ਤੋਂ ਵਧੇਰੇ ਪ੍ਰਭਾਵਿਤ ਹੁੰਦਾ ਸੀ ਤੇ ਇਸ ਨੂੰ ਉਸਨੇ ਇੰਦਰ ਦਾ ਨਾਂ ਦੇ ਦਿੱਤਾ ਸੀ। ਉਹਨਾਂ ਦੇ ਭਾਵੇਂ ਇਹਨਾਂ ਬੱਦਲਾਂ ਤੇ ਬਿਜਲੀ ਨੂੰ ਭੇਜਣ ਵਾਲਾ ਕੋਈ ਆਕਾਸ਼ ਦਾ ਦੇਵਤਾ ਹੀ ਹੈ ਜਿਹੜਾ ਕਦੀ ਭਰਵੀਂ ਵਰਖਾ ਕਰਕੇ ਫ਼ਲ ਤੇ ਬਨਸਪਤੀ ਉਪਜਾਉਂਦਾ ਹੈ ਤੇ ਜਾਂ ਫਿਰ ਭਾਰੀ ਵਰਖਾ ਦੁਆਰਾ ਹੜ੍ਹ ਉਪਜਾਉਂਦਾ ਹੈ ਤਾਂ ਉਹੀ ਹੈ ਜਿਹੜਾ ਬਿਜਲੀ ਗਿਰਾ ਕੇ ਅਨੇਕਾਂ ਪ੍ਰਾਣੀਆਂ ਦੀ ਜਾਨ ਵੀ ਲੈ ਲੈਂਦਾ ਹੈ। ਇਸੇ ਪ੍ਰਕਾਰ ਉਹ ਹਵਾ ਤੇ ਹਨੇਰੀਆਂ ਨੂੰ ਵੀ ਚੰਗੇ ਮਾੜੇ ਦੇਵੀ ਦੇਵਤਿਆਂ ਦਾ ਨਾਂ ਲੱਗਿਆ ਸੀ ਤੇ ਇਨ੍ਹਾਂ ਸਾਰੀਆਂ ਸ਼ਕਤੀਆਂ ਦੇ ਉੱਪਰ ਵੀ ਉਸਨੇ ਇੱਕ ਹੋਰ ਮਹਾਂ ਸ਼ਕਤੀਸ਼ਾਲੀ ਸ਼ਕਤੀ ਦਾ ਨਾਮ-ਕਰਨ (ਨਾਮ ਰੱਖਣ ਦਾ ਕੰਮ, ਨਾਮ ਸੰਸਕਾਰ) ਕਰ ਲਿਆ ਸੀ ਜਿਹੜੀ ਇਨ੍ਹਾਂ ਸਭਨਾਂ ਸ਼ਕਤੀਆਂ ਦੀ ਮਾਲਕ ਮੰਨ ਲਈ ਗਈ ਸੀ ਤੇ ਇਸ ਸ਼ਕਤੀ ਨੂੰ ਉਹ ਰੱਬ ਕਹਿ ਕੇ ਪੁਕਾਰਨ ਲੱਗਿਆ ਸੀ।

ਹੁਣ ਉਸਨੇ ਇਨ੍ਹਾਂ ਸ਼ਕਤੀਆਂ ਨੂੰ ਖ਼ੁਸ਼ ਕਰਕੇ ਇਹਨਾਂ ਦੇ ਕਹਿਰ ਤੋਂ ਬਚਣ ਦੇ ਕਿਆਸੀ ਢੰਗ ਤਰੀਕੇ ਈਜਾਦ ਕਰ ਲਏ ਸਨ ਅਤੇ ਕੁੱਝ ਸਿਆਣੇ ਲੋਕਾਂ ਦੀ ਅਗਵਾਈ ਹੇਠ ਅਜਿਹੀਆਂ ਰਸਮਾਂ, ਯੱਗ, ਕੁਰਬਾਨੀਆਂ/ਬਲੀਆਂ ਆਦਿ ਕਰਨ ਲੱਗਿਆ ਸੀ ਤਾਂਕਿ ਉਹ ਇਹਨਾਂ ਦੇਵੀ ਦੇਵਤਿਆਂ ਦੀ ਨਾਰਾਜ਼ਗੀ ਤੋਂ ਬਚਿਆ ਰਹਿ ਸਕੇ ਤੇ ਇਹਨਾਂ




ਦੇ ਨਾਲ ਉਸਨੇ ਕਈ ਕਿਸਮ ਦੀਆਂ ਕਥਾ ਕਹਾਣੀਆਂ ਵੀ ਜੋੜ ਲਈਆਂ ਸਨ ਅਤੇ ਸਾਧਾਰਨ ਲੋਕਾਂ ਨੇ ਇਹਨਾਂ ਮਿਥਿਕ ਕਥਾ ਕਹਾਣੀਆਂ ਨੂੰ ਸਚਾਈ ਦਾ ਰੂਪ ਦੇ ਕੇ ਇਹਨਾਂ ਵਿੱਚ ਹੀ ਵਿਸ਼ਵਾਸ ਜਤਾਉਣਾ ਆਰੰਭ ਕਰ ਦਿੱਤਾ ਸੀ। ਇਸ ਤਰ੍ਹਾਂ ਨਾਲ ਸਮਾਂ ਲੰਘਦਾ ਆ ਰਿਹਾ ਸੀ, ਮਨੁੱਖ ਅਜੇ ਟੋਲਿਆਂ ਵਿੱਚ ਹੀ ਰਹਿ ਰਿਹਾ ਸੀ। ਉਸਨੇ ਅਜੇ ਤੱਕ ਰਾਜਾਂ ਦੀਆਂ ਪੱਕੀਆਂ ਹੱਦਾਂ ਨਹੀਂ ਬਣਾਈਆਂ ਸਨ। ਲਾਠੀ ਵਾਲੇ ਦੀ ਹੀ ਮੱਝ ਸੀ। ਤਕੜੇ ਟੋਲੇ ਆਪਣੀ ਮਰਜ਼ੀ ਨਾਲ ਹੀ ਕਮਜ਼ੋਰ ਟੋਲਿਆਂ ਨੂੰ ਅੱਗੇ ਖਦੇੜ ਕੇ ਉਹਨਾਂ ਦੀ ਥਾਂ ਮੱਲ ਬਹਿੰਦੇ ਤੇ ਮਾੜੇ ਟੋਲੇ ਜਾਂ ਤਾਂ ਉਨ੍ਹਾਂ ਦੇ ਗੁਲਾਮ ਬਣ ਜਾਂਦੇ ਜਾਂ ਫੇਰ ਅੱਗੇ ਖਿਸਕ ਜਾਂਦੇ ਜਾਂ ਲੜਾਈ ਝਗੜੇ ਵਿੱਚ ਮਾਰੇ ਜਾਂਦੇ। ਅਕਸਰ ਤਿੰਨ ਹੀ ਗੱਲਾਂ ਵਾਪਰਦੀਆਂ ਕੁੱਝ ਲੋਕੀ ਗੁਲਾਮ ਵੀ ਕਰ ਲਏ ਜਾਂਦੇ ਤੇ ਕੁੱਝ ਮਾਰੇ ਵੀ ਜਾਂਦੇ ਹਨ ਤੇ ਕੁੱਝ ਭੱਜਣ ਵਿੱਚ ਕਾਮਯਾਬ ਹੋ ਜਾਂਦੇ ਤੇ ਅੱਗੇ ਖਿਸਕ ਕੇ ਹੋਰ ਇਲਾਕਾ ਮੱਲ ਲੈਂਦੇ ਤੇ ਉਥੇ ਆਪਣੀਆਂ ਬਸਤੀਆਂ ਵਸਾ ਲੈਂਦੇ। ਹਜ਼ਾਰਾਂ ਸਾਲਾਂ ਤੱਕ ਇਹੋ ਕਰਮ ਚਲਦਾ ਰਿਹਾ। ਆਖਰ ਅਬਾਦੀ ਵਧਦੀ ਗਈ ਤੇ ਅਬਾਦੀ ਦੇ ਲਿਹਾਜ ਨਾਲ ਜਰਖੇਜ/ਉਪਜਾਊ ਧਰਤੀ ਘੱਟ ਪੈਂਦੀ ਗਈ। ਹੁਣ ਇਨ੍ਹਾਂ ਟੋਲਿਆਂ ਨੇ ਆਪਣੇ ਲਈ ਪੱਕੀਆਂ ਰਿਹਾਇਸ਼ਾਂ ਤੇ ਪੱਕੇ ਕਬਜ਼ੇ ਕਰਨ ਨੂੰ ਹੀ ਠੀਕ ਸਮਝਿਆ ਤੇ ਆਪਣੇ ਆਗੂ ਦੀ ਅਗਵਾਈ ਹੇਠ ਖਾਸ ਖੇਤਰ ਵਿੱਚ ਵਸ ਗਏ।

ਹੁਣ ਅਨੁਸ਼ਾਸਨ ਕਾਇਮ ਰੱਖਦਿਆਂ ਇਹਨਾਂ ਖੇਤਰਾਂ ਤੇ ਪ੍ਰਬੰਧ ਦਾ ਪ੍ਰਸ਼ਨ ਸੀ। ਇਹਨਾਂ ਦੀ ਬਾਹਰੀ ਦੁਸ਼ਮਣਾਂ ਤੋਂ ਰਾਖੀ ਵੀ ਜ਼ਰੂਰੀ ਸੀ ਤੇ ਟੋਲੇ ਦੀਆਂ ਲੋੜਾਂ ਅਨੁਸਾਰ ਅਨਾਜ, ਦੁੱਧ ਤੇ ਮਾਸ ਵਗੈਰਾ ਖਾਣ ਦੀਆਂ ਵਸਤਾਂ ਵੀ ਜ਼ਰੂਰੀ ਸਨ ਤੇ ਰਾਜ ਦਾ ਕੰਮ ਚਲਾਉਣ ਵਾਲਿਆਂ ਤੇ ਰੱਖਿਆ ਲਈ ਵੀ ਇਹ ਚੀਜ਼ਾਂ ਪ੍ਰਦਾਨ ਕਰਨੀਆਂ ਜ਼ਰੂਰੀ ਸਨ। ਸੋ ਇਸ ਤਰ੍ਹਾਂ ਦਾ ਪ੍ਰਬੰਧ ਕੀਤਾ ਗਿਆ ਕਿ ਪਸ਼ੂ ਪਾਲਣ ਵਾਲੇ, ਖੇਤੀ ਕਰਨ ਵਾਲੇ ਤੇ ਕਾਰੀਗਰ ਲੋਕ ਰਾਜਾਂ ਨੂੰ ਕੁੱਝ ਨਾ ਕੁੱਝ ਟੈਕਸ ਵਜੋਂ ਦੇਣ ਤਾਂਕਿ ਉਨ੍ਹਾਂ ਦੀ ਸਲਾਮਤੀ/ਸੁਰੱਖਿਅਤਾ ਦੀ ਜ਼ਾਮਨੀ ਦਿੱਤੀ ਜਾ ਸਕੇ। ਇਹ ਸਾਰੇ ਫ਼ੈਸਲੇ ਪ੍ਰੋਹਤਾਂ ਦੀ ਸਲਾਹ ਨਾਲ ਕੀਤੇ ਜਾਣ ਲੱਗੇ ਕਿਉਂਕਿ ਰਾਜੇ ਤੋਂ ਪਿੱਛੋਂ ਪ੍ਰੋਹਤ ਹੀ ਇਕ ਅਜਿਹਾ ਮਨੁੱਖ ਹੋਇਆ ਕਰਦਾ ਸੀ ਜਿਹੜਾ ਕੁਦਰਤੀ ਆਫਤਾਂ ਦਾ ਹੱਲ ਕਰਨ ਵਿੱਚ ਸਮੱਰਥ ਸੀ। ਸੋ ਰਾਜੇ ਨੂੰ ਭੌਤਿਕ ਮਸਲਿਆਂ ਨੂੰ ਨਜਿੱਠਣ ਲਈ ਜ਼ੁੰਮੇਵਾਰ ਸਮਝਿਆ ਜਾਣ ਲੱਗਿਆ ਅਤੇ ਪ੍ਰੋਹਤ ਨੂੰ ਅਲੌਕਿਕ ਮਸਲਿਆਂ ਨੂੰ। ਦੋਹਾਂ ਮਸਲਿਆਂ ਨੂੰ

ਨਜਿੱਠਣਾ ਜ਼ਰੂਰੀ ਸੀ। ਹੁਣ ਪ੍ਰਸ਼ਨ ਇਹ ਸੀ ਕਿ ਦੋਹਾਂ ਮਸਲਿਆਂ 'ਚੋਂ ਬਹੁਤਾ ਕਿਹੜਾ ਮਹੱਤਵਪੂਰਨ ਸੀ। ਰਾਜੇ ਨਾਲ ਤਾਂ ਸਾਹਮਣੇ ਅਤੇ ਦਿਖਾਈ ਦੇਣ ਵਾਲੇ ਮਸਲੇ ਹੀ ਸੰਬੰਧਤ ਸਨ, ਇਹਨਾਂ ਮਸਲਿਆਂ ਵਿੱਚ ਵੀ ਪ੍ਰੋਹਤਾਂ ਨੇ ਦਖ਼ਲ ਦੇਣਾ ਸ਼ੁਰੂ ਕਰ ਦਿੱਤਾ ਸੀ। ਉਹ ਆਖਦੇ ਸਨ ਕਿ ਜਿੱਤਾਂ ਹਾਰਾਂ ਪ੍ਰਮਾਤਮਾ ਜਾਂ ਫੇਰ ਦੇਵੀ ਦੇਵਤਿਆਂ ਦੀ ਮਰਜ਼ੀ ਨਾਲ ਹੁੰਦੀਆਂ ਹਨ, ਜਦੋਂ ਦੇਵਤੇ ਨਾਰਾਜ਼ ਹੁੰਦੇ ਹਨ ਤਾਂ ਹਾਰ ਹੁੰਦੀ ਹੈ, ਸੋ ਸੱਭ ਤੋਂ ਪਹਿਲਾਂ ਦੇਵਤਿਆਂ ਦਾ ਖ਼ੁਸ਼ ਹੋਣਾ ਜ਼ਰੂਰੀ ਹੈ। ਸੋ ਜਦੋਂ ਕਦੀ ਰਾਜਾਂ ਕਿਸੇ ਹੋਰ ਰਾਜ ਤੇ ਚੜ੍ਹਾਈ ਕਰਦਾ ਤਾਂ ਫਿਰ ਹਮਲਾਵਰ ਦੁਸ਼ਮਣ ਦਾ ਮੁਕਾਬਲਾ ਕਰਨ ਜਾਂਦਾ ਤਾਂ ਸੱਭ ਤੋਂ ਪਹਿਲਾਂ ਦੇਵਤਿਆਂ ਦੇ ਮੰਦਰਾਂ ਵਿਚ ਜਾ ਕੇ ਨਤਮਸਤਕ ਹੁੰਦਾ, ਫਿਰ ਹੀ ਕਿਸੇ ਕਾਰਜ ਨੂੰ ਆਰੰਭ ਕਰਦਾ। ਇਸ ਤਰ੍ਹਾਂ ਕਰਨ ਲਈ ਸ਼ੁੱਭ ਮਹੂਰਤ ਤੇ ਸ਼ੁੱਭ ਦਿਨ ਪ੍ਰੋਹਤ ਦੱਸਦੇ ਕਿਉਂਕਿ ਪ੍ਰੋਹਤਾਂ ਨੂੰ ਹੀ ਇਹਨਾਂ ਦੇਵੀ ਦੇਵਤਿਆਂ ਅਤੇ ਰੱਬ ਦੇ ਨੇੜੇ ਸਮਝਿਆ ਜਾਂਦਾ ਸੀ। ਸੋ ਇਕ ਤਰ੍ਹਾਂ ਨਾਲ ਰਾਜੇ ਪ੍ਰੋਹਤਾਂ ਦੀ ਹੀ ਸ਼ਰਨ ਜਾਂਦੇ ਤੇ ਉਨ੍ਹਾਂ ਨੂੰ ਸ਼ੁੱਭ ਘੜੀ ਅਤੇ ਸ਼ੁੱਭ ਮਹੂਰਤ ਬਾਰੇ ਪੁੱਛਦੇ ਤੇ ਉਨ੍ਹਾਂ ਦੇ ਦੱਸੇ ਅਨੁਸਾਰ ਹੀ ਕਰਮ ਕਰਦੇ। ਜੇਕਰ ਇਸ ਮੁਹਿੰਮ ਵਿੱਚ ਰਾਜਿਆਂ ਦੀ ਜਿੱਤ ਹੁੰਦੀ ਤਾਂ ਪ੍ਰੋਹਤਾਂ ਦੀ ਬੱਲੇ ਬੱਲੇ ਹੋ ਜਾਂਦੀ, ਜੇਕਰ ਹਾਰ ਹੋ ਜਾਂਦੀ ਤਾਂ ਸਾਰਾ ਭਾਂਡਾ ਦੇਵਤਿਆਂ ਦੀ ਨਾਰਾਜ਼ਗੀ ਤੇ ਭੰਨ ਦਿੱਤਾ ਜਾਂਦਾ ਤੇ ਪ੍ਰੋਹਤ ਫੇਰ ਵੀ ਬਚ ਜਾਂਦਾ। ਇਸ ਪ੍ਰਕਾਰ ਗ਼ੈਬੀ ਸ਼ਕਤੀਆਂ ਨੂੰ ਰਿਝਾਉਣ ਵਾਲੇ ਪ੍ਰੋਹਤ ਨੂੰ ਰਾਜਿਆਂ ਨਾਲੋਂ ਵੀ ਉੱਪਰ ਸਮਝਿਆ ਜਾਂਦਾ।

ਮਿਥ ਅਨੁਸਾਰ ਦੇਵਤਿਆਂ ਅਤੇ ਰਾਖਸ਼ਸ਼ਾਂ ਵਿੱਚ ਯੁੱਧਾਂ ਵਿੱਚ ਵੀ ਉਹਨਾਂ ਦੋਹਾਂ ਸਿਰਾਂ ਦੇ ਪ੍ਰੋਹਤ ਹੀ ਇਹਨਾਂ ਨੂੰ ਸਲਾਹ ਮਸ਼ਵਰਾ ਦਿੰਦੇ ਅਤੇ ਲੜਾਈ ਇਹਨਾਂ ਦੋ ਮਹਾਨ ਪ੍ਰੋਹਤੀ ਸ਼ਕਤੀਆਂ ਦਾ ਹੋਣਾ ਸਮਝਿਆ ਜਾਂਦਾ। ਦੇਵਤਿਆਂ ਦੇ ਪ੍ਰੋਹਤ ਬ੍ਰਹਿਸਪਤੀ ਮਹਾਰਾਜ ਸਨ ਅਤੇ ਰਾਖਸ਼ਸ਼ਾਂ ਦੇ ਪ੍ਰੋਹਿਤ ਸ਼ੁੱਕਰਾਚਾਰਜ ਸਨ। ਇਹ ਦੋਵੇਂ ਰਿਸ਼ੀ ਦੇਵਤਿਆਂ ਤੇ ਦਾਨਵਾਂ ਨੂੰ ਆਪਣੀਆਂ ਉਂਗਲਾਂ ਉੱਤੇ ਨਚਾਉਂਦੇ ਰਹੇ ਅਤੇ ਆਪਣੇ ਅਨੁਸਾਰ ਸੇਧ ਦੇ ਕੇ ਆਪਸ ਵਿੱਚ ਲੜਾਉਂਦੇ ਰਹੇ। ਦਰਅਸਲ ਦੇਵਤੇ ਤੇ ਦਾਨਵ ਵੀ ਦੋ ਨਸਲਾਂ ਦੇ ਲੋਕ ਹੀ ਸਨ ਜਿਹੜੇ ਆਪਸੀ ਚੌਧਰ ਲਈ ਲੜਦੇ ਸਨ ਸਵਰਗ ਸਮਝੇ ਜਾਣ ਵਾਲੇ ਖੇਤਰਾਂ ਉੱਤੇ ਕਬਜ਼ੇ ਲਈ ਜੰਗਾਂ ਲੜਦੇ ਰਹਿੰਦੇ ਸਨ। ਇਹਨਾਂ ਟੋਲਿਆਂ ਜਾਂ ਨਸਲ ਦੇ ਲੋਕਾਂ ਦੇ ਪਿੱਛੇ ਦਿਮਾਗ ਬ੍ਰਹਿਸਪਤੀ ਅਤੇ ਸ਼ੁੱਕਰਾਚਾਰਜ ਦੇ ਕੰਮ ਕਰ ਰਹੇ ਸਨ।

ਸੋ ਇਸ ਪ੍ਰਕਾਰ ਜਿੰਨਾਂ ਚਿਰ ਧਰਮ ਦਾ ਰਾਜਨੀਤੀ ਤੇ ਵੀ ਇਕ ਤਰ੍ਹਾਂ ਨਾਲ ਕਬਜ਼ਾ ਰਿਹਾ, ਉਨ੍ਹਾਂ ਚਿਰ ਪ੍ਰੋਹਤਾਂ ਦੀ ਹੀ ਬੱਲੇ ਬੱਲੇ ਹੁੰਦੀ ਰਹੀ। ਪ੍ਰੋਹਤ ਲੋਕ ਇਹਨਾਂ ਸ਼ਕਤੀਆਂ ਦਾ ਵਿਖਾਵਾ ਨਹੀਂ ਕਰਦੇ ਸਨ ਅਤੇ ਇਹਨਾਂ ਨੂੰ ਅਗੰਮੀ (ਅਪਹੁੰਚ, ਪ੍ਰਮਾਤਮਾ) ਸ਼ਕਤੀਆਂ ਦੱਸ ਕੇ ਕੁਦਰਤ ਦੇ ਵਰਤਾਰਿਆਂ ਨਾਲ ਜਾ ਮੇਲਦੇ। ਇਹ ਹੁਸ਼ਿਆਰ ਲੋਕ ਹਰ ਕੁਦਰਤੀ ਵਰਤਾਰੇ ਰੱਖਦੇ ਅਤੇ ਆਪਣੇ ਅਨੁਸਾਰ ਕਰਮ ਕਰਨ ਲਈ ਮਜ਼ਬੂਰ ਕਰਦੇ। ਵਿਰੋਧੀਆਂ ਨੂੰ ਉਹ ਇਸ ਤਰ੍ਹਾਂ ਦਾ ਪ੍ਰਚਾਰ ਕਰਦੇ ਕਿ ਇਹ ਆਫ਼ਤਾਂ ਦੇਵਤਿਆਂ ਦੀ ਕਰੋਪੀ ਕਾਰਨ ਹੀ ਆਈਆਂ ਹਨ, ਕਿਉਂਕਿ ਉਹਨਾਂ ਨੇ ਫਲਾਣੇ ਦੇਵਤੇ ਨੂੰ ਇਸ ਤਰ੍ਹਾਂ ਦਾ ਕਰਮ ਕਰਕੇ ਨਾਰਾਜ਼ ਕਰ ਦਿੱਤਾ ਹੈ ਤੇ ਹੁਣ ਉਹ ਲੋਕਾਂ ਦਾ ਦੋਸ਼ੀ ਹੈ। ਇਸ ਲਈ ਸਜ਼ਾ ਦੇ ਤੌਰ ਤੇ ਉਸਨੂੰ ਰਾਜ ਬਦਰ ਕਰ ਦਿੱਤਾ ਜਾਵੇ ਜਾਂ ਫਿਰ ਮਾਰ ਮੁਕਾਇਆ ਜਾਵੇ। ਪ੍ਰੋਹਤਾਂ ਦੀਆਂ ਗੱਲਾਂ ਨੂੰ ਸੱਚ ਮੰਨਣ ਵਾਲੇ ਅਗਿਆਨੀ ਲੋਕ ਪ੍ਰੋਹਤਾਂ ਦੇ ਦੋਖੀਆਂ ਨੂੰ ਅੱਗ ਵਿੱਚ ਸਾੜ ਕੇ ਜਾਂ ਫਿਰ ਵੱਟੇ ਮਾਰ ਕੇ ਮਾਰ ਮੁਕਾਉਂਦੇ ਜਾਂ ਫਿਰ ਉਹਨਾਂ ਦੇ ਆਖੇ ਦੇਵਤਿਆਂ ਦੀ ਭੇਂਟ ਚੜ੍ਹਾ ਦਿੰਦੇ। ਅਜਿਹੇ ਕਰਮ ਅਕਸਰ ਆਮ ਹੀ ਕੀਤੇ ਜਾਂਦੇ ਸਨ ਅਤੇ ਲੋਕ ਕਹਾਣੀਆਂ ਵਿੱਚ ਬਹੁਤ ਸਾਰੀਆਂ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਹੈ ਜਦੋਂ ਕਿਸੇ ਪ੍ਰੋਹਤ ਨੇ ਕਿਸੇ ਵਿਸ਼ੇਸ਼ ਵਿਅਕਤੀ ਨੂੰ ਇਸ ਤਰ੍ਹਾਂ ਦੀ ਸਜ਼ਾ ਦਿੱਤੀ ਹੋਵੇ ਜਾਂ ਫਿਰ ਇਹ ਆਖ ਦਿੱਤਾ ਹੋਵੇ ਕਿ ਇਸਦੇ ਅੰਦਰ ਸ਼ੈਤਾਨ ਦੀ ਰੂਹ ਦਾ ਵਾਸਾ ਹੈ ਜਾਂ ਫਿਰ ਇਹ ਰੂਹ ਬਦਲਨ ਵਾਲਾ ਛਲੇਡਾ ਹੈ ਜਾਂ ਫਿਰ ਉਹ ਕਿਸੇ ਤੋਂ ਇਸ ਤਰ੍ਹਾਂ ਅਖਵਾ ਦਿੰਦੇ ਕਿ ਇਹ ਨਰ-ਭੁੱਖੀ ਰਾਖਸ਼ਸ਼ ਹੈ ਤੇ ਉਸ ਨੂੰ ਸਾਧਾਰਨ ਲੋਕਾਂ ਦੇ ਹੱਥੋਂ ਮਰਵਾਕੇ ਆਪ ਸੁੱਖ ਦਾ ਸਾਹ ਲੈਂਦੇ ਸਨ।

ਇਹ ਤਾਂ ਅਜੇ ਕੱਲ੍ਹ ਦੀਆਂ ਗੱਲਾਂ ਹਨ ਕਿ ਜਦੋਂ ਕਦੀ ਕਿਸੇ ਮਹਾਨ ਪੁਰਸ਼ ਨੇ ਕੋਈ ਵਿਗਿਆਨ ਨਾਲ ਸੰਬੰਧਤ ਗੱਲ ਕੀਤੀ ਤਾਂ ਇਹਨਾਂ ਪ੍ਰੋਹਤਾਂ ਨੇ ਉਸਨੂੰ ਕਰੜੀ ਸਜ਼ਾ ਦਿੱਤੀ। ਸ਼ੁਕਰਾਤ ਨੂੰ ਆਪਣੀ ਇਸੇ ਵਿਗਿਆਨਕ ਧਾਰਨਾ ਕਰਕੇ ਜਾਨ ਦੇਣੀ ਪਈ, ਇਸੇ ਪ੍ਰਕਾਰ ਗਲੀਲੀਓ ਵਰਗਿਆਂ ਨੂੰ ਇਹ ਕਹਿ ਕੇ ਛੁਟਕਾਰਾ ਪਾਉਣਾ ਪਿਆ ਕਿ ਉਹ ਆਪਣੀ ਆਖੀ ਗੱਲ ਨੂੰ ਵਾਪਸ ਲੈਂਦਾ ਹੈ ਪਰੰਤੂ ਪਿੱਛੋਂ ਉਸ ਦੀ ਆਖੀ ਗੱਲ ਸੱਚ ਨਿਕਲੀ।

ਸੋ ਹਜ਼ਾਰਾਂ ਸਾਲਾਂ ਤੱਕ ਰਾਜਨੀਤੀ ਉੱਤੇ ਧਰਮ ਦਾ ਕਬਜ਼ਾ ਰਿਹਾ ਹੈ ਅਤੇ ਹੌਲੀ ਹੌਲੀ ਧਰਮ ਤੋਂ ਆਜ਼ਾਦੀ ਲਈ ਸਾਧਾਰਨ ਮਨੁੱਖਾਂ ਤੇ ਅਗਾਂਵਧੂ ਵਿਗਿਆਨਕਾਂ ਨੂੰ ਅਨੇਕਾਂ ਕੁਰਬਾਨੀਆਂ ਦੇਣੀਆਂ ਪਈਆਂ। ਏਥੋਂ ਤਕ ਕਿ ਇਨਸਾਫ਼ ਵੀ ਅਕਸਰ ਇਹੋ ਧਾਰਮਕ ਪ੍ਰਾਣੀ ਹੀ ਕਰਿਆ ਕਰਦੇ ਸਨ ਅਤੇ ਇਹ ਨਵੇਂ ਵਿਚਾਰਾਂ ਤੇ ਵਿਗਿਆਨਕ ਸੋਚ ਵੱਧਣ ਫੁੱਲਣ ਨਹੀਂ ਦੇਣਾ ਚਾਹੁੰਦੇ ਸਨ ਤੇ ਧਰਮ ਦੇ ਵਿਰੁੱਧ ਬੋਲਣ ਵਾਲੇ ਹਰ ਪ੍ਰਾਣੀ ਨੂੰ ਘੱਟ ਤੋਂ ਘੱਟ ਮੌਤ ਦੀ ਸਜ਼ਾ ਦਿੱਤੀ ਜਾਂਦੀ ਸੀ। ਸੋ ਅਜਿਹੇ ਯੁੱਗ ਵਿੱਚ ਅੰਧਵਿਸ਼ਵਾਸੀ ਧਰਮਾਂ ਤੋਂ ਆਜ਼ਾਦ ਹੋਣਾ ਅਸੰਭਵ ਜਿਹਾ ਹੋ ਕੇ ਰਹਿ ਗਿਆ ਸੀ। ਜਦੋਂ ਰਾਜੇ ਪੂਰੀ ਤਰ੍ਹਾਂ ਧਰਮ ਦੇ ਗਲਬੇ ਹੇਠ ਆ ਜਾਂਦੇ ਤਾਂ ਧਰਮ ਤੇ ਕੁਹਰਾਮ ਮੱਚ ਜਾਂਦਾ ਸੀ। ਮੁਗਲ ਕਾਲ ਤੇ ਇਸਲਾਮਿਕ ਕਾਲ ਵਿੱਚ ਔਰੰਗਜ਼ੇਬ ਤੇ ਹੋਰ ਰਾਜਿਆਂ ਦੇ ਸਮੇਂ ਅਜਿਹਾ ਹੀ ਹੋਇਆ ਸੀ ਜਦੋਂ ਗੈਰ ਇਸਲਾਮਿਕ ਧਰਮਾਂ ਨਾਲ ਦੁਰਵਿਵਹਾਰ ਕੀਤਾ ਜਾਂਦਾ ਸੀ।

ਵਿਗਿਆਨਕ ਸੋਚ ਉੱਭਰਨ ਨੂੰ ਲੰਮਾ ਸਮਾਂ ਲੱਗ ਗਿਆ ਹੈ। ਇਹ ਸੋਚ ਯੂਰਪ ਦੀ ਧਰਤੀ ਤੋਂ ਆਰੰਭ ਹੋਈ ਜਦੋਂ ਦਸਤਕਾਰੀ ਯੁੱਗ ਦਾ ਆਰੰਭ ਹੋਇਆ। ਨਵੀਆਂ ਮਸ਼ੀਨਾਂ ਦੀ ਕਾਢ ਨਾਲ ਇਨਸਾਨ ਨੂੰ ਇਹ ਯਕੀਨ ਹੋਣ ਲੱਗਿਆ ਕਿ ਕੁਦਰਤ ਤੋਂ ਬਗੈਰ ਵੀ ਇਨਸਾਨ ਆਪਣੇ ਬਲ ਤੇ ਅਕਲ ਨਾਲ ਬਹੁਤ ਕੁੱਝ ਕਰ ਸਕਦਾ ਹੈ। ਇਸ ਨਵੀਂ ਸੋਚ ਨੇ ਮਨੁੱਖ ਨੂੰ ਹੌਸਲਾ ਦਿੱਤਾ ਤੇ ਉਹ ਨਵੀਆਂ ਨਵੀਆਂ ਖੋਜਾਂ ਵਿੱਚ ਜੁਟ ਗਿਆ। ਕਈ ਸਮੁੰਦਰੀ ਮਲਾਹਾਂ ਨੇ ਧਰਤੀ ਦਾ ਚੱਕਰ ਲਗਾ ਕੇ ਇਹ ਸਾਬਤ ਕਰ ਦਿੱਤਾ ਕਿ ਧਰਤੀ ਗੋਲ ਹੈ ਤੇ ਇਹ ਆਪਣੇ ਧੁਰੇ ਦੁਆਲੇ ਘੁੰਮਦੀ ਵੀ ਹੈ। ਪੁਰਾਣੀਆਂ ਧਾਰਨਾਵਾਂ ਜਦੋਂ ਝੂਠੀਆਂ ਹੋਣ ਲੱਗੀਆਂ ਤਾਂ ਵਿਗਿਆਨੀਆਂ ਦੀ ਇਸ ਪਾਸੇ ਰੁਚੀ ਵੱਧ ਗਈ ਤੇ ਹੋਰ ਖੋਜਾਂ ਹੋਣ ਲੱਗੀਆਂ। ਫੇਰ ਕੀ ਸੀ, ਨਵੇਂ ਵਿਚਾਰ ਵੱਧਣ ਫੁੱਲਣ ਲੱਗੇ, ਸਾਧਾਰਨ ਲੋਕਾਂ ਨੂੰ ਇਹਨਾਂ ਵਿਗਿਆਨਕ ਗੱਲਾਂ ਵਿੱਚ ਵਿਸ਼ਵਾਸ ਹੋਣ ਲੱਗ ਪਿਆ ਤੇ ਧਰਮ ਦਾ ਜਮੂਦ ਟੁੱਟਣ ਲੱਗ ਪਿਆ। ਅਜੇ ਵੀ ਜਿਨ੍ਹਾਂ ਖੇਤਰਾਂ ਤੇ ਜਿਹਨਾਂ ਸਮਾਜਾਂ ਵਿੱਚ ਅੱਜ ਤੱਕ ਵਿਗਿਆਨਕ ਸੋਚ ਦੀ ਕਮੀ ਹੈ ਉਥੇ ਅਜੇ ਵੀ ਧਰਮ ਦਾ ਬੋਲਬਾਲਾ ਹੈ ਤੇ ਧਰਮ ਨੇ ਆਪਣੀ ਪੂਰੀ ਵਾਹ ਲਾਈ ਹੋਈ ਹੈ ਕਿ ਉਸਦਾ ਬੋਲਬਾਲਾ ਬਰਕਰਾਰ ਰਹੇ। ਉਹ ਅਜੇ ਵੀ ਵਿਗਿਆਨਕ ਸੋਚ ਨੂੰ ਨਿੰਦਦਾ ਆ ਰਿਹਾ ਹੈ-ਤੇ ਵਿਗਿਆਨਕ ਸੋਚ ਦੇ ਧਾਰਨੀ ਲੋਕਾਂ ਨੂੰ ਨਾਸਤਕ ਤੇ ਰੱਬ ਵਿਰੋਧੀ ਆਖ ਕੇ ਉਨ੍ਹਾਂ ਦੇ ਸਿਰਾਂ ਦਾ ਮੁੱਲ ਤਕ ਪਾਉਣ ਲੱਗਿਆ ਹੈ। ਦਰਅਸਲ ਧਰਮ ਸਠਿਆ (ਬੁੱਢਾ ਹੋਣਾ, ਦਿਮਾਗ ਦਾ ਘੱਟ ਕੰਮ ਕਰਨਾ) ਗਿਆ ਹੈ ਪਰੰਤੂ ਹੁਣ ਧਰਮ ਦੀਆਂ ਅੰਤਮ ਘੜੀਆਂ ਆ ਗਈਆਂ ਹਨ। ਦੰਭੀ ਧਰਮਾਂ ਦੀ ਮੌਤ ਜ਼ਰੂਰੀ ਹੈ ਤੇ ਵਿਗਿਆਨਕ ਸੋਚ ਦਾ ਉੱਭਰਨਾ ਜ਼ਰੂਰੀ ਹੈ ਤਾਂ ਜੋ ਹਜ਼ਾਰਾਂ ਸਾਲਾਂ ਤੋਂ ਨਪੀੜੀ ਜਾਂਦੀ ਮਨੁੱਖਤਾ ਨੂੰ ਸੁਖ ਦਾ ਸਾਹ ਆ ਸਕੇ। ਧਨਵਾਦ ਸਹਿਤ ਪੁਸਤਕ 'ਧਰਮ ਤੇ ਹਿੰਸਾ' ਵਿਚੋਂ।

# ਗੋਮੂਤਰ ਦੀ ਅਸਲੀਅਤ



ਮੇਘ ਰਾਜ ਮਿੱਤਰ
@98887-87440

ਗਊ ਮੇਰੇ ਜੀਵਨ ਦਾ ਮਹੱਤਵ ਪੂਰਨ ਪਸ਼ੂ ਰਿਹਾ ਹੈ। ਬਚਪਨ ਤੋਂ ਹੀ ਮੈਂ ਗਊ ਜਾਂ ਮੱਝ ਦਾ ਦੁੱਧ ਇਸਤੇਮਾਲ ਕਰਦਾ ਰਿਹਾ ਹਾਂ। ਮੇਰੇ ਮਾਪੇ, ਦਾਦਾ, ਦਾਦੀ, ਚਾਚੇ, ਤਾਏ ਸਭ ਆਪਣੇ ਸਮੇਂ ਵਿੱਚ ਗਊਆਂ ਤੇ ਮੱਝਾਂ ਹੀ ਪਾਲਦੇ ਰਹੇ ਹਨ। ਮੇਰੇ ਆਲੇ ਦੁਆਲੇ ਮੇਰੇ ਪਿੰਡ ਦੇ ਵਸਨੀਕਾਂ ਦੀ ਜਿੰਦਗੀ ਵੀ ਗਊਆਂ ਬਲਦਾਂ ਨਾਲ ਜੁੜੀ ਹੋਈ ਸੀ। ਪਿੰਡ ਵਿੱਚ ਕੁਝ ਕਿਸਾਨਾਂ ਦੀਆਂ ਫਸਲਾਂ ਜੰਗਲੀ ਗਊਆਂ ਜਿਨ੍ਹਾਂ ਨੂੰ ਉਹਨਾਂ ਸਮਿਆਂ ਵਿੱਚ ਰਾਮ ਗਊਆਂ ਕਿਹਾ ਜਾਂਦਾ ਸੀ, ਉਜਾੜ ਜਾਂਦੀਆਂ ਸਨ। ਇਸ ਲਈ ਪਿੰਡ ਦੀ ਪੰਚਾਇਤ ਨੇ ਨਾਭੇ ਤੋਂ ਗਊਆਂ ਫੜਨ ਵਾਲੇ ਕੁਝ ਸਰਕਾਰੀ ਮੁਲਾਜ਼ਮ ਸੱਦ ਲਏ। ਉਹਨਾਂ ਨੇ ਘੋੜੀਆਂ ਦੀ ਸਹਾਇਤਾ ਨਾਲ 4-5 ਦਿਨਾਂ ਵਿੱਚ 4-5 ਗਊਆਂ ਫੜ ਲਈਆਂ ਅਤੇ ਰਾਤ ਨੂੰ ਪਿੰਡ ਦੇ ਕੋ-ਆਪਰੇਟਿਵ ਹਾਊਸ ਵਿੱਚ ਬੰਦ ਕਰਕੇ ਜਿੰਦਾ ਲਾ ਦਿੱਤਾ ਗਿਆ। ਪਰ ਰਾਤ ਨੂੰ ਹੀ ਪਿੰਡ ਦੇ ਹੀ ਕੁਝ ਗਊ ਭਗਤਾਂ ਨੇ ਜਿੰਦਾ ਵੱਢ ਕੇ ਗਊਆਂ ਨੂੰ ਆਜ਼ਾਦ ਕਰ ਦਿੱਤਾ। ਇਹ ਲਗਭੱਗ 1960 ਦੇ ਕਰੀਬ ਦੀ ਘਟਨਾ ਹੈ। ਹਰ ਥਾਂ, ਹਰ ਘਰ ਵਿੱਚ ਮੈਂ ਗਊਆਂ ਬਾਰੇ ਚੰਗੇ ਮੰਦੇ ਵਿਚਾਰ ਸੁਣੇ ਹਨ। ਅਸਲ ਵਿੱਚ ਜਿਉਂ ਜਿਉਂ ਜਮਾਨਾ ਬਦਲ ਰਿਹਾ ਹੈ ਕੁੱਝ ਚੀਜਾਂ ਦੀ ਮਹੱਤਤਾ ਵਧ ਰਹੀ ਹੈ ਤੇ ਕੁਝ ਦੀ ਘੱਟ ਹੋ ਰਹੀ ਹੈ। ਅਸਲ ਵਿੱਚ ਗਊਆਂ ਦੀ ਉਪਯੋਗਤਾ ਬਾਰੇ ਇਹ ਬਹਿਸ ਰੂੜੀਵਾਦੀਆਂ ਤੇ ਆਧੁਨਿਕਤਾ ਦੀ ਬਹਿਸ ਹੀ ਹੈ। ਸਾਡਾ ਸਮਾਜ ਦੋ ਧਿਰਾਂ ਵਿੱਚ ਵੰਡਿਆ ਹੋਇਆ ਹੈ। ਇੱਕ ਧਿਰ ਸਮਾਜ ਨੂੰ ਇਕੀਵੀਂ ਸਦੀ ਦੇ ਹਾਣ ਦਾ ਬਣਾਉਣਾ ਚਾਹੁੰਦੀ ਹੈ ਦੂਜੀ ਧਿਰ ਸਮਾਜ ਨੂੰ ਟੂਣੇ ਟਾਮਣਿਆਂ ਦੇ ਯੁੱਗ ਵਿੱਚ ਲੈ ਜਾਣਾ ਲੋਚਦੀ ਹੈ। ਉਹਨਾਂ ਅਨੁਸਾਰ ਸਦੀਆਂ ਪਹਿਲਾਂ ਧਰਤੀ ਤੇ ਸਤਯੁੱਗ ਹੁੰਦਾ ਸੀ ਤੇ ਲੋਕ ਬਹੁਤ ਸੁਖੀ ਮਨ ਪਰ ਪਹਿਲੀ ਧਿਰ ਸੋਚ ਰਹੀ ਹੈ ਕਿ ਦੁਨੀਆਂ ਚੰਨ ਤੇ ਪਹੁੰਚ ਗਈ ਹੈ ਇਸ ਲਈ ਸਾਨੂੰ ਵੀ ਸਾਡੇ ਦੇਸ਼ ਨੂੰ ਵਿਗਿਆਨ ਦੇ ਲੜ ਲਾ ਕੇ ਅੱਗੇ ਵੱਧਣਾ ਚਾਹੀਦਾ ਹੈ। 1970 ਤੋਂ ਲੈ ਕੇ ਸਨ 2000 ਤੱਕ ਮੈਂ ਵਿਗਿਆਨ ਦਾ ਅਧਿਆਪਕ ਰਿਹਾ ਹਾਂ। ਇਸ ਲਈ ਗਊ ਤੇ ਗਊ ਮੂਤਰ ਬਾਰੇ ਮੇਰੀ ਹਲਕੀ ਫੁਲਕੀ ਬਹਿਸ ਮੇਰੇ ਵਿਦਿਆਰਥੀਆਂ ਤੇ ਅਧਿਆਪਕ ਸਾਥੀ ਨਾਲ ਹੁੰਦੀ ਰਹੀ ਹੈ। ਮੈਨੂੰ ਅੱਜ ਵੀ ਯਾਦ ਹੈ ਜਦੋਂ ਮੈਨੂੰ ਮੇਰੇ ਕੁਝ ਵਿਦਿਆਰਥੀਆਂ ਨੇ ਕਿਹਾ ਕਿ ਸਾਰੇ ਪਿੰਡ ਦੀ ਗਊਸ਼ਾਲਾ ਵਿੱਚ ਕਲ ਨੂੰ ਗਊਆਂ ਨੂੰ ਜਲੇਬੀਆਂ ਖਵਾਈਆਂ ਜਾਣਗੀਆਂ।' ਮੈਂ ਉਹਨਾਂ ਨੂੰ ਕਿਹਾ ਕਿ "ਗਊਆਂ ਦੀ ਖੁਰਾਕ ਜਲੇਬੀਆਂ ਨਹੀਂ ਹੁੰਦੀਆਂ। ਉਹਨਾਂ ਦੀ ਖੁਰਾਕ ਤਾਂ ਹਰਾ ਚਾਰਾ ਤੇ ਘਾਹ ਹੁੰਦੀ ਹੈ। ਜਲੇਬੀਆਂ ਖਾਣ ਨਾਲ ਤਾਂ ਗਊਆਂ ਮਰ ਜਾਣਗੀਆਂ। ਠੀਕ ਇਸ ਤਰ੍ਹਾਂ ਹੀ ਵਾਪਰਿਆ। 60-70 ਗਊਆਂ ਜਲੇਬੀਆਂ ਖਾ ਕੇ ਮਰ ਗਈਆਂ ਤੇ ਸਭ ਤੋਂ ਪਹਿਲਾਂ ਉਹ ਗਊ ਹੀ ਮਰੀ ਜਿਸਨੂੰ ਸਭ ਤੋਂ ਪਹਿਲਾਂ ਸਭ ਤੋਂ ਵੱਡੇ ਸੰਤ ਨੇ ਜਲੇਬੀਆਂ ਦਾ ਭੋਗ ਲੁਵਾਇਆ ਸੀ। ਬੱਸ ਫਿਰ ਕੀ ਸੀ ਪਿੰਡ ਨੂੰ ਕਿਸ ਵੱਡੇ ਕਹਿਰ ਤੋਂ ਬਚਾਉਣ ਲਈ ਜੱਗਾਂ ਦੀਆਂ ਲੜੀਆਂ ਸ਼ੁਰੂ ਕਰ ਦਿੱਤੀਆਂ ਗਈਆਂ। ਸਬਕ ਸਿੱਖਣ ਦਾ ਕਿਸੇ ਨੇ ਯਤਨ ਨਾ ਕੀਤਾ।

ਮੇਰੇ ਸਾਥੀ ਅਧਿਆਪਕਾਂ ਵਿੱਚ ਵੀ ਇਹ ਬਹਿਸਾਂ ਅਕਸਰ ਸ਼ੁਰੂ ਹੋ ਜਾਂਦੀਆਂ। ਇੱਕ ਦਿਨ ਮੇਰੇ ਕੁਝ ਸਾਥੀ ਕਹਿਣ ਲੱਗੇ ਕਿ ਗਊ ਦਾ ਪਿਸ਼ਾਬ ਤਾਂ ਸਿਹਤ ਲਈ ਸਰਵਰੋਗ ਔਸ਼ਧੀ ਹੈ ਤੇ ਮੇਰੇ ਨਾਲ ਸ਼ਰਤ ਲਾ ਕੇ ਦੋ ਐਮ. ਏ. ਪੜ੍ਹੇ ਅਧਿਆਪਕ ਗਊ ਮੂਤਰ ਦਾ ਭਰਿਆ ਇੱਕ ਇੱਕ ਗਲਾਸ ਪੀ ਗਏ। ਇਹਨਾਂ ਵਿਚੋਂ ਇੱਕ ਸ੍ਰੀ ਰਾਮ ਲਾਲ ਜੀ ਸਨ। ਜਦੋਂ ਮੈਂ ਉਹਨਾਂ ਨੂੰ ਪੁਛਿਆ ਕਿ "ਤੁਸੀਂ ਇਹ ਪਿਸ਼ਾਬ ਕਿਉਂ ਪੀਤਾ ਹੈ? ਤਾਂ ਉਹ ਕਹਿਣ ਲੱਗੇ "ਕਿ ਸਾਡੇ ਰਿਸ਼ੀ ਮੁਨੀ ਇਸਨੂੰ ਵਰਤਦੇ ਰਹੇ ਹਨ, ਸਾਰੇ ਗਰੰਥਾਂ ਵਿੱਚ ਇਸ ਦੇ, ਫਾਇਦੇ ਲਿਖੇ ਹੋਏ ਹਨ।" ਭਾਵੇਂ ਮੈਂ ਉਸਨੂੰ ਇਹ ਦੱਸਣ ਦੇ ਭਰਪੂਰ ਯਤਨ ਕੀਤੇ ਕਿ ਬੀਮਾਰੀ ਦਾ ਕਿਸੇ ਧਰਮ ਨਾਲ ਕੋਈ ਸਬੰਧ ਨਹੀਂ ਹੁੰਦਾ। ਇਸ ਲਈ ਬੀਮਾਰੀ ਦੀ ਹਾਲਤ ਵਿੱਚ ਸਾਡੀ ਸੋਚ ਇਸ ਤੋਂ ਉਪਰ ਉੱਠਣੀ ਚਾਹੀਦੀ ਹੈ। ਟੀ. ਬੀ. ਕੈਂਸਰ, ਦਿਲ ਤੇ ਗੁਰਦਿਆਂ ਦੀਆਂ ਬੀਮਾਰੀਆਂ ਧਰਮ ਵੇਖ ਕੇ ਤਾਂ ਨਹੀਂ ਆਉਂਦੀਆਂ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਹਿੰਦੂ ਧਰਮ ਦੇ ਵੈਦਾਂ, ਚੱਕਰਾਂ, ਸੁਸਰਤਾਂ ਅਤੇ ਵਾਗਭਤਾ ਵਿਚ ਗਊ ਮੂਤਰ ਦਾ ਫਾਇਦੇ ਦਰਜ ਹਨ। ਹੁਣ ਚੱਕਰ ਪਹਿਲੀ ਸਦੀ ਵਿੱਚ ਸੁਸਰਤਾ ਤੀਜੀ ਸਦੀ ਵਿਚ ਅਤੇ ਵਾਗਭਤਾ ਸਤਵੀਂ ਸਦੀ ਵਿੱਚ ਲਿਖੇ ਗਏ। ਹੁਣ ਸੁਆਲ ਇਹ ਪੈਦਾ ਹੁੰਦਾ ਹੈ ਕਿ ਕੀ ਅੱਜ ਤੋਂ 13 ਸੌ ਸਾਲ ਪਹਿਲਾਂ ਪਿਸ਼ਾਬ ਵਿਚ ਮੌਜੂਦ ਪਦਾਰਥਾਂ ਨੂੰ ਵਿਖਾਉਣ ਲਈ ਕੋਈ ਖੁਰਦਬੀਨ ਸੀ। ਖੁਰਦਬੀਨ ਦੀ ਖੋਜ ਤਾਂ ਇੱਕ ਦੋ ਸਦੀਆਂ ਪਹਿਲਾਂ ਦੀ ਹੀ ਹੈ। ਉਸ ਸਮੇਂ ਨਾ ਪਰਖ ਦੇ ਐਨੇ ਇੰਤਜਾਮ ਸਨ ਅਤੇ ਨਾਲੇਂ ਉਹਨਾਂ ਸਮਿਆਂ ਵਿੱਚ ਮਨੁੱਖੀ ਔਸਤ ਉਮਰ 25 ਸਾਲ ਤੋਂ ਵੱਧ ਨਹੀਂ ਸੀ। ਪਰ ਇਹਨਾਂ ਹੀ ਵੈਦਾਂ ਵਿੱਚ ਗਊ ਦੇ ਮਾਸ ਦੇ ਸੇਵਨ ਦੇ ਅਨੇਕਾਂ ਫਾਇਦੇ ਦਰਜ ਹਨ। ਪਰ ਉਸ ਉਪਰ ਅੱਜ ਪਾਬੰਦੀਆਂ ਲਾਈਆਂ ਜਾ ਰਹੀਆਂ ਹਨ। ਜਦੋਂ ਮੈਂ ਦੂਸਰੇ ਸਾਥੀ ਬੂਟਾ ਸਿੰਘ ਨੂੰ ਪੁਛਿਆ ਕਿ ਤੁਸੀਂ ਤਾਂ ਸਿੱਖ ਪ੍ਰੀਵਾਰ ਨਾਲ ਸਬੰਧਤ ਹੋ ਤੁਹਾਡੇ ਸ੍ਰੀ ਗਰੰਥ ਸਾਹਿਬ ਵਿੱਚ ਤਾਂ ਗਊ ਦੇ ਪਿਸ਼ਾਬ ਪੀਣ ਦੀ ਕੋਈ ਹਦਾਇਤ ਨਹੀਂ ਹੈ। ਫਿਰ ਤੁਸੀਂ ਇਹ ਕਿਉਂ ਪੀਤਾ। ਤਾਂ

ਉਹ ਕਹਿਣ ਲੱਗਿਆ, "ਸਾਡੇ ਵੱਡ ਵਡੇਰੇ ਬਲਦਾਂ ਨਾਲ ਹੀ ਖੇਤੀ ਕਰਿਆ ਕਰਦੇ ਸਨ। ਗਊ ਦਾ ਪਿਸ਼ਾਬ ਕੈਂਸਰ, ਗਠੀਆ ਤੇ ਗੁਰਦਿਆਂ ਦੀ ਬੀਮਾਰੀ ਨੂੰ ਸਰੀਰ ਦੇ ਨੇੜੇ ਨਹੀਂ ਢੁੱਕਣ ਦਿੰਦਾ।"

ਭਾਵੇਂ ਮੈਂ ਉਸਨੂੰ ਤਾਂ ਇਹ ਕਹਿ ਦਿੱਤਾ ਕਿ ਇਹ ਪੀਣਾ ਸੇਹਤ ਲਈ ਨੁਕਸਾਨਦਾਇਕ ਹੈ। ਆਉ ਇਹ ਦੇਖੀਏ ਕਿ ਗਊ ਦੇ ਪਿਸ਼ਾਬ ਦੀ ਬਣਤਰ ਕੀ ਹੈ। ਗਊ ਤੇ ਅਜਿਹਾ ਹੋਰ ਪਸ਼ੂਆਂ ਦੇ ਪਿਸ਼ਾਬ ਵਿਚ ਪਾਏ ਜਾਣ ਵਾਲੇ ਬਹੁਤੇ ਪਦਾਰਥ ਇਕੋ ਜਿਹੇ ਹੀ ਹੁੰਦੇ ਹਨ। ਮੱਝ, ਗਊ, ਗਧਿਆਂ ਅਤੇ ਊਠਾਂ ਦੇ ਪਿਸ਼ਾਬ ਵਿੱਚ ਸੌ ਦੇ ਕਰੀਬ ਪਦਾਰਥ ਘੱਟ ਵੱਧ ਮਾਤਰਾ ਵਿੱਚ ਪਾਏ ਜਾਂਦੇ ਹਨ। ਇਹਨਾਂ ਵਿਚੋਂ ਕਈ ਪਦਾਰਥ ਮਨੁੱਖੀ ਸੇਹਤ ਲਈ ਲਾਭਦਾਇਕ ਅਤੇ ਕਈ ਹੋਰ ਨੁਕਸਾਨਦਾਇਕ ਵੀ ਹੁੰਦੇ ਹਨ। ਪਰਖ ਲਈ ਜੇ ਤੁਸੀਂ ਗਊ ਦਾ ਪਿਸ਼ਾਬ ਕਿਸੇ ਪੌਦੇ ਨੂੰ ਲਗਾਤਾਰ ਕੁਝ ਦਿਨ ਪਾਉਂਦੇ ਰਹੋ ਤਾਂ ਉਹ ਸੁੱਕ ਜਾਵੇਗਾ। ਕੁੱਤਿਆਂ, ਚੂਹਿਆਂ, ਬਿੱਲੀਆਂ ਨੂੰ ਇਹ ਪਿਸ਼ਾਬ ਲਗਾਤਾਰ ਕਈ ਦਿਨ ਪਿਲਾਉਣ ਨਾਲ ਉਹਨਾਂ ਦੀ ਮੌਤ ਹੋ ਜਾਵੇਗੀ। ਖੁੰਬਾਂ ਜਾਂ ਉਲੀਆਂ ਤੇ ਪਿਸ਼ਾਬ ਛਿੜਕਣ ਨਾਲ ਉਹ ਖਤਮ ਹੋਣੀਆਂ ਸ਼ੁਰੂ ਹੋ ਜਾਣਗੀਆਂ। ਅਜਿਹਾ ਕਿਉਂ ਹੁੰਦਾ ਹੈ ਕਿਉਂਕਿ ਪਿਸ਼ਾਬ ਵਿਚ ਜਿਆਦਾ ਤਰ 17 ਕਿਸਮ ਦੇ ਪਦਾਰਥ ਪਾਏ ਜਾਂਦੇ ਹਨ। ਇਹਨਾਂ ਵਿੱਚ ਨਾਈਟ੍ਰੋਜਨ, ਅਮੋਨੀਆ, ਗੰਧਕ, ਤਾਂਬਾ, ਲੋਹਾ, ਯੂਰੀਆ, ਫਾਸਫੋਰਸ, ਸੋਡੀਅਮ, ਯੂਰਿਕ ਏਸਿਡ, ਪੋਟਾਸੀਅਮ, ਮੈਗਨੀਜ, ਕਾਰਬੋਨਿਕ ਐਸਿਡ ਕੈਲਸੀਅਮ, ਸੋਡੀਅਮ ਕਲੋਰਾਈਡ, ਅਤੇ ਕੁਝ ਵਿਟਾਮਿਨ। ਇਹਨਾਂ ਵਿਚੋਂ ਕੁਝ ਪਦਾਰਥ ਸਰੀਰ ਲਈ ਫਾਇਦੇਮੰਦ ਅਤੇ ਕੁਝ ਨੁਕਸਾਨਦਾਇਕ ਵੀ ਹਨ। ਅਸਲੀਅਤ ਕੁਝ ਵੀ ਨਹੀਂ। ਪਰ ਵੈਦ ਜਾਂ ਹਕੀਮ ਜਾਂ ਦਵਾਈਆਂ ਵੇਚਣ ਵਾਲੇ ਤੁਹਾਨੂੰ ਇਸ ਪਿਸ਼ਾਬ ਵਿਚਲੇ ਸਾਰੇ ਪਦਾਰਥ ਹੀ ਤੁਹਾਡੇ ਅੰਦਰ ਪੁਚਾ ਦੇਣਗੇ। ਅਜਿਹਾ ਕਰਨ ਨਾਲ ਜੇ ਇੱਕ ਬੀਮਾਰੀ ਠੀਕ ਵੀ ਹੋ ਜਾਵੇਗੀ ਤਾਂ ਕੋਈ ਹੋਰ ਨਵੀਂ ਸ਼ੁਰੂ ਵੀ ਹੋ ਸਕਦੀ ਹੈ। ਅਸਲ ਵਿੱਚ ਅੱਜ ਵਿਗਿਆਨ ਬਹੁਤ ਅਗਾਂਹ ਨਿਕਲ ਚੁੱਕਿਆ ਹੈ। ਵਿਕਸਤ ਮੁਲਕਾਂ ਵਿਚ ਮਨੁੱਖ ਦੀ ਔਸਤ ਆਯੂ 85 ਤੋਂ ਉਪਰ ਚਲੀ ਗਈ ਹੈ। ਉਹ ਦਿਨ ਦੂਰ ਨਹੀਂ ਜਦੋਂ ਇਹ 100 ਨੂੰ ਟੱਪ ਜਾਵੇਗੀ ਪਰ ਅਸੀਂ ਭਾਰਤੀ ਆਪਣੇ ਟੂਣੇ ਟੋਟਕਿਆਂ ਯੁੱਗ ਦੇ ਦਕੀਆਨੂਸੀ ਖਿਆਲਾਂ ਕਾਰਨ 68 ਸਾਲ ਦੀ ਔਸਤ ਉਮਰ ਭੋਗ ਰਹੇ ਹਾਂ। ਯਾਨੀ ਕਿ, ਵਿਕਸਿਤ ਮੁਲਕਾਂ ਨਾਲੋ 17 ਸਾਲ ਘੱਟ ਜਿਉਂ ਰਹੇ ਹਾਂ। ਸਾਡੇ ਗੁਆਂਢੀ ਮੁਲਕਾਂ ਚੀਨ, ਨਿਪਾਲ, ਬੰਗਲਾ ਦੇਸ਼ ਅਤੇ ਸ੍ਰੀ ਲੰਕਾ ਨੇ ਵੀ ਆਪਣੀ ਔਸਤ ਉਮਰ ਸਾਡੇ ਨਾਲੋਂ ਵੱਧ ਕਰ ਲਈ ਹੈ।




ਵਿਗਿਆਨ ਕਹਿੰਦਾ ਹੈ ਕਿ ਮਨੁੱਖ ਨੂੰ ਆਪਣੇ ਮੂੰਹ ਵਿੱਚ ਪਾਉਣ ਵਾਲੀ ਹਰ ਵਸਤੂ ਸੁਚੇਤ ਹੋ ਕੇ ਹੀ ਪਾਉਣੀ ਚਾਹੀਦੀ ਹੈ। ਅੱਜ ਹਸਪਤਾਲਾਂ ਦੀਆਂ ਲੈਬੋਰਟਰੀਆਂ ਤੁਹਾਡੇ ਸਰੀਰ ਦੀਆਂ ਬੀਮਾਰੀਆਂ ਅਤੇ ਜ਼ਰੂਰਤਮੰਦ ਪਦਾਰਥਾਂ ਦੀ ਘਾਟ ਵਾਧ ਬਾਰੇ ਸੂਚਿਤ ਕਰ ਸਕਦੀਆਂ ਹਨ। ਅੱਜ ਹੀਮੋਗਲੋਬਿਨ, ਕੈਲਸ਼ੀਅਮ, ਐਲਬੂਮਿਨ, ਕੇਰਾਟਿਨ, ਯੂਰਿਕ ਐਸਿਡ ਅਤੇ ਯੂਰੀਆ ਦੀ ਪਰਖ ਸਹਿਜੇ ਹੀ ਕਰਵਾਈ ਜਾ ਸਕਦੀ ਹੈ ਅਤੇ ਡਾਕਟਰਾਂ ਵਲੋਂ ਸਿਫਾਰਸ਼ ਕੀਤੇ ਪਦਾਰਥਾਂ ਨਾਲ ਇਹ ਘਾਟ ਪੂਰੀ ਵੀ ਕੀਤੀ ਜਾ ਸਕਦੀ ਹੈ। ਅੱਜ ਅਸੀਂ ਅਜਿਹੇ ਯੁੱਗ ਵਿੱਚ ਜਿਉਂ ਰਹੇ ਹਾਂ ਜਿਸ ਵਿਚ ਹਰੇਕ ਸਮਰੱਥ ਵਿਅਕਤੀ ਕੋਲ ਗਿਆਨ ਦਾ ਭੰਡਾਰ ਮੌਜੂਦ ਹੈ। ਗਿਆਨ ਦੇ ਇਸ ਖਜਾਨੇ ਨੂੰ ਲੱਖਾਂ ਵਿਗਿਆਨੀਆਂ ਨੇ ਆਪਣੀਆਂ ਸਾਰੀਆਂ ਉਮਰਾਂ ਦੀ ਖੋਜ ਪੜਤਾਲ ਰਾਹੀਂ ਆਧੁਨਿਕ ਉਪਕਰਨਾਂ ਦੀ ਸਹਾਇਤਾ ਨਾਲ ਅਮੀਰ ਕੀਤਾ ਹੈ ਤੇ ਦਿਨੋ ਦਿਨ ਅਮੀਰ ਕਰ ਰਹੇ ਹਨ। ਅਸੀਂ ਆਪਣੇ ਟੋਣੇ ਟੋਟਕੇ ਯੁੱਗ ਦੇ ਵਿਚਾਰਾਂ ਕਾਰਨ ਗਿਆਨ ਦੇ ਇਸ ਸਮੁੰਦਰ ਵਿਚੋਂ ਇੱਕ ਤੁਪਕਾ ਵੀ ਪੀਣ ਲਈ ਤਿਆਰ ਨਹੀਂ ਹਾਂ।

ਮੌਜੂਦਾ ਗਿਆਨ ਦੇ ਫੈਲਾਓ ਨੇ ਧਰਤੀ ਨੂੰ ਇੱਕ ਪਿੰਡ ਵਿਚ ਬਦਲ ਕੇ ਰੱਖ ਦਿੱਤਾ ਹੈ। ਮੈਡੀਕਲ ਦੇ ਖੇਤਰ ਵਿਚ ਇੱਕ ਇੱਕ ਬੀਮਾਰੀ ਤੇ ਲੱਖਾਂ ਵਿਗਿਆਨੀ ਖੋਜ ਪੜਤਾਲ ਲਈ ਜੁਟੇ ਹੋਏ ਹਨ। ਮਨੁੱਖੀ ਸਰੀਰ ਨੂੰ ਹੋਣ ਵਾਲੀਆਂ ਹਜ਼ਾਰਾਂ ਬੀਮਾਰੀਆਂ ਵਿਚੋਂ ਸੈਂਕੜਿਆਂ ਨੂੰ ਧਰਤੀ ਤੋਂ ਅਲਵਿਦਾ ਕਹਿ ਦਿੱਤਾ ਗਿਆ ਹੈ। ਚੇਚਕ, ਟੀ.ਬੀ. ਪੋਲੀਓ ਅਤੇ ਕੋਹੜ ਆਦਿ ਲੁਪਤ ਹੋਣ ਦੇ ਕਿਨਾਰੇ ਹਨ। ਬਹੁਤ ਸਾਰੀਆਂ ਬੀਮਾਰੀਆਂ ਨੂੰ ਡਾਕਟਰ ਸਹਿਜੇ ਹੀ ਠੀਕ ਕਰ ਦਿੰਦੇ ਹਨ। ਕੱਟੇ ਹੋਏ ਅੰਗਾਂ ਨੂੰ ਜੋੜ ਦੇਣਾ, ਖਰਾਬ ਹੋ ਚੁੱਕੇ ਅੰਗਾਂ ਨੂੰ ਬਦਲ ਦੇਣਾ, ਟੁੱਟੇ ਹੋਏ ਅੰਗਾਂ ਦੀ ਰਿਪੇਅਰ ਆਮ ਗੱਲ ਹੀ ਹੋ ਗਈ ਹੈ। ਸੋ ਸਾਨੂੰ ਭਾਰਤੀਆਂ ਨੂੰ ਵੀ ਡਾਕਟਰੀ ਵਿਗਿਆਨ ਦੀਆਂ ਆਧੁਨਿਕ ਖੋਜਾਂ ਅਨੁਸਾਰ ਵਧੀਆ ਤੋਂ ਵਧੀਆ ਅਤੇ ਛੇਤੀ ਤੋਂ ਛੇਤੀ ਸੰਭਵ ਇਲਾਜ ਸ਼ੁਰੂ ਕਰਨ ਦੇ ਯਤਨ ਕਰਨੇ ਚਾਹੀਦੇ ਹਨ।

ਗਊ ਦਾ ਮੂਤਰ ਕੋਈ ਦਵਾਈ ਨਹੀਂ ਸਗੋਂ ਇਹ ਧੰਦਾ ਹੈ। ਇਸ ਧੰਦੇ ਦਾ ਦੋ ਕਿਸਮ ਦੇ ਵਿਅਕਤੀ ਜਿਆਦਾ ਪ੍ਰਚਾਰ ਕਰ ਰਹੇ ਹਨ। ਪਹਿਲੀ ਕਿਸਮ ਦੇ ਵਿਅਕਤੀ ਅਜਿਹੇ ਹਨ ਜਿਹਨਾਂ ਨੇ ਇਸ ਧੰਦੇ ਵਿਚੋਂ ਪੈਸੇ ਕਮਾਉਣੇ ਹਨ। ਇਹ ਵਿਅਕਤੀ ਗਊ ਦੇ ਪਿਸ਼ਾਬ ਦੇ ਪੇਟੈਂਟ ਲੈਂਦੇ ਹਨ। ਆਮ ਜਨਤਾ ਇਹ ਨਹੀਂ ਸਮਝਦੀ ਕਿ ਕਿਸੇ ਵਸਤੂ ਦੇ ਪੇਟੈਂਟ ਲੈਣ ਦਾ ਕੀ ਮਤਲਬ ਹੁੰਦਾ ਹੈ। ਉਹ ਇਸਨੂੰ ਪਦਾਰਥ ਦੇ ਪ੍ਰਭਾਵ ਦਾ ਲਾਇਸੈਂਸ ਹੀ ਸਮਝ ਲੈਂਦੇ ਹਨ। ਜਦੋਂ ਕਿ ਪੇਟੈਂਟ ਦਾ ਸਬੰਧ ਪ੍ਰਭਾਵ ਜਾਂ ਬਣਤਰ ਨਾਲ ਬਿਲਕੁਲ ਵੀ ਨਹੀਂ ਹੈ। ਪੇਟੈਂਟ ਤਾਂ ਇੱਕ ਰਜਿਸਟਰਡ ਟਰੇਡ ਮਾਰਕ ਹੈ, ਜਿਸਦਾ ਮਤਲਬ ਹੈ ਇਹ ਪਦਾਰਥ ਪਹਿਲਾਂ ਮੈਂ ਖੋਜਿਆ ਹੈ। ਇਸ ਲਈ ਇਸ ਪਦਾਰਥ ਨੂੰ ਵੇਚਣ ਦਾ ਅਧਿਕਾਰ ਮੇਰਾ ਹੈ। ਮੈਂ ਇਸ ਪਦਾਰਥ ਨੂੰ ਵੇਚਣ ਦਾ ਅਧਿਕਾਰ ਕਿਸੇ ਹੋਰ ਨੂੰ ਦੇ ਸਕਦਾ ਹਾਂ। ਅਸੀਂ ਜਾਣਦੇ ਹਾਂ ਕਿ ਗਊਮੂਤਰ ਦਾ ਜਿਕਰ ਸਾਡੇ ਵਡ ਵਡੇਰਿਆਂ ਦੁਆਰਾ 1300 ਸਾਲ ਪਹਿਲਾਂ ਲਿਖੀਆਂ ਚੱਕਰਾਂ ਅਤੇ ਸੁਸਰਤੀਆਂ ਵਿੱਚ ਆਉਂਦਾ ਹੈ। ਅੱਜ ਦੇ ਯੁੱਗ ਵਿੱਚ ਉਸਦਾ ਪੇਟੈਂਟ ਲੈਣਾ ਹੀ ਗਲਤ ਹੈ। ਗਊ ਦੇ ਪੇਸ਼ਾਬ ਨੂੰ 'ਗੋਅਰਕ' ਦੇ ਤੌਰ ਤੇ ਪੇਟੈਂਟ ਕਰਵਾਇਆ ਗਿਆ ਹੈ। ਗਊ ਦੇ ਦੁੱਧ, ਘਿਉ, ਗੋਬਰ, ਦਹੀ ਅਤੇ ਪਿਸ਼ਾਬ ਨੂੰ ਵਰਤ ਕੇ ਤਿਆਰ ਕੀਤੀਆਂ ਗੋਲੀਆਂ ਨੂੰ 'ਪੰਚਗਾਵੀਆ' ਨਾਂ ਤੇ ਪੇਟੈਂਟ ਕਰਵਾਇਆ ਗਿਆ ਹੈ।

ਧੰਦੇਬਾਜ ਵੱਧ ਤੋਂ ਵੱਧ ਕਮਾਈ ਕਰਨ ਲਈ ਲੋਕਾਂ ਨੂੰ ਡਰਾਉਂਦੇ ਵੀ ਹਨ ਤੇ ਆਪਣੇ ਪਦਾਰਥ ਦੇ ਵੱਧ ਤੋਂ ਵੱਧ

ਫਾਇਦੇ ਵੀ ਦਰਸਾਉਂਦੇ ਹਨ। ਉਹਨਾਂ ਧੰਦੇਬਾਜਾਂ ਨੂੰ ਲੋਕਾਂ ਦੀ ਸਿਹਤ ਨਾਲ ਕੋਈ ਲੈਣ ਦੇਣ ਨਹੀਂ ਹੁੰਦਾ। ਉਹਨਾਂ ਨੇ ਤਾਂ ਕਮਾਈ ਹੀ ਕਰਨੀ ਹੈ। ਅੱਜ ਸੈਂਕੜੇ ਵੈੱਬਸਾਈਟਾਂ ਤੁਹਾਨੂੰ ਅਜਿਹੀਆਂ ਦਿਖ ਜਾਣਗੀਆਂ ਜਿਹਨਾਂ ਵਿੱਚ ਗਊਮੂਤਰ ਨੂੰ 'ਸਰਵੋਤਮ ਔਸ਼ਧੀ' ਦਾ ਨਾਂ ਦਿੱਤਾ ਗਿਆ ਹੈ। ਅਜਿਹੀ ਸੈਂਕੜੇ ਹੀ ਪੁਸਤਕਾਂ ਮਿਲ ਜਾਣਗੀਆਂ ਜਿਹਨਾਂ ਵਿੱਚ ਗਊ ਮੂਤਰ ਦੇ ਫਾਇਦੇ ਵਿਖਾਏ ਜਾ ਸਕਦੇ ਹਨ। ਇਹਨਾਂ ਪੁਸਤਕਾਂ ਦੀਆਂ ਵੈਬਸਾਈਟਾਂ ਤੇ ਸਨਸਰੀ ਨਜ਼ਰ ਮਾਰਿਆਂ ਹੀ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਗਊ ਮੂਤਰ ਕੈਂਸਰ, ਗਠੀਆ, ਦਿਲ ਦੇ ਰੋਗ, ਗੁਰਦੇ ਦੇ ਰੋਗ, ਹਾਜਮੇ, ਦਰਦਾਂ ਅਤੇ ਟੀ. ਬੀ. ਆਦਿ ਲਈ ਬਹੁਤ ਹੀ ਪ੍ਰਭਾਵਸ਼ਾਲੀ ਹੈ। ਉਹਨਾਂ ਅਨੁਸਾਰ ਗਊ ਦੇ ਪਿਸ਼ਾਬ ਦਾ ਸੇਵਨ ਕਰਨ ਵਾਲੇ ਵਿਅਕਤੀਆਂ ਨੂੰ ਇਹ ਰੋਗ ਹੋ ਹੀ ਨਹੀਂ ਸਕਦੇ। ਆਮ ਜਨਤਾ ਇਹ ਨਹੀਂ ਜਾਣਦੀ ਕਿ ਕੈਂਸਰ ਦੀਆਂ ਹੀ ਦੋ ਸੌ ਤੋਂ ਵੱਧ ਕਿਸਮਾਂ ਹਨ। ਇਹ ਵੈੱਬਸਾਈਟਾਂ ਤੇ ਕਿਤਾਬਾਂ ਇਹ ਨਹੀਂ ਦਸਣਗੀਆਂ ਕਿ ਇਹ ਕਿਸ ਬੀਮਾਰੀ ਨੂੰ ਕਿਵੇਂ ਠੀਕ ਕਰਦਾ ਹੈ? ਉਹਨਾਂ ਦੁਆਰਾ ਕੱਢੇ ਗਏ ਬਹੁਤ ਸਾਰੇ ਨਤੀਜੇ ਵੀ ਵਿਅਕਤੀਗਤ ਤਜਰਬਿਆਂ ਤੇ ਅਧਾਰਤ ਹੁੰਦੇ ਹਨ। ਉਹ ਕਦੇ ਵੀ ਨਹੀਂ ਦੱਸਣਗੇ ਕਿ ਇਹ ਪ੍ਰਯੋਗ ਪਹਿਲਾਂ ਜਾਨਵਰਾਂ ਤੇ ਬਾਅਦ ਵਿਚ ਬਾਂਦਰਾਂ ਅਤੇ ਫਿਰ ਮਨੁੱਖਾਂ ਦੇ ਕਿੰਨੇ ਗਰੁੱਪਾਂ ਤੇ ਅਜਮਾਇਆ ਗਿਆ ਹੈ? ਗਊ ਦਾ ਪਿਸ਼ਾਬ ਵਰਤਣ ਵਾਲੇ ਵੀ ਇਹ ਸੋਚ ਲੈਂਦੇ ਹਨ ਕਿ ਮੈਂ ਅੱਜ ਤੰਦਰੁਸਤ ਇਸ ਲਈ ਹੀ ਹਾਂ ਕਿ ਮੈਂ ਗਊ ਦਾ ਪਿਸ਼ਾਬ ਨਿੱਤ ਵਰਤੋਂ ਵਿਚ ਲਿਆਉਂਦਾ ਹਾਂ ਪਰ ਹਕੀਕਤ ਇਹ ਨਹੀਂ ਹੁੰਦੀ। ਸਾਡਾ ਸਰੀਰ 90% ਬੀਮਾਰੀਆਂ ਨੂੰ ਖੁਦ ਹੀ ਠੀਕ ਕਰ ਲੈਂਦਾ ਹੈ। ਬਹੁਤੀਆਂ ਬੀਮਾਰੀਆਂ ਜਾਨਲੇਵਾ ਹੁੰਦੀਆਂ ਹੀ ਨਹੀਂ। ਅਜਿਹੀਆਂ ਬੀਮਾਰੀਆਂ ਨੂੰ ਸਾਡਾ ਸਰੀਰ ਖੁਦ ਬ ਖੁਦ ਕੁਝ ਸਮੇਂ ਵਿਚ ਠੀਕ ਕਰ ਹੀ ਲੈਂਦਾ ਹੈ।

ਦੂਸਰੀ ਕਿਸਮ ਦੇ ਵਿਅਕਤੀ ਉਹ ਹੁੰਦੇ ਹਨ ਜਿਹਨਾਂ ਨੇ ਸੱਤਾ ਤੇ ਕਾਬਜ ਹੋਣ ਲਈ ਪੁਰਾਤਨ ਵਿਚਾਰਾਂ ਨੂੰ ਆਪਣੀਆਂ ਪੌੜੀਆਂ ਬਣਾਉਣਾ ਹੁੰਦਾ ਹੈ। 1947 ਤੋਂ ਬਾਅਦ ਕੇਂਦਰ ਸਰਕਾਰ ਦੀ ਸੱਤਾ ਕਾਂਗਰਸ ਜਾਂ ਭਾਜਪਾ ਪਾਰਟੀਆਂ ਦੇ ਹੱਥ ਵਿੱਚ ਰਹੀ ਹੈ। ਕਾਂਗਰਸ ਵੀ ਆਮ ਜਨਤਾ ਦੇ ਪਛੜੇਪਣ ਦਾ ਕਿਸੇ ਨਾ ਕਿਸੇ ਰੂਪ ਵਿੱਚ ਫਾਇਦਾ ਉਠਾਉਂਦੀ ਰਹੀ ਹੈ। ਪਰ ਮੌਜੂਦਾ ਹਾਕਮ ਧਿਰ ਨੇ ਤੇ ਸੰਗ ਪੂਰੀ ਤਰ੍ਹਾਂ ਹੀ ਲਾਹ ਦਿੱਤੀ ਹੈ। ਇਹਨਾਂ ਨੇ ਲੋਕਾਂ ਦੀ ਇਸ ਨਬਜ਼ ਨੂੰ ਪਹਿਚਾਣਿਆ ਹੈ ਕਿ ਬਹੁਸੰਮਤੀ ਧਿਰ ਹਿੰਦੂ ਧਰਮ ਦੀ ਹੈ। ਇਸ ਲਈ ਭਾਰਤੀ ਸੰਵਿਧਾਨ ਨੂੰ ਖੂੰਜੇ ਲਾ ਕੇ ਇਸ ਧਿਰ ਨੇ ਹਿੰਦੂਆਂ ਦੀਆਂ ਧਾਰਮਿਕ ਪੁਸਤਕਾਂ ਵਿੱਚ ਦਰਜ ਆਪਣੇ ਮੇਚ ਦੀਆਂ ਗੱਲਾਂ ਨੂੰ ਆਪਣਾ ਹਥਿਆਰ ਬਣਾ ਲਿਆ ਹੈ। ਜੇ ਦੇਸ਼ ਦਾ ਪ੍ਰਧਾਨ ਮੰਤਰੀ ਦੇਸ਼ ਦੇ ਵਿਗਿਆਨਕਾਂ ਦੀ ਕਾਨਫਰੰਸ ਵਿੱਚ ਇਹ ਐਲਾਨ ਕਰਦਾ ਹੈ ਕਿ ਪ੍ਰਾਚੀਨ ਯੁੱਗ ਦੇ ਭਾਰਤ ਵਿੱਚ ਸਰਜਰੀ ਵਿਗਿਆਨ ਬਹੁਤ ਵਿਕਸਿਤ ਸੀ। ਉਹ ਗਣੇਸ਼ ਜੀ ਦੇ ਸਿਰ ਤੇ ਹਾਥੀ ਦਾ ਸਿਰ ਲਾਉਣ ਤੱਕ ਪੁੱਜੀ ਹੋਈ ਸੀ। ਇਸਦਾ ਕੀ ਮਤਲਬ ਹੈ ਕਿ ਨਰੇਂਦਰ ਮੋਦੀ ਜੀ ਇਸ ਗੱਲ ਦੀ ਜਾਣਕਾਰੀ ਨਹੀਂ? ਉਹ ਸਭ ਕੁਝ ਜਾਣਦਾ ਹੈ। ਉਸਨੂੰ ਪਤਾ ਹੈ ਕਿ ਧਰਤੀ ਦੇ ਉਪਰ ਤਿੰਨ ਸੌ ਸਾਲ ਪਹਿਲਾਂ ਤੱਕ ਤਾਂ ਸਰਜਰੀ ਵਿਗਿਆਨ ਨੇ ਪੁਲਾਂਘ ਵੀ ਨਹੀਂ ਪੁੱਟੀ ਸੀ। ਉਪਰੋਕਤ ਗੱਲ ਭਾਰਤੀ ਵਿਗਿਆਨੀਆਂ ਨੂੰ ਇੱਕ ਇਸ਼ਾਰਾ ਸੀ ਕਿ ਹਿੰਦੂ ਵਿਚਾਰਧਾਰਾ ਨੂੰ ਵੱਧ ਤੋਂ ਵੱਧ ਪ੍ਰਚਾਰੋ। ਗਊ ਮੂਤਰ, ਸਰਸਵਤੀ ਨਦੀ, ਗੰਗਾ ਦੀ ਸਫਾਈ, ਜੋਤਿਸ਼, ਵਾਸਤੂ ਸਾਸ਼ਤਰ, ਸਕੂਲਾਂ ਵਿਚ ਗੀਤਾ ਦੀ ਪੜ੍ਹਾਈ, ਰਾਮ ਮੰਦਰ ਅਤੇ ਗਊ ਧਨ ਸਭ ਸਤਾਂ ਤੇ ਪੁੱਜਣ ਤੇ ਕਾਇਮ ਰਹਿਣ ਲਈ ਪੌੜੀਆਂ ਹਨ।

ਆਉ ਹੁਣ ਵੇਖੀਏ ਕਿ ਭਾਰਤ ਸਰਕਾਰ ਨੇ ਕਿਵੇਂ ਗਊ ਮੂਤਰ ਦੀ ਵਰਤੋਂ ਨੂੰ ਵਧਾਉਣ ਲਈ ਕੀ ਕੀ ਉਪਰਾਲੇ ਕੀਤੇ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਗਊ ਮੂਤਰ ਵਿੱਚ ਪਾਏ ਜਾਣ ਵਾਲੇ ਪਦਾਰਥਾਂ ਦੀ ਬਣਤਰ ਅਤੇ ਉਹਨਾਂ ਦੇ ਵੱਖ ਵੱਖ ਬੀਮਾਰੀਆਂ ਵਿੱਚ ਉਹਨਾਂ ਦੇ ਪ੍ਰਭਾਵਾਂ ਬਾਰੇ ਕੋਈ ਵੀ ਵਿਗਿਆਨਕਾਂ ਦੀ ਟੀਮ ਬਣਾ ਕੇ ਪਰਖ ਨਹੀਂ ਕਰਵਾਈ ਹੈ। ਜੇ ਉਹ ਟੀਮ ਬਣਾ ਵੀ ਦੇਣਗੇ ਤਾਂ ਉਸ ਵਿੱਚ ਉਹ ਆਪਣੀ ਵਿਚਾਰਧਾਰਾ ਦੇ ਵਿਅਕਤੀ ਫਿੱਟ ਕਰਕੇ ਉਹਨਾਂ ਤੋਂ ਇੱਛਤ ਨਤੀਜਿਆਂ ਦੀ ਰਿਪੋਰਟਾਂ ਕਿਵੇਂ ਪ੍ਰਾਪਤ ਕਰਨੀਆਂ ਹਨ? ਇਸ ਸਭ ਤੋਂ ਉਹ ਭਲੀ ਭਾਂਤ ਜਾਣੂ ਹਨ। ਜਨਤਾ ਮਰਦੀ ਹੈ, ਗੁੰਮਰਾਹ ਹੁੰਦੀ ਹੈ ਇਸ ਗੱਲ ਨਾਲ ਉਹਨਾਂ ਦਾ ਕੋਈ ਲੈਣ ਦੇਣ ਨਹੀਂ ਹੈ। ਅਸਲੀਅਤ ਇਹ ਹੈ ਕਿ ਜਨਤਾ ਨੂੰ ਅਨਪੜ੍ਹ, ਅਗਿਆਨੀ ਰੱਖਣਾ ਤੇ ਬਣਾਉਣਾ ਭਾਰਤ ਦੇ ਮੌਜੂਦਾ ਹਾਕਮਾਂ ਦੀ ਜਰੂਰਤ ਹੈ। ਜਨਤਕ ਸਤਾ ਰਾਹੀਂ ਪ੍ਰਾਪਤ ਧੰਨ ਨੂੰ ਜਨਤਾ ਨੂੰ ਹੀ ਬੇਵਕੂਫ ਬਣਾਉਣ ਲਈ ਵਰਤਣਾ ਉਹਨਾਂ ਦੀ ਲੋੜ ਹੈ।

ਇਸ ਕੰਮ ਲਈ ਉਹ ਆਪ ਪਿਸ਼ਾਬ ਪੀਂਦੇ ਹਨ ਜਾਂ ਨਹੀਂ, ਪਰ ਇਸਦੇ ਫਾਇਦੇ ਪਾਰਲੀਮੈਂਟ ਵਿੱਚ ਜਰੂਰ ਦਰਸਾਉਂਦੇ ਹਨ। ਗਊ ਮੂਤਰ ਅਤੇ ਗੰਗਾ ਜਲ ਡਾਕਖਾਨਿਆਂ ਰਾਹੀਂ ਵੀ ਮੰਗਵਾਉਣ ਦੀ ਸਹੂਲਤ ਦੇ ਦਿੱਤੀ ਗਈ। ਗਊਸਾਲਾਵਾਂ ਦੇ ਬਿਜਲੀ ਬਿਲ, ਪ੍ਰੋਪਰਟੀ ਟੈਕਸ ਆਦਿ ਮੁਆਫ ਕਰ ਦਿੱਤੇ ਗਏ ਹਨ, ਗਊਸ਼ਾਲਾਵਾਂ ਦੀ ਸਾਂਭ ਸੰਭਾਲ ਲਈ ਜਨਤਾ ਤੇ ਟੈਕਸ ਲਾ ਦਿੱਤੇ ਗਏ ਹਨ। ਗਰਾਂਟਾਂ ਦੇ ਗੱਫੇ ਮਿਲ ਰਹੇ ਹਨ। ਗਊ ਦਾ ਵਪਾਰ ਕਰਨ ਵਾਲੇ ਵਿਅਕਤੀਆਂ ਕੁੱਟਮਾਰ ਹੋਣਾ ਆਮ ਵਰਤਾਰਾ ਬਣ ਗਿਆ ਹੈ। ਘਰ ਘਰ ਵਿਚੋਂ ਗਊ ਪਿਸ਼ਾਬ ਖ਼੍ਰੀਦਣਾ ਤੇ ਵੇਚਣਾ ਆਮ ਹੀ ਵਿਖਾਈ ਦੇ ਰਿਹਾ ਹੈ। ਗਊਆਂ ਕਾਰਨ ਹੋ ਰਹੇ ਫਸਲਾਂ ਦੇ ਨੁਕਸਾਨ ਤੇ ਦੁਰਘਟਨਾਵਾਂ ਵਿਚ ਮਾਰੇ ਜਾ ਰਹੇ ਵਿਅਕਤੀਆਂ ਦੀ ਕਿਸੇ ਨੂੰ ਚਿੰਤਾ ਨਹੀਂ। ਮਨੁੱਖੀ ਜੂਨ ਪਸ਼ੂਆਂ ਨਾਲ ਮਾੜੀ ਕਰ ਦਿੱਤੀ ਗਈ ਹੈ। ਅੱਜ ਸੜਕ ਤੇ ਜੇ ਕੋਈ ਮਨੁੱਖੀ ਲਾਸ਼ ਮਹੀਨਾ ਰੁਲਦੀ ਰਹੇ ਤਾਂ ਕਿਸੇ ਨੂੰ ਕੋਈ ਚਿੰਤਾ ਨਹੀਂ ਹੁੰਦੀ ਪਰ ਜੇ ਇੱਕ ਘੰਟੇ ਲਈ ਇੱਕ ਗਊ ਦਾ ਮ੍ਰਿਤਕ ਸਰੀਰ ਮਿਲ ਜਾਵੇ ਤਾਂ ਹਾਲ ਦੁਹਾਈ ਮੱਚ ਜਾਂਦੀ ਹੈ।

ਗਊ ਦਾ ਪਿਸ਼ਾਬ ਗੁਰਦਿਆਂ ਵਿੱਚ ਫਿਲਟਰ ਹੋ ਕੇ ਆਉਣ ਤੋਂ ਬਾਅਦ ਵੀ ਉਸਦੇ ਸਰੀਰ ਦੇ ਜਨਣ ਅੰਗਾਂ ਸਮੇਤ ਕਈ ਅੰਗਾਂ ਵਿਚੋਂ ਗੁਜਰਦਾ ਹੈ। ਇਸ ਵਿੱਚ ਕੁਝ ਬੀਮਾਰੀਆਂ ਫੈਲਾਉਣ ਵਾਲੇ ਬੈਕਟੀਰੀਆ ਵੀ ਹੁੰਦੇ ਹਨ। ਗਊ ਖ਼ੁਦ ਵੀ ਆਪਣਾ ਪਿਸ਼ਾਬ ਨਹੀਂ ਪੀਂਦੀ। ਪਰ ਮਨੁੱਖ ਜਾਤੀ ਨੂੰ ਇਸਦਾ ਇਸਤੇਮਾਲ ਕਰਨ ਲਈ ਉਤਸ਼ਾਹਤ ਕਰਨਾ ਮੈਂ ਸਮਝਦਾ ਹਾਂ ਇਕ ਜੁਰਮ ਹੈ। ਪਰ ਮੇਰੀ ਇਸ ਸਮਝ ਨਾਲ ਸਮੇਂ ਦੇ ਹਾਕਮਾਂ ਨੂੰ ਕੀ ਫ਼ਰਕ ਪੈਣਾ ਹੈ। ਉਹਨਾਂ ਨੇ ਤਾਂ ਵੋਟਾਂ ਗਿਣਨੀਆਂ ਹਨ। ਵੋਟਾਂ ਅਜਿਹੀਆਂ ਬੇਹੂਦਾ ਗੱਲਾਂ ਵਿਚ ਜਿਆਦਾ ਹਨ।

# ਧਰਮ ਤੇ ਤਰਕ/ -ਹਿਮਾਂਸ਼ੂ ਕੁਮਾਰ

ਪਿਛਲੇ ਦਿਨਾਂ ਵਿੱਚ ਮੈਨੂੰ ਜਵਾਨ ਲੜਕੇ ਲੜਕੀਆਂ ਦੇ ਇੱਕ ਪ੍ਰੀਖਿਆ ਕੇਂਦਰ ਵਿੱਚ ਬੁਲਾਇਆ ਗਿਆ।

ਮੈਨੂੰ ਰਾਸ਼ਟਰਵਾਦ ਅਤੇ ਸੰਪਰਦਾਇਕਤਾ ਉੱਪਰ ਬੋਲਣ ਲਈ ਕਿਹਾ ਗਿਆ। ਮੈਂ ਉਥੇ ਮੌਜੂਦ ਸਿੱਖਿਅਤ ਨੌਜਵਾਨ ਤੋਂ ਪੁੱਛਿਆ ਕਿ ਦੱਸੋ ਕਿ ਦੁਨੀਆ ਦਾ ਸੱਭ ਤੋਂ ਵੱਡਾ ਰਾਸ਼ਟਰ ਕਿਹੜਾ ਹੈ? ਸਾਰਿਆਂ ਨੇ ਇੱਕ ਸਾਰ ਕਿਹਾ ਕਿ ਭਾਰਤ। ਮੈਂ ਅਗਲਾ ਸਵਾਲ ਪੁੱਛਿਆ ਕਿ ਸਭ ਤੋਂ ਵਧੀਆ ਧਰਮ ਕਿਹੜਾ ਹੈ। ਸਾਰਿਆਂ ਨੇ ਕਿਹਾ ਹਿੰਦੂ ਧਰਮ, ਮੈਂ ਪੁੱਛਿਆ ਕਿ ਚੰਗਾ ਦੱਸੋ ਸਭ ਤੋਂ ਵਧੀਆ ਭਾਸ਼ਾ ਕਿਹੜੀ ਹੈ? ਕੁਝ ਨੇ ਕਿਹਾ ਹਿੰਦੀ ਕੁਝ ਨੇ ਜਵਾਬ ਦਿੱਤਾ ਕਿ ਸੰਸਕ੍ਰਿਤ, ਮੈਂ ਪੁੱਛਿਆ ਕਿ ਸਭ ਤੋਂ ਬੁਰਾ ਦੇਸ਼ ਕਿਹੜਾ ਹੈ? ਉਹਨਾਂ ਨੇ ਕਿਹਾ ਪਾਕਿਸਤਾਨ, ਮੈਂ ਪੁੱਛਿਆ ਸਭ ਤੋਂ ਬੇਕਾਰ ਧਰਮ ਕਿਹੜਾ ਹੈ? ਉਹਨਾਂ ਨੇ ਕਿਹਾ ਮੁਸਲਮਾਨ, ਮੈਂ ਇਹਨਾਂ ਬੱਚਿਆਂ ਨੂੰ ਪੁੱਛਿਆ ਕਿ ਤੁਸੀਂ ਜਨਮ ਲੈਣ ਲਈ ਆਪਣੇ ਮਾਂ-ਬਾਪ ਆਪ ਚੁਣੇ ਸੀ? ਸਾਰਿਆਂ ਨੇ ਕਿਹਾ ਨਹੀਂ ਮੈਂ ਪੁੱਛਿਆ ਕਿ ਤੁਸੀਂ ਜਨਮ ਦੇ ਲਈ ਭਾਰਤ ਨੂੰ ਜਾਂ ਹਿੰਦੂ ਧਰਮ ਨੂੰ ਆਪ ਚੁਣਿਆ ਸੀ? ਸਾਰਿਆਂ ਨੇ ਕਿਹਾ ਨਹੀਂ, ਮੈਂ ਕਿਹਾ ਮਤਲਬ ਤੁਹਾਡਾ ਇਸ ਦੇਸ਼, ਧਰਮ ਅਤੇ ਭਾਸ਼ਾ ਵਿੱਚ ਜਨਮ ਮਹਜ਼ ਇੱਕ ਇਤਿਫ਼ਾਕ ਹੈ, ਸਾਰਿਆਂ ਨੇ ਕਿਹਾ ਹਾਂ ਇਹ ਤਾਂ ਸੱਚ ਹੈ, ਮੈਂ ਅਗਲਾ ਸਵਾਲ ਕੀਤਾ ਕਿ ਜੇਕਰ ਤੁਹਾਡਾ ਜਨਮ ਪਾਕਿਸਤਾਨ ਵਿੱਚ ਕਿਸੇ ਮੁਸਲਮਾਨ ਦੇ ਘਰ ਹੋ ਜਾਂਦਾ ਅਤੇ ਮੈਂ ਤੁਹਾਡੇ ਤੋਂ ਇਹੀ ਸਵਾਲ ਪੁੱਛਦਾ ਤਾਂ ਤੁਸੀਂ ਕੀ ਜਵਾਬ ਦਿੰਦੇ? ਕੀ ਤੁਸੀਂ ਫਿਰ ਵੀ ਹਿੰਦੂ ਧਰਮ ਨੂੰ ਹੀ ਸਭ ਤੋਂ ਵਧੀਆ ਦੱਸਦੇ?

ਸਾਰੇ ਬੱਚਿਆਂ ਨੇ ਕਿਹਾ ਨਹੀਂ ਇਸਲਾਮ ਨੂੰ ਸਭ ਤੋਂ ਵਧੀਆ ਦੱਸਦੇ, ਮੈਂ ਪੁੱਛਿਆ ਜੇਕਰ ਪਾਕਿਸਤਾਨ ਵਿੱਚ ਤੁਹਾਡਾ ਜਨਮ ਹੁੰਦਾ ਅਤੇ ਫਿਰ ਮੈਂ ਤੁਹਾਡੇ ਤੋਂ ਪੁੱਛਦਾ ਕਿ ਸਭ ਤੋਂ ਵਧੀਆ ਦੇਸ਼ ਕਿਹੜਾ ਹੈ ਕੀ ਤੁਸੀਂ ਭਾਰਤ ਨੂੰ ਸਭ ਤੋਂ ਵਧੀਆ ਰਾਸ਼ਟਰ ਕਹਿੰਦੇ? ਸਾਰਿਆਂ ਨੇ ਕਿਹਾ ਨਹੀਂ ਫਿਰ ਤਾਂ ਅਸੀਂ ਪਾਕਿਸਤਾਨ ਨੂੰ ਸਭ ਤੋਂ ਵਧੀਆ ਦੇਸ਼ ਕਹਿੰਦੇ, ਮੈਂ ਕਿਹਾ ਇਸਦਾ ਮਤਲਬ ਇਹ ਹੈ ਕਿ ਅਸੀਂ ਜਿੱਥੇ ਜਨਮ ਲਿਆ ਹੈ ਅਸੀਂ ਉਸ ਧਰਮ ਅਤੇ ਉਸ ਦੇਸ਼ ਨੂੰ ਹੀ ਸਭ ਤੋਂ ਵਧੀਆ ਮੰਨਦੇ ਹਾਂ।

ਅਸਲ ਵਿੱਚ ਉਹ ਸਭ ਤੋਂ ਵਧੀਆ ਨਹੀਂ ਹੁੰਦਾ, ਸਾਰਿਆ ਨੇ ਕਿਹਾ ਇਹ ਤਾਂ ਸੱਚ ਹੈ। ਮੈਂ ਕਿਹਾ ਹੁਣ ਸਾਡਾ ਫ਼ਰਜ਼ ਇਹ ਹੈ ਕਿ ਅਸੀਂ ਜਿੱਥੇ ਜਨਮ ਲਿਆ ਹੈ ਉਸ ਦੇਸ਼ ਅਤੇ ਉਸ ਧਰਮ ਵਿੱਚ ਜੋ ਬੁਰਾਈਆਂ ਹਨ ਉਹਨਾਂ ਨੂੰ ਲੱਭੀਏ ਅਤੇ ਉਹਨਾਂ ਬੁਰਾਈਆਂ ਨੂੰ ਠੀਕ ਕਰਨ ਦਾ ਕੰਮ ਕਰੀਏ। ਸਾਰਿਆਂ ਨੇ ਕਿਹਾ ਇਹ ਵੀ ਠੀਕ ਗੱਲ ਹੈ, ਇਸ ਤੋਂ ਬਾਅਦ ਮੈਂ ਉਹਨਾਂ ਨੂੰ ਸੰਗਠਨ ਦੁਆਰਾ ਦੇਸ਼ ਭਰ ਵਿੱਚ ਫੈਲਾਏ ਗਏ ਸੰਪਰਦਾਇਕਤਾ ਜ਼ਹਿਰ ਅਤੇ ਉਸਦੀ ਆੜ ਵਿੱਚ ਭਾਰਤ ਦੀ ਸਤਾ ਤੇ ਕਬਜ਼ਾ ਕਰਨ ਅਤੇ ਫਿਰ ਭਾਰਤ ਦੇ ਸੰਸਾਧਨਾਂ ਨੂੰ ਅਮੀਰ ਉਦਯੋਗਪਤੀਆਂ ਨੂੰ ਸੌਂਪਣ ਦੀ ਉਹਨਾਂ ਦੀ ਰਾਜਨੀਤੀ ਦੇ ਬਾਰੇ ਵਿੱਚ ਸਮਝਾਇਆ। ਇਹਨਾਂ ਵਿੱਚ ਕਾਫੀ ਸਾਰੇ ਮੋਦੀ ਦੇ ਭਗਤ ਵੀ ਸਨ।

ਪਰ ਇਸ ਪ੍ਰੀਖਿਆ ਤੋਂ ਬਾਅਦ ਉਹ ਸਾਰੇ ਮੇਰੇ ਕੋਲ ਆਏ ਅਤੇ ਉਹਨਾਂ ਨੇ ਕਿਹਾ ਕਿ ਅੱਜ ਤੁਹਾਡੀਆਂ ਗੱਲਾਂ ਸੁਣਨ ਤੋਂ ਬਾਅਦ ਸਾਡੀਆਂ ਅੱਖਾਂ ਖੁੱਲ ਗਈਆਂ ਹਨ।

ਅਸਲ ਸਾਨੂੰ ਇਸ ਤਰ੍ਹਾਂ ਸੋਚਣ ਲਈ ਨਾ ਤਾਂ ਸਾਡੇ ਘਰ ਵਿੱਚ ਸਿਖਾਇਆ ਗਿਆ ਨਾ ਹੀ ਸਾਡੇ ਸਕੂਲ ਜਾਂ ਕਾਲਜ਼ ਵਿੱਚ ਇਸ ਤਰ੍ਹਾਂ ਦੀਆਂ ਗੱਲਾਂ ਦੱਸੀਆਂ ਗਈਆਂ।

ਮਿੰਨੀ ਕਹਾਣੀ

# ਸਮਾਧੀ

ਮਰੇ ਪਏ ਢੱਠੇ ਕੋਲ ਦੀ ਇੱਕ ਸੰਤਨੁਮਾ ਭਗਵੇਂ ਕੱਪੜੇ ਪਾਈ ਨੌਜੁਆਨ ਲੰਘ ਰਿਹਾ ਸੀ। ਦਸ ਕੁ ਕਦਮ ਅੱਗੇ ਜਾਕੇ ਉਹ ਅਚਨਚੇਤੀ ਵਾਪਿਸ ਆਕੇ ਢੱਠੇ ਕੋਲ ਬੈਠ ਗਿਆ ਤੇ ਹੱਥ ਵਿੱਚ ਮਾਲਾ ਫੇਰਨ ਲੱਗ ਪਿਆ, ਨਾਲ ਦੀ ਨਾਲ ਮੂੰਹ ਵਿੱਚੋਂ ਕੁੱਝ ਗੁਣਗੁਣਾ ਵੀ ਰਿਹਾ ਸੀ ਜਿਵੇਂ ਕਿਸੇ ਮੰਤਰ ਦਾ ਜਾਪ ਕਰ ਰਿਹਾ ਹੋਵੇ। ਕੁੱਝ ਕੁ ਮਿੰਟਾਂ ਵਿੱਚ ਵਿਹਲੜ ਕਿਸਮ ਦੇ ਪੰਜ ਚਾਰ ਬੰਦੇ ਹੋਰ ਉੱਥੇ ਆ ਗਏ। ਇੱਕ ਦੋ ਉਹ ਵੀ ਸਨ ਜਿੰਨ੍ਹਾਂ ਨੇ ਢੱਠੇ ਨੂੰ ਹੋਰ ਢੱਠੇ ਨਾਲ ਲੜਦੇ ਤੇ ਜ਼ਖ਼ਮੀ ਹੁੰਦੇ ਦੇਖਿਆ ਸੀ ਤੇ ਉਹ ਜਖਮਾਂ ਦੀ ਤਾਬ ਨਾ ਸਹਿ ਕੇ ਮਰ ਗਿਆ ਸੀ। ਪਰ ਕਿਉਂਕਿ ਮਾਲਾ ਫੇਰਨ ਵਾਲੇ ਨੇ ਭਗਵੇਂ ਕਪੜੇ ਪਾਏ ਹੋਏ ਸਨ ਤੇ ਹੋਰ ਵੀ ਕਈ ਉਤਸੁਕਤਾ ਵੱਸ ਉਧਰ ਆ ਗਏ।

"ਲੈ ਬਈ ਭਗਤੋ ਇਹ ਗਊਮਾਤਾ ਦਾ ਜਾਇਆ ਤਾਂ ਸਮਾਧੀ ਵਿੱਚ ਚਲਾ ਗਿਆ ਹੈ? ਕੱਲ੍ਹ ਤੱਕ ਹੀ ਵਾਪਿਸ ਆਇਗਾ" ਉਸਨੇ ਪਾਸੇ ਖੜ੍ਹੇ ਲੋਕਾਂ ਨੂੰ ਸੁਣਾ ਕੇ ਕਿਹਾ। "ਪਰ ਇਹ ਤਾਂ ਮਹਾਰਾਜ ਮਰ ਚੁੱਕਾ ਹੈ, ਦੂਜੇ ਢੱਠੇ ਨਾਲ ਲੜਦਾ ਸੀ, ਦੇਖੋ ਇਸ ਦੇ ਸਰੀਰ ਵਿੱਚ ਕੋਈ ਹਿੱਲਜੁਲ ਵੀ ਨਹੀਂ ਹੈ" ਕੋਲ ਖੜ੍ਹੇ ਕਿਸੇ ਨੇ ਜੁਆਬ ਦਿੱਤਾ ਸੀ। "ਦੇਖੋ ਇਹ ਗੱਲ ਨਹੀਂ ਹੈ, ਮੈਨੂੰ ਤੁਰੇ ਜਾਂਦੇ ਨੂੰ ਉਪਰੋਂ ਹੁਕਮ ਹੋਇਆ ਹੈ ਕਿ ਰਾਤ ਭਰ ਜਾਗਰਣ ਤੇ ਭਜਨ ਕਰਨ ਨਾਲ ਇਹ ਸਵੇਰ ਤੱਕ ਉੱਠ ਪਵੇਗਾ" ਸੰਤ ਨੁਮਾ ਨੌਜੁਆਨ ਫਿਰ ਆਪਣੀ ਗੱਲ ਤੇ ਅੜਿਆ ਖੜ੍ਹਾ ਸੀ। ਤੇ ਦੇਖਦੇ ਦੇਖਦੇ ਹੋਰ ਭੀੜ ਇਕੱਠੀ ਹੋਣੀ ਸ਼ੁਰੂ ਹੋ ਗਈ। "ਹੇ ਬੇਵਕੂਫ਼ ਲੋਕ, ਮਰੇ ਨੂੰ ਸਮਾਧੀ ਦੱਸੀ ਜਾਂਦੇ ਨੇ, ਪਤਾ ਨਹੀਂ ਸਾਡੇ ਮੁਲਕ ਦੇ ਲੋਕਾਂ ਨੂੰ ਕਦੋਂ ਅਕਲ ਆਵੇਗੀ" ਕੋਲੋ ਲੰਘ ਰਹੇ ਦੋ ਮਾਸਟਰ ਗੱਲਾਂ ਕਰਦੇ ਚਲੇ ਗਏ।



ਗਰੀਬ ਬਸਤੀ 'ਚੋਂ ਔਰਤਾਂ ਨੇ ਆਕੇ ਪਹਿਲਾਂ ਢੱਠੇ ਨੂੰ ਮੱਥਾ ਟੇਕਿਆ ਤੇ ਫੇਰ ਸੰਤ ਨੂੰ। ਸਾਰੇ ਪਾਸੇ ਗੱਲ ਫੈਲ ਗਈ। ਲੋਕ ਧੜਾਧੜ ਆ ਰਹੇ ਸਨ। ਇੱਕ ਟੋਕਰਾ ਮੰਗਾਇਆ ਗਿਆ, ਜਿਸ ਵਿੱਚ ਲੋਕ ਸ਼ਰਧਾ ਨਾਲ ਮੱਥਾ ਟੇਕ ਰਹੇ ਸਨ। ਹਨੇਰਾ ਹੁੰਦੇ ਹੁੰਦੇ ਟੋਕਰਾ ਨੋਟਾਂ ਨਾਲ ਭਰ ਗਿਆ ਸੀ। ਸੰਤ ਜੀ ਹੁਣ ਭਜਨ ਕਰਨ ਲੱਗ ਗਏ ਤੇ ਹੋਰ ਵੀ ਸਾਰੇ ਲੋਕ ਭਜਨ ਵਿੱਚ ਉੱਚੀ-ਉੱਚੀ ਹਿੱਸਾ ਲੈਣ ਲੱਗ ਪਏ। ਢੋਲਕੀ ਤੇ ਚਿਮਟੇ ਵਾਲਿਆਂ ਨੂੰ ਸੱਦਿਆ ਗਿਆ, ਉਹ ਵੀ ਸਰਧਾ ਭਾਵਨਾ ਨਾਲ ਸੰਤਾਂ ਕੋਲ ਆਏ ਸੰਘ ਪਾੜ੍ਹ-ਪਾੜ੍ਹ ਕੇ ਭਜਨ ਕਰਨ ਲੱਗ ਪਏ। ਸਾਰੇ ਉਤਸੁਕ ਸਨ ਕਿ ਸਵੇਰ ਤੱਕ ਢੱਠਾ ਸਮਾਧੀ 'ਚੋਂ ਸੰਤਾਂ ਦੇ ਅਸੀਰਵਾਦ ਨਾਲ ਵਾਪਿਸ ਆ ਜਾਵੇਗਾ। ਇੱਕ ਚਾਦਰ ਤੇ ਆਟਾ, ਦਾਲ, ਘਿਉ ਤੇ ਗੁੜ ਇਕੱਠਾ ਹੋ ਰਿਹਾ ਸੀ ਤੇ ਟੋਕਰਾ ਰੁਪਿਆਂ ਨਾਲ ਭਰ ਰਿਹਾ ਸੀ। ਦੋ ਕੁ ਵਜੇ ਪੂਰੇ ਸੰਘ ਪਾੜ੍ਹਦੇ ਭਜਨ ਤੋਂ ਬਾਅਦ ਸੰਤਾਂ ਨੇ ਸੰਗਤਾਂ ਨੂੰ ਸਿਰਫ਼ ਦੋ ਕੁ ਘੰਟੇ ਆਰਾਮ ਕਰਨ ਦੀ ਸਲਾਹ ਦਿੱਤੀ। ਥੱਕੇ ਹੋਣ ਕਰਕੇ ਸਾਰੇ ਫਟਾਫਟ ਉੱਥੇ ਹੀ ਸੌਂ ਗਏ ਤੇ ਕੁੱਝ ਜਿਨ੍ਹਾਂ ਦੇ ਘਰ ਨੇੜੇ ਸਨ ਉਹ ਚਲੇ ਗਏ।

ਪਹੁ ਫੁੱਟੀ ਤੇ ਲੋਕਾਂ ਨੇ ਦੇਖਿਆ ਕਿ ਸੰਤ ਜੀ ਨੋਟਾਂ ਤੇ ਰਾਸ਼ਨ ਨਾਲ ਗਾਇਬ ਸਨ ਤੇ ਢੱਠੇ ਦਾ ਬੇਹਬਕਤ ਸਰੀਰ ਉਂਵੇ ਹੀ ਪਿਆ ਸੀ।

# ਅੰਗਰੇਜ਼ੀ ਰਾਜ ਵਿੱਚ ਰੋਕੀਆਂ ਗਈਆਂ ਬੁਰੀਆਂ ਪ੍ਰਥਾਵਾਂ

ਓਬੀਸੀ ਸਮਾਜ ਵਿਚ ਜੰਮੇ ਮਹਾਨ ਕ੍ਰਾਂਤੀਕਾਰੀ ਸਮਾਜ ਸੁਧਾਰਕ ਮਹਾਤਮਾ ਜੋਤਿਬਾ ਫੂਲੇ ਨੇ ਕਿਹਾ ਸੀ ਕਿ sc/st/obc/ minority ਦੇ ਅਸਲੀ ਦੁਸ਼ਮਣ ਅੰਗਰੇਜ਼ ਨਹੀਂ ਬ੍ਰਾਹਮਣ ਹਨ ਜਿਹਨਾਂ ਨੇ ਉਹਨਾਂ ਨੂੰ ਸਿੱਖਿਆ ਸਤਾ ਸੰਪਤੀ ਸਮਾਨ ਤੋਂ ਦੂਰ ਰੱਖਕੇ ਹਜ਼ਾਰਾਂ ਸਾਲਾਂ ਤੋਂ ਸ਼ੋਸ਼ਣ ਕੀਤਾ ਹੈ।

ਅੰਤ : ਸ਼ੂਦਰਾਂ ਨੂੰ ਬ੍ਰਾਹਮਣਾਂ ਦੀ ਧਾਰਮਿਕ ਗੁਲਾਮੀ ਤੋਂ ਮੁਕਤੀ ਚਾਹੀਦੀ ਹੈ ਤਾਂ ਬ੍ਰਾਹਮਣਾਂ ਦੁਆਰਾ ਥੋਪੇ ਗਏ ਮੰਨਤਾ, ਪਰੰਪਰਾ ਅਤੇ ਸੰਸਕਾਰਾਂ ਨੂੰ ਨਕਾਰਨਾ ਪਵੇਗਾ।

ਅੰਗ੍ਰੇਜ਼ਾਂ ਨੇ ਕਿੰਨੇ ਪਾਖੰਡਾਂ ਤੇ ਰੋਕ ਲਗਾਉਣ ਵਿੱਚ ਕਾਮਯਾਬੀ ਪਾਈ...

ਇਸਨੂੰ ਪੜ੍ਹੋ

1. ਰੱਥਯਾਤਰਾ: ਯਗਨਾਥ ਵਿੱਚ ਹਰ ਤੀਜੇ ਸਾਲ ਇਹ ਯਾਤਰਾ ਕੱਢੀ ਜਾਂਦੀ ਹੈ ਜਿਸ ਵਿੱਚ ਸਵਰਗ ਪਾਉਣ ਦੇ ਚੱਕਰ ਵਿੱਚ ਰੱਥ ਦੇ ਪਹੀਏ ਦੇ ਥੱਲੇ ਆ ਕੇ ਸੈਕੜੇ ਲੋਕਾਂ ਦੀ ਜਾਨ ਚਲੀ ਜਾਂਦੀ ਸੀ, ਜੋ ਕਿ ਕਾਨੂੰਨ ਬਣਾਕੇ ਬੰਦ ਕੀਤੀ।

2. ਕਾਸੀ ਕਰਬਟ: ਕਾਸੀ ਧਾਮ ਵਿੱਚ ਇਸ਼ਵਰ ਦੀ ਪ੍ਰਾਪਤੀ ਲਈ ਵਿਸ਼ਵੇਸ਼ਵਰ ਦੇ ਮੰਦਿਰ ਦੇ ਕੋਲ ਖੂਹ ਵਿੱਚ ਛਾਲ ਮਾਰਕੇ ਜਾਨ ਦਿੰਦੇ ਸੀ। ਉਹ ਬੰਦ ਕਰਵਾਈ ਗਈ।

3. ਚੱਕਰ ਪੂਜਾ: ਕਾਲੀ ਦੇ ਮੋਕਸ਼ ਪ੍ਰਾਪਤੀ ਦੇ ਇੱਛੁਕ ਦੀ ਰੀਡ ਦੀ ਹੱਡੀ ਵਿੱਚ ਲੋਹੇ ਦੀ ਹੁੱਕ ਫਸਾ ਕੇ ਚਰਖੀ ਵਿੱਚ ਘੁਮਾਇਆ ਜਾਂਦਾ ਹੈ ਜਦੋਂ ਤੱਕ ਉਸਦੇ ਪ੍ਰਾਨ ਨਾ ਨਿੱਕਲ ਜਾਣ। ਇਸ ਨੂੰ 1863 ਵਿੱਚ ਕਾਨੂੰਨ ਬਣਾ ਕੇ ਬੰਦ ਕਰਵਾਇਆ।

4. ਗੰਗਾ ਪ੍ਰਵਾਹ: ਜ਼ਿਆਦਾ ਜੀਵਨ ਗੁਜ਼ਰ ਜਾਣ ਤੋਂ ਬਾਅਦ ਵੀ ਸੰਤਾਨ ਨਾ ਹੋਣ ਕਰਕੇ ਗੰਗਾ ਨੂੰ ਪਹਿਲੀ ਸੰਤਾਨ ਭੇਟ ਕਰਨ ਦੀ ਮਨੌਤੀ ਪੂਰੀ ਹੋਣ ਤੇ ਨਿਸ਼ਠੁਰ



ਹੋ ਕੇ ਜਿਉਂਦੇ ਬੱਚੇ ਨੂੰ ਗੰਗਾ ਵਿੱਚ ਬਹਾ ਦੇਣਾ ਕਿੰਨਾ ਕਠਿਨ ਕੰਮ ਹੈ। 1835 ਵਿੱਚ ਕਾਨੂੰਨ ਬਣਾ ਕੇ ਬੰਦ ਕੀਤਾ।

5. ਨਰਮੇਧ ਯੱਗ: ਰਿੰਗਵੇਦ ਦੇ ਆਧਾਰ ਤੇ ਅਨਾਥ ਜਾਂ ਨਿਰਧਨ ਬੱਚੇ ਦੀ ਯਗ ਵਿੱਚ ਬਲੀ ਚੜ੍ਹਾਉਣ ਦੀ ਪ੍ਰਥਾ ਨੂੰ 1845 ਵਿੱਚ ਐਕਟ 21 ਬਣਾਕੇ ਬੰਦ ਕੀਤਾ ਗਿਆ।

6. ਮਹਾਂ ਪ੍ਰਸਥਾਨ: ਪਾਣੀ ਵਿੱਚ ਡੁੱਬ ਕੇ ਜਾਂ ਅੱਗ 'ਚ ਸੜ੍ਹ ਕੇ ਈਸ਼ਵਰ ਪ੍ਰਾਪਤੀ ਦੀ ਇੱਛਾ ਨਾਲ ਜਾਨ ਦੇਣ ਦੀ ਪ੍ਰਥਾ ਵੀ ਕਾਨੂੰਨ ਬਣਾਕੇ ਬੰਦ ਕੀਤੀ।

7. ਤੁਸ਼ਾਨਲ: ਕਿਸੇ ਪਾਪ ਦੇ ਪ੍ਰਾਸ਼ਚਿਤ ਦੇ ਕਾਰਨ ਘਾਹ ਫੂਸ ਦੀ ਅੱਗ ਵਿੱਚ ਜਲ਼ ਕੇ ਮਰਨ ਦੀ ਪ੍ਰਥਾ ਕਾਨੂੰਨ ਬਣਾਕੇ ਬੰਦ ਕੀਤੀ।

8. ਹਰਿਬੋਲ: ਇਹ ਪ੍ਰਥਾ ਬੰਗਾਲ ਵਿੱਚ ਪ੍ਰਚਲਿਤ ਸੀ। ਮਰਨ ਕਿਨਾਰੇ ਆਦਮੀ ਨੂੰ ਉਦੋਂ ਤੱਕ ਗੋਤੇ ਖਵਾਏ ਜਾਂਦੇ ਸੀ ਜਦੋਂ ਤੱਕ ਉਹ ਮਰ ਨਾ ਜਾਏ ਅਤੇ ਹਰਿਬੋਲ ਦੇ ਨਾਰੇ ਲੱਗਦੇ ਸੀ ਜੇਕਰ ਉਹ ਨਹੀਂ ਮਰਿਆ ਤਾਂ ਵੀ ਉਸ ਨੂੰ ਉਥੇ ਹੀ ਤੜਫ਼ਣ ਲਈ ਛੱਡ ਦਿੰਦੇ ਸੀ, ਉਸ ਨੂੰ ਫਿਰ ਘਰ ਨਹੀਂ ਲਿਆਉਂਦੇ ਸੀ। ਇਸ ਪ੍ਰਥਾ ਨੂੰ ਵੀ 1831 ਈ: ਵਿੱਚ ਕਾਨੂੰਨ ਬਣਾਕੇ ਬੰਦ ਕੀਤਾ।

9. ਨਰ ਬਲੀ: ਆਪਣੇ ਪ੍ਰਮਾਤਮਾ ਦੀ ਪ੍ਰਾਪਤੀ ਤੇ ਆਪਣੇ ਪ੍ਰਮਾਤਮਾ ਨੂੰ ਖੁਸ਼ ਕਰਨ ਦੇ ਲਈ ਮਨੁੱਖ ਦੀ ਸਿੱਧੀ ਬਲੀ ਨੂੰ ਵੀ ਅੰਗ੍ਰੇਜ਼ਾਂ ਨੇ ਬੰਦ ਕੀਤਾ ਪਰ ਇਹ ਪ੍ਰਥਾ ਕਦੇ ਕਦੇ ਅੱਜ ਵੀ ਚੱਲ ਰਹੀ ਹੈ।

10. ਸਤੀ ਪ੍ਰਥਾ: ਪਤੀ ਦੇ ਮਰਨ ਤੋਂ ਬਾਅਦ ਪਤੀ ਦੀ ਚੀਤਾ ਦੇ ਨਾਲ ਜਲ ਕੇ ਮਰਨ ਦੀ ਪ੍ਰਥਾ ਨੂੰ 1841 ਵਿੱਚ ਬੰਦਾ ਕੀਤਾ।

11. ਕੰਨਿਆ ਹੱਤਿਆ: ਉਡੀਸਾ ਅਤੇ ਰਾਜਪੂਤਨਾ ਤੋਂ ਕੂਲੀਨ ਕੰਨਿਆ ਪੈਦਾ ਹੁੰਦੇ ਹੀ ਮਾਰ ਦਿੰਦੇ ਸੀ ਇਸ ਡਰ ਨਾਲ ਕਿ ਇਸਦੇ ਕਾਰਨ ਉਹਨਾਂ ਨੂੰ ਕਿਸੇ ਦਾ ਸੁਹਰਾ ਜਾਂ ਸਾਲਾ ਬਣਨਾ ਪਵੇਗਾ 1870 ਵਿੱਚ ਕਾਨੂੰਨ ਬਣਾਕੇ ਇਸ ਪ੍ਰਥਾ ਨੂੰ ਬੰਦ ਕੀਤਾ।

12. ਭ੍ਰਿਗੁਤਪਨ: ਇਹ ਗਿਰਨਾਰ ਜਾਂ ਸਤਪੁਡਾ ਵਿੱਚ ਪ੍ਰਚਲਿਤ ਸੀ

ਆਪਣੀਆਂ ਮਾਤਾਵਾਂ ਦੀ ਮਨੌਤੀ ਲਈ : ਮਹਾਂਦੇਵ! ਸਾਡੇ ਸੰਤਾਨ ਹੋਈ ਤਾਂ ਅਸੀਂ ਪਹਿਲੀ ਸੰਤਾਨ ਤੁਹਾਨੂੰ ਭੇਟ ਕਰ ਦੇਵਾਂਗੇ ਅਤੇ ਜਿਸ ਤੋਂ ਬਾਅਦ ਨੌਂਜਵਾਨ ਪਹਾੜ ਤੋਂ ਕੁੱਦਕੇ ਜਾਨ ਦੇ ਦਿੰਦੇ ਸਨ ਇਸ ਨੂੰ ਵੀ ਕਾਨੂੰਨ ਬਣਾ ਕੇ ਬੰਦ ਕੀਤਾ। ਇਹ ਸਨ ਕਥਿਤ ਹਿੰਦੂ ਧਰਮ ਦੇ ਬ੍ਰਾਹਮਣਾਂ ਦੁਆਰਾ ਬਣਾਈਆਂ ਗਈਆਂ ਪ੍ਰਥਾਵਾਂ।

**-ਆਕਾਸ਼ ਯਾਧਵ ਅਹਮਦਨਗਰ**

## ਜਨਤਾ ਨੂੰ ਭੁੱਖ ਮਰੀ ਦਾ ਸ਼ਿਕਾਰ ਕਿਉਂ ਬਣਾਇਆ ਹੈ ?

ਜਰਮਨੀ ਦਾ ਤਾਨਾਸਾਹ ਹਿਟਲਰ ਇੱਕ ਦਿਨ ਆਪਣੀ ਪਾਰਟੀ ਮੀਟਿੰਗ ਵਿੱਚ ਮੁਰਗਾ ਲੈ ਕੇ ਪਹੁੰਚਿਆ। ਮੀਟਿੰਗ ਵਿੱਚ ਜਾ ਕੇ ਉਸਨੇ ਮੁਰਗੇ ਦੇ ਇੱਕ ਇੱਕ ਕਰਕੇ ਖੰਭ ਖਿੱਚਣੇ ਸ਼ੁਰੂ ਕਰ ਦਿੱਤੇ ਤਾਂ ਉਸ ਵਿਚੋਂ ਖੂਨ ਨਿਕਲਣਾ ਸੁਰੂ ਹੋ ਗਿਆ। ਮੁਰਗਾ ਤੜਫਦਾ ਰਿਹਾ। ਪਰ ਹਿਟਲਰ ਨੇ ਬਿਨਾਂ ਤਰਸ ਕੀਤੇ ਉਸਦੇ ਸਾਰੇ ਖੰਭ ਖਿੱਚ ਦਿੱਤੇ ਅਤੇ ਉਸਨੂੰ ਨੰਗਾ ਕਰਕੇ ਧਰਤੀ ਉੱਪਰ ਸੁੱਟ ਦਿੱਤਾ ਅਤੇ ਫਿਰ ਆਪਣੀ ਜੇਬ ਵਿੱਚੋ ਕੁਝ ਦਾਣੇ ਕੱਢ ਕੇ ਸੁੱਟੇ ਤਾਂ ਮੁਰਗੇ ਨੇ ਖਾਣੇ ਸੁਰੂ ਕਰ ਦਿੱਤੇ ਅਤੇ ਉਸਦੇ ਪੈਰਾਂ ਕੋਲ ਆ ਕੇ ਬੈਠ ਗਿਆ। ਫਿਰ ਉਸਨੇ ਕੁਝ ਹੋਰ ਦਾਣੇ ਸੁੱਟੇ ਤਾਂ ਮੁਰਗੇ ਨੇ ਉਹ ਵੀ ਖਾ ਲਏ ਅਤੇ ਉਸਦੇ ਮਗਰ ਮਗਰ ਫਿਰਨ ਲੱਗਿਆ ਤਾਂ ਹਿਟਲਰ ਨੇ ਆਪਣੇ ਪਾਰਟੀ ਮੈਂਬਰਾਂ ਨੂੰ ਦੱਸਿਆ ਕਿ ਇਹ ਲੋਕ ਵੀ ਇਸ ਮੁਰਗੇ ਦੀ ਤਰਾਂ ਹੀ ਹਨ ਇਹਨਾਂ ਨੂੰ ਬੇਸਹਾਰਾ ਅਤੇ ਬੇਵਸ ਕਰੋ। ਇਹਨਾਂ ਉੱਪਰ ਅੱਤਿਆਚਾਰ ਕਰੋ, ਇਹਨਾਂ ਨੂੰ ਖੂਬ ਤੜਫਾਉ ਅਤੇ ਏਦਾਂ ਤੜਫਦੇ ਹੀ ਛੱਡ ਦਿਉ। ਜਦੋਂ ਇਹ ਲੋਕ ਬੇਸਹਾਰਾ ਅਤੇ ਬੇਵਸ ਹੋ ਜਾਣਗੇ ਤਾਂ ਇਹਨਾਂ ਨੂੰ ਜਾ ਕੇ ਇੱਕ ਟੁਕੜਾ ਖਾਣ ਲਈ ਦੇ ਦਿਉ ਤਾਂ ਇਸ ਤਰ੍ਹਾਂ ਇਹ ਲੋਕ ਤੁਹਾਡੇ ਅੱਤਿਆਚਾਰਾਂ ਨੂੰ ਭੁੱਲ ਕੇ ਜਿੰਦਗੀ ਭਰ ਲਈ ਤੁਹਾਡੇ ਗੁਲਾਮ ਰਹਿਣਗੇ" ਤੁਹਾਡੀ ਵਾਹ ਵਾਹ ਕਰਨਗੇ,, ਤੁਹਾਨੂੰ ਆਪਣਾ ਹੀਰੋ ਮੰਨਣਗੇ।

ਸਾਇਦ ਅੱਜ ਦੇ ਰਾਜਨੀਤੀਵਾਨਾਂ ਅਤੇ ਲੋਕਾਂ ਵਿੱਚ ਵੀ ਕੁਝ ਅਜਿਹਾ ਹੀ ਹੋ ਰਿਹਾ ਹੈ।